INTERNATIONAL MAGAZINE

RNI No. 61816/95

30/-

ਏਕੋ ਬ੍ਰਹਮੁ ਦੁਤੀਅ ਨਾਸਤਿ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਨਵੰਬਰ 2024



ਧੰਨ ਧੰਨ ਗੁਰੂ ਨਾਨਕ ਸਾਹਿਬ ਜੀ
12 ਸਾਲ ਦੀ ਉਮਰ ਵਿੱਚ
ਸਾਧੂਆਂ ਅਤੇ ਲੋੜਵੰਦਾਂ ਨੂੰ
ਲੰਗਰ ਛਕਾ ਕੇ
ਸੱਚਾ ਸੌਦਾ ਕਰ ਰਹੇ ਹਨ।

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥



ਸਾਰੀ ਲੁਕਾਈ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦੇ ਮੂਲ ਸਿਧਾਂਤਾਂ ਨੂੰ ਸਮਝਦਿਆਂ ਸ਼ਬਦ ਗੁਰੂ ਨਾਲ ਜੁੜ ਕੇ ਆਪਣੇ ਮੂਲ ਨੂੰ ਪਛਾਣ ਸਕੇ। ਗੁਰਮਤਿ ਦੇ ਮਹਾਨ ਸਿਧਾਂਤ "ਆਪਿ ਜਪਹੁ ਅਵਰਹ ਨਾਮੁ ਜਪਾਵਹੁ" ਦੀ ਚਾਲੀ 'ਤੇ ਚਲਦਿਆਂ ਆਪ ਗੁਰਮਤਿ ਦੇ ਧਾਰਨੀ ਹੋਈਏ। ਗੁਰਮਤਿ ਦੇ ਪ੍ਰਚਾਰ ਪ੍ਰਸਾਰ ਹਿਤ ਨਿਰੰਤਰ ਯਤਨਸ਼ੀਲ ਰਹਿ ਕੇ, ਆਤਮਿਕ ਸ਼ਾਂਤੀ ਦੀ ਜੀਵਨ ਜੁਗਤ ਨੂੰ ਅਪਣਾਉਂਦੇ ਹੋਏ "ਸਭੇ ਸਾਝੀਵਾਲ ਸਦਾਇਨਿ" ਅਤੇ "ਸਭਸੇ ਲਏ ਮਿਲਾਏ ਜੀਉ" ਦੇ ਟੀਚੇ ਨੂੰ ਪ੍ਰਾਪਤ ਕਰ ਸਕੀਏ, ਇਹੋ ਇਸ ਸਮਾਗਮ ਦਾ ਮੁੱਖ ਮੰਤਵ ਹੈ।

ਆਇ! ਦੀਦਾਰੇ ਬਖਸ਼ੋ ਜੀ!



ਬਾਬਾ ਲਖਬੀਰ ਸਿੰਘ ਜੀ
ਮੌਜੂਦਾ ਮੁਖੀ- ਟਰੱਸਟ ਰਤਵਾੜਾ ਸਾਹਿਬ

## ਰਤਵਾੜਾ ਸਾਹਿਬ ਵਿਖੇ ਚੱਲ ਰਹੇ ਵਿੱਦਿਅਕ ਅਦਾਰੇ ਅਤੇ ਲੋਕ ਭਲਾਈ ਦੇ ਕਾਰਜ

★ ਆਤਮ ਮਾਰਗ ਮੈਗਜ਼ੀਨ ★ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀ. ਸੈ. ਸਕੂਲ ★ ਮਾਤਾ ਸਾਹਿਬ ਕੌਰ ਸਿਲਾਈ ਸੈਂਟਰ ★ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀ. ਸੈ. ਸਕੂਲ ★ ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ ★ ਬੀ.ਐੱਡ ਕਾਲਜ ਅਤੇ ਨਰਸਿੰਗ ਕਾਲਜ ★ ਬਿਰਧ ਆਸ਼ਰਮ

**ਹੋਰ ਵਿਸ਼ੇਸ਼ :-** (1) ਟਰੱਸਟ ਦੇ ਵਿੱਦਿਅਕ ਅਦਾਰਿਆਂ ਦੇ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ। (2) ਗੱਤਕੇ ਦੀਆਂ ਟੀਮਾਂ ਆਪਣੇ ਜੌਹਰ ਦਿਖਾਉਣਗੀਆਂ। (3) ਰਿਹਾਇਸ਼ ਦੇ ਵਿਸ਼ੇਸ਼ ਪ੍ਰਬੰਧ ਹੋਣਗੇ। (4) ਟਰਾਂਸਪੋਰਟ/ਸਵਾਰੀ ਲਈ ਸੰਪਰਕ – 98155-94315, 95305-12823

ਰਤਵਾੜਾ ਸਾਹਿਬ, ਡਾਕਖਾਨਾ: ਮੁੱਲਾਂਪੁਰ ਗਰੀਬਦਾਸ, ਤਹਿ: ਖਰੜ
ਜ਼ਿਲ੍ਹਾ: ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਨਿਊ ਚੰਡੀਗੜ੍ਹ
ਫੋਨ : 96461-01996, 98551-32009, 94172-14378, 98889-10777, 98146-12900

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ

ਸਮੂਹ ਸ਼ਹੀਦਾਂ ਦੀ ਯਾਦ

ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ

ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ

ਨਿੱਘੀ ਯਾਦ ਵਿੱਚ

# ਮਹਾਨ ਗੁਰਮਤਿ ਰੂਹਾਨੀ ਸਮਾਗਮ




ਗੁ: ਈਸ਼ਰ ਪ੍ਰਕਾਸ਼
**ਰਤਵਾੜਾ ਸਾਹਿਬ**
ਨਿਊ ਚੰਡੀਗੜ੍ਹ

**30-31 ਅਕਤੂਬਰ**
**1-2 ਨਵੰਬਰ 2024**

ਪ੍ਰਾਰਥਕ : ਬਾਬਾ ਲਖਬੀਰ ਸਿੰਘ ਜੀ, ਮੌਜੂਦਾ ਮੁਖੀ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

# ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਨਵੰਬਰ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਤਾਂ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 84378-12900, 94172-14391, 94172-14379

**Email :atammarg1@yahoo.co.in**


Registration Under Foreign Contribution (Regulation) Act 1976 R. No. 115320023



**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

**Please visit us on internet at :-**

**For Atam Marg Email : atammarg1@yahoo.co.in,**

**Website & Live video -**

www.ratwarasahib.org
www.ratwarasahib.com
www.vgrmct.org
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**

**95694-55861, 98147-12900**

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (C.B.S.E.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.S.E.B.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


1. ਸੰਪਾਦਕੀ 5
*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 8
*ਭਾਈ (ਡਾ.) ਸੁਖਵਿੰਦਰ ਸਿੰਘ*

3. ਸ੍ਰੀ ਗੁਰੂ ਨਾਨਕ ਦੇਵ ਜੀ 11
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਗੁਰਬਾਣੀ ਅਰਥ ਭੰਡਾਰ 27
*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

5. ਪਿਆਰ ਦੇ ਸਾਗਰ, ਪਿਆਰੇ ਮਹਾਂਪੁਰਸ਼
ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ 29
*ਭਾਈ (ਡਾ.) ਸੁਖਵਿੰਦਰ ਸਿੰਘ*

6. ਚਉਥੈ ਪਹਰਿ ਸਬਾਹ ਕੈ 47
ਸੁਰਤਿਆ ਉਪਜੈ ਚਾਉ
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

7. ਧੁਰ ਕੀ ਬਾਣੀ ਆਈ॥ 51
ਤਿਨਿ ਸਗਲੀ ਚਿੰਤ ਮਿਟਾਈ॥
*ਸੰਤ ਬਾਬਾ ਹਰਪਾਲ ਸਿੰਘ ਜੀ*

8. ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ 55
*ਡਾ. ਜਗਜੀਤ ਸਿੰਘ*

9. ਸ਼ਹੀਦ ਬਾਬਾ ਦੀਪ ਸਿੰਘ ਜੀ 58
*ਡਾ. ਰੂਪ ਸਿੰਘ*

10. ਜੀਵਨ ਭਗਤ ਨਾਮਦੇਵ ਜੀ 60
*ਗਿਆਨੀ ਪ੍ਰਤਾਪ ਸਿੰਘ*

11. ਸਮਾਗਮ ਸਮੇਂ ਸਵਾਰੀਆਂ ਲਈ
ਜ਼ਿੰਮੇਵਾਰ ਪ੍ਰੇਮੀਆਂ ਦੇ ਨਾਮ ਅਤੇ ਸੰਪਰਕ ਨੰਬਰ 63

12. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 64
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

## ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੱਤਾ ਗੱਦੀ ਪੁਰਬ ਨੂੰ ਸਮਰਪਿਤ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਸਬਦੁ ਗੁਰੂ ਸੁਰਤਿ ਧੁਨਿ ਚੇਲਾ ਅੰਗ – ੯੪੩

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਦੇ ਦਸ ਜਾਮਿਆਂ ਦਾ ਸਫਰ ਲਗਭੱਗ 239 ਸਾਲਾਂ ਦਾ ਹੈ। ਇਸ ਜੋਤਿ ਦੇ ਗਿਆਰ੍ਹਵੇਂ ਸਰੂਪ (ਸ਼ਬਦ) ਦਾ ਸਫ਼ਰ ਜੁਗੋ ਜੁਗ ਅਟੱਲ ਹੈ ਕਿਉਂਕਿ ਉਹ ਸ਼ਬਦ ਸਰੂਪ ਹੈ। ਸ਼ਬਦ ਸਰੂਪ ਸਦੀਵੀ ਹੈ। ਕਾਲ ਤੋਂ ਪਰ੍ਹੇ ਅਕਾਲ ਰੂਪ ਹੈ। ਇਹ ਸ਼ਬਦ ਹੀ ਕ੍ਰੋੜਾਂ ਬ੍ਰਹਿਮੰਡਾਂ ਦਾ ਅਧਾਰ ਹੈ। ਭਾਵ–

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* ਅੰਗ – ੨੮੪

*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥*
*ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥*
ਅੰਗ – ੪੬੯

ਇਸ ਨਿਰੰਕਾਰੀ ਜੋਤਿ ਨੇ ਪਹਿਲਾ ਸਰੂਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਧਾਰਨ ਕੀਤਾ। ਸਮਾਂ 1469 ਈ. ਦਾ ਹੈ। ***'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥'*** ਅਰਥਾਤ 'ਆਦਿ ਨਿਰੰਜਨ ਹੈ ਗੁਰੂ ਨਾਨਕ, ਧਾਰਿ ਕੈ ਮੂਰਤਿ ਹੈ ਜਗ ਆਇਓ'। ਉਸ ਵੇਲੇ ਧਰਮ ਦੇ ਚਾਰੇ ਪੈਰ ਖਿਸਕ ਚੁਕੇ ਸਨ, ਸਾਰੇ ਪਾਸੇ ਹਾਹਾਕਾਰ ਮਚ ਗਈ ਸੀ। ਪ੍ਰਮੇਸ਼ਰ ਨੂੰ ਭੁੱਲ ਕੇ ਲੋਕਾਈ ਵਹਿਮਾਂ ਭਰਮਾਂ ਦੀ ਸ਼ਿਕਾਰ ਹੋ ਚੁਕੀ ਸੀ। ਐਸੇ ਵਿਸ਼ਵਾਸ਼ ਪਰਪੱਕ ਹੋ ਚੁਕੇ ਸਨ ਕਿ ***'ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥ (ਅੰਗ–1349***) ਪ੍ਰਮਾਤਮਾ ਦੇ ਰਹਿਣ ਦੇ ਪੱਕੇ ਥਾਂ ਨਿਸਚਤ ਕਰ ਦਿਤੇ ਗਏ ਸਨ –

*ਸਭ ਅਪਨੀ ਅਪਨੀ ਉਰਝਾਨਾ॥*
*ਪਾਰਬ੍ਰਹਮ ਕਾਹੂ ਨ ਪਛਾਨਾ॥* ਪਾਤਸ਼ਾਹੀ ੧੦

ਕਰਤਾਰ ਨੂੰ ਛੱਡ ਕੇ ਕਰਤੇ ਦੀ ਕਿਰਤ ਵਿਚ ਖਲਕਤ ਲੁਭਾਇਮਾਨ ਹੋ ਚੁਕੀ ਸੀ। ਰੂਪ, ਰੰਗ, ਨਸਲ, ਜਾਤ–ਪਾਤ, ਛੂਤ–ਛਾਤ ਦਾ ਬੋਲਬਾਲਾ ਵਧ ਚੁੱਕਾ ਸੀ। ਰਾਜਾ, ਪਰਜਾ, ਤੀਰਥ, ਸਾਧੂ, ਵਿਦਵਾਨ ਸਭ ਭ੍ਰਿਸ਼ਟ ਹੋ ਚੁਕੇ ਸਨ। ਰਾਜੇ ਆਪਣਾ ਧਰਮ ਗੁਆ ਚੁਕੇ ਸਨ –

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*
ਅੰਗ – ੧੪੫

ਅਰਥਾਤ –

*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।*
*ਭਾਈ ਗੁਰਦਾਸ ਜੀ*

*ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥*
ਅੰਗ – ੧੨੮੮

ਐਸੀ ਮਨੋਦਸ਼ਾ ਹੈ ਕਿ ਰਾਜਾ ਜੇਕਰ ਕਿਸੇ ਬਾਗ ਵਿਚੋਂ ਇਕ ਫਲ ਤੋੜਦਾ ਹੈ ਤਾਂ ਉਸ ਦੇ ਅਹਿਲਕਾਰ ਬਾਗ ਹੀ ਪੁੱਟ ਕੇ ਲੈ ਜਾਂਦੇ ਹਨ। ਐਸੀ ਹਾਲਤ ਉਸ ਸਮੇਂ ਦੇ ਰਾਜਿਆਂ ਅਤੇ ਅਹਿਲਕਾਰਾਂ ਦੀ ਹੋ ਚੁਕੀ ਸੀ। ਭਾਵ ਧਰਮ ਦੇ ਚਾਰੋਂ ਪੈਰ ਲੜਖੜਾ ਰਹੇ ਸਨ। ਉਸ ਵੇਲੇ ਪ੍ਰਮੇਸ਼ਰ ਨੇ ਸਰਗੁਣ ਸਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਧਾਰਿਆ। ਸਤਿਗੁਰ ਦਾ ਨਿਰਗੁਣ ਰੂਪ ਪ੍ਰਮੇਸ਼ਰ ਹੈ ਤੇ ਪ੍ਰਮੇਸ਼ਰ ਦਾ ਸਰਗੁਣ ਸਰੂਪ ਸਤਿਗੁਰੂ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ –

*ਸਤਿਗੁਰ ਨਾਨਕ ਪ੍ਰਗਟਿਆ*
*ਮਿਟੀ ਧੁੰਧੁ ਜਗਿ ਚਾਨਣੁ ਹੋਆ।*

ਮਾੜੀਆਂ ਅਲਾਮਤਾਂ ਦੀ ਧੁੰਦ ਨੇ ਸਾਰਾ ਵਾਤਾਵਰਣ ਧੁੰਦਲਾ ਕਰ ਦਿਤਾ ਸੀ। ਉਸ ਵੇਲੇ ਆਪ ਪ੍ਰਮੇਸ਼ਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਰੂਪ ਵਿਚ ਪ੍ਰਗਟ ਹੋਏ। ਉਸ ਸਮੇਂ ਲੋਕਾਈ ਦੀ ਹਾਲਤ ਕਿਹੋ ਜਿਹੀ ਸੀ? –

*ਬਾਬਾ ਦੇਖੈ ਧਿਆਨ ਧਰਿ*
*ਜਲਤੀ ਸਭਿ ਪ੍ਰਿਥਵੀ ਦਿਸਿ ਆਈ। ਭਾਈ ਗੁਰਦਾਸ ਜੀ*

ਜਲ ਬਲ ਰਹੀ ਸੀ ਮਾਨਵਤਾ। ਗੁਰੂ ਤੋਂ ਬਗੈਰ ਹਨੇ੍ਰਾ ਛਾਇਆ ਹੋਇਆ ਸੀ –

*ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥*

*ਅੰਗ - ੫੫*

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।*

ਸਮਰੱਥ ਗੁਰੂ ਤੋਂ ਬਗੈਰ ਮਾਨਵਤਾ ਕੁਰਲਾ ਰਹੀ ਸੀ -

*ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥*
*ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥*

*ਅੰਗ - ੧੩੯੯*

ਉਸ ਵੇਲੇ ਸੱਚੇ ਪਾਤਸ਼ਾਹ ਨੇ ਪ੍ਰਮੇਸ਼ਰ ਦੀ ਹੋਂਦ ਦਾ ਅਹਿਸਾਸ ਕਰਵਾਇਆ। ਦਸ ਦਿਤਾ ਉਹ ਪ੍ਰਮੇਸ਼ਰ ਵਾਹਿਗੁਰੂ -

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

ਹੈ। ਪਰ ਮਿਲਾਪ ਗੁਰੂ ਕ੍ਰਿਪਾ ਨਾਲ ਹੀ ਸੰਭਵ ਹੈ-

***'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ'*** ਹੈ।

ਪ੍ਰਮੇਸ਼ਰ ਦੇ ਸਰੂਪ ਦੀ ਲੱਖਤਾ ਕਰਵਾਈ। ਮਜ਼੍ਹਬ/ਧਰਮਾਂ ਦੇ ਪੀਰਾਂ, ਫਕੀਰਾਂ, ਪੈਗੰਬਰਾਂ, ਰਿਸ਼ੀਆਂ-ਮੁਨੀਆਂ ਨੂੰ ਸਿੱਧੇ ਰਸਤੇ ਪਾਇਆ। ਰੁਕਿਆਂ ਹੋਇਆਂ ਨੂੰ ਅੱਗੇ ਤੋਰਿਆ। ਨਿਵੇਕਲੇ ਸਿਧਾਂਤਾਂ ਤੇ ਸੰਸਥਾਵਾਂ ਦੀ ਆਰੰਭਤਾ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਪਹਿਲੀ ਵਾਰ ਹੋਈ ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਪੰਗਤ, ਸੰਗਤ, ਸੇਵਾ-ਸਿਮਰਨ ਤੇ ਸਵੈਮਾਨਤਾ, ਬਰਾਬਰੀ ਨਾਮ ਬਾਣੀ ਦੀ ਦ੍ਰਿੜ੍ਹਤਾ ਸੀ। ਨਾਮ-ਬਾਣੀ ਵਾਲੀ ਚੜ੍ਹਦੀ ਕਲਾ ਦੀ ਜੀਵਨ ਜੁਗਤ ਸੀ। ਉਹ ਜੀਵਨ ਜੁਗਤਿ ਹੈ -

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*

*ਅੰਗ - ੫੨੨*

ਉਸ ਪ੍ਰਮੇਸ਼ਰ ਦੀ ਹੋਂਦ ਦਾ ਅਹਿਸਾਸ ਕਰਵਾ ਉਸ ਵਰਗਾ ਹੀ ਮਨੁੱਖ ਨੂੰ ਬਣਾ ਦਿਤਾ। ਭਾਵ 'ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹੌਂ ਕਰਹੁੰ ਨਿਵਾਸ।' ਅਰਥਾਤ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭*

ਦੀ ਅਵਸਥਾ ਦੇ ਧਾਰਨੀ ਬਣਾ ਦਿਤਾ। ਚਾਰ ਵਰਨ, ਚਹੁੰ ਆਸ਼ਰਮਾਂ ਵਿਚ ਖੰਡਿਤ ਮਨੁੱਖ ਨੂੰ ਇਕ ਸੰਗਤ-ਪੰਗਤ ਦੀ ਲੜੀ ਵਿਚ ਪਰੋ ਦਿਤਾ। ਐਸਾ ਸਿਧਾਂਤ ਪ੍ਰਗਟ ਕੀਤਾ ਕਿ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।'

*ਭਾਵ - ਨਾਨਕ ਕੈ ਘਰਿ ਕੇਵਲ ਨਾਮੁ॥ ਅੰਗ - ੧੧੩੬*

ਇਸ ਘਰ ਵਿਚ ਨਾਮ-ਬਾਣੀ ਦੀਆਂ ਹੀ ਬਰਕਤਾਂ ਹਨ। ਸਿੱਧਾਂ ਦੇ ਪੁੱਛਣ 'ਤੇ ਦਸ ਦਿਤਾ -

ਪ੍ਰਸ਼ਨ - *ਕਿਸੁ ਵਖਰ ਕੇ ਤੁਮ ਵਣਜਾਰੇ ॥*
*ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥*

*ਅੰਗ - ੯੩੯*

ਉੱਤਰ - *ਸਾਚ ਵਖਰ ਕੇ ਹਮ ਵਣਜਾਰੇ ॥*
*ਨਾਨਕ ਗੁਰਮੁਖਿ ਉਤਰਸਿ ਪਾਰੇ ॥*

ਪ੍ਰਸ਼ਨ - *ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥*
*ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥*

ਉੱਤਰ - *ਗੁਰਮੁਖਿ ਖੋਜਤ ਭਏ ਉਦਾਸੀ ॥*
*ਦਰਸਨ ਕੈ ਤਾਈ ਭੇਖ ਨਿਵਾਸੀ ॥*

ਐਸੇ ਸਿਧਾਂਤ ਪ੍ਰਗਟ ਕੀਤੇ ਜੋ ਸਦੀਵੀ ਅਮਰ ਹੋ ਨਿਬੜੇ। ਇਨ੍ਹਾਂ ਸਿਧਾਂਤਾਂ ਤੇ ਸੰਸਥਾਵਾਂ ਦੀ ਨੀਂਹ ਸ੍ਰੀ ਗੁਰੂ ਨਾਨਕ ਸਾਹਿਬ ਵਲੋਂ ਰਖ ਦਿਤੀ ਗਈ। ਦਸਾਂ ਜਾਮਿਆਂ ਵਿਚ ਇਨ੍ਹਾਂ ਸਿਧਾਂਤਾਂ ਦੀ ਪੂਰਨਤਾ ਹੁੰਦੀ ਨਜ਼ਰ ਆਈ। ਪਿਛਲੇ ਜਾਮਿਆਂ ਦੇ ਚਲਾਏ ਸਿਧਾਂਤ ਕਾਇਮ ਰਹੇ, ਕੁਝ ਹੋਰ ਸਿਧਾਤਾਂ ਦਾ ਵਾਧਾ ਹੁੰਦਾ ਗਿਆ। ਪਹਿਲੇ ਸਰੂਪ ਵਿਚ ਹੋਰ ਸਿਧਾਂਤਾਂ ਦੇ ਨਾਲ-ਨਾਲ ਵਿਸ਼ੇਸ਼ ਤੌਰ 'ਤੇ ਲੰਗਰ-ਪੰਗਤ, ਦੂਸਰੇ ਸਰੂਪ ਵਿਚ ਹੁਕਮ ਦੀ ਪਾਲਣਾ, ਤੀਸਰੇ ਸਰੂਪ ਵਿਚ ਸੇਵਾ-ਸਿਮਰਨ, ਚੌਥੇ ਸਰੂਪ ਵਿਚ ਕੇਂਦਰੀ ਅਸਥਾਨ ਦੀ ਸਥਾਪਨਾ, ਪੰਜਵੇਂ ਸਰੂਪ 'ਚ ਭਾਣਾ ਮੰਨਣ ਦਾ ਉਪਦੇਸ਼, ਸ਼ਾਂਤਮਈ ਸ਼ਹੀਦੀ ਅਤੇ ਆਦਿ ਗ੍ਰੰਥ ਦੀ ਸੰਪਾਦਨਾ ਹੋਈ। ***'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।' (ਅੰਗ-੧੮੬)*** ਦੀ ਰੂਪਮਾਨਤਾ ਹੋਈ। ਛੇਵੇਂ ਸਰੂਪ ਵਿਚ ਮੀਰੀ-ਪੀਰੀ ਦਾ ਸਿਧਾਂਤ, ਸੱਤਵੇਂ ਜਾਮੇ ਵਿਚ ਕੋਮਲ ਹਿਰਦਾ, ਅੱਠਵੇਂ ਜਾਮੇ ਵਿਚ ਦੁਖਾਂ ਦੀ ਨਵਿਰਤੀ, ਨੌਵੇਂ ਜਾਮੇ ਵਿਚ ***'ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂ ਮਹਿ ਸਾਕਾ।'*** ਭਾਵ ਮਨੁੱਖੀ ਅਧਿਕਾਰਾਂ ਦੀ ਰੱਖਿਅਕ ਦੇ ਤੌਰ 'ਤੇ ਤਿਲਕ ਜੰਞੂ ਦੀ ਰਾਖੀ ਲਈ ਸ਼ਹੀਦੀ ਦਿਤੀ। ਦਸਵੇਂ ਜਾਮੇ ਵਿਚ ***'ਦੇਹ ਸਿਵਾ ਬਰ ਮਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ' 'ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ***

***ਉਪਾਰਨ॥'*** ਤੇ ***'ਖ਼ਾਲਸਾ ਮੇਰੋ ਰੂਪ ਹੈ ਖ਼ਾਸ॥' ਖ਼ਾਲਸੇ ਮਹਿ ਹਉ ਕਰਹੁੰ ਨਿਵਾਸ।' 'ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਉ।'***

ਸਰਬੰਸਦਾਨੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 'ਪੂਰੀ ਹੋਈ ਕਰਾਮਾਤਿ' ਵਾਲਾ ਸਮਾਂ ਆ ਚੁੱਕਾ ਸੀ। ਇਕ ਪੂਰਨ ਮਨੁੱਖ ਦੀ ਘਾੜਤ ਦਾ ਨਕਸ਼ਾ ਤਿਆਰ ਹੋ ਕੇ ਇਕ ਮਹਿਲ ਉਸਰ ਚੁੱਕਾ ਸੀ। 1699 ਈ. ਦੀ ਵਿਸਾਖੀ ਨੂੰ ਖ਼ਾਲਸਾ ਆਦਰਸ਼ ਪੈਦਾ ਹੋਇਆ ਜੋ ਸਾਰਿਆਂ ਦਾ ਸਾਂਝਾ, ਆਪਣਾ ਪਿਆਰਾ ਆਦਰਸ਼ ਸੀ। ਜਿਸ ਵਾਸਤੇ, ***'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' (ਅੰਗ-੯੭)*** ਦਾ ਬੋਲਬਾਲਾ ਸੀ। 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਨਾਹਰੇ ਬੁਲੰਦ ਹੋਏ। ਹੁਣ ਸਮਾਂ ਆ ਗਿਆ ਸੀ ਕਿ ਸ਼ਬਦ ਨੂੰ ਸਦੀਵੀ ਤੌਰ 'ਤੇ ਗੁਰੱਤਾ ਪ੍ਰਦਾਨ ਕਰਨ ਦਾ। ਇਸ ਕਾਰਜ ਨੂੰ ਸੰਪੂਰਨਤਾ ਬਖਸ਼ੀ ੧੭੦੮ ਈ. ਵਿਚ। ਨਾਹਰਾ ਬੁਲੰਦ ਹੋਇਆ -

*ਆਗਿਆ ਭਈ ਅਕਾਲ ਕੀ,*
*ਤਬੈ ਚਲਾਇਓ ਪੰਥ।*
*ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ।*

ਸਦੀਵੀ ਤੌਰ 'ਤੇ ਅਮਰ, ਅਟੱਲ, ਸ਼ਬਦ ਗੁਰੂ ਦੇ ਲੜ ਲਾ ਕੇ ਆਪ ਜੀ ਜੋਤੀ ਜੋਤਿ ਸਮਾ ਗਏ। ਸਰੀਰ, ਪੰਥ ਵਿਚ ਤੇ ਆਤਮਾ ਗ੍ਰੰਥ ਵਿਚ ਦਾ ਸਿਧਾਂਤ ਦ੍ਰਿੜ੍ਹ ਕਰਵਾਇਆ। ਉਸ ਤੋਂ ਬਾਅਦ ਗੁਰੂ ਦੀ ਨਿਰੰਤਰਤਾ ਨੂੰ ਵਿਸ਼ਰਾਮ ਲੱਗਾ ਤੇ ਸਦੀਵੀ ਤੌਰ 'ਤੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੱਤਾ ਗੱਦੀ 'ਤੇ ਸੁਭਾਇਮਾਨ ਹੋਏ। ਹੁਣ ਪਰੰਪਰਾ ਹੈ, ਸਤਿਕਾਰ ਹੈ ਕਿ ਚੌਰ ਸਾਹਿਬ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਹੀ ਹੋ ਸਕਦਾ ਹੈ ਕਿਸੇ ਹੋਰ ਸਰੀਰਧਾਰੀ ਮਨੁੱਖ 'ਤੇ ਨਹੀਂ। ਉੱਚੇ ਥੜ੍ਹੇ 'ਤੇ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਬਿਰਾਜਮਾਨ ਹੋ ਸਕਦੇ ਹਨ। ਸ੍ਰੀ ਗੁਰੂ ਨਾਨਕ ਦੇ ਘਰ ਵਿਚ ਭਾਵੇਂ ਅਨੇਕਾਂ ਰੱਬੀ ਰੂਹਾਂ, ਸੰਤ ਮਹਾਂਪੁਰਸ਼ ਸਤਿਕਾਰ ਦੇ ਪਾਤਰ ਹੋਏ ਹਨ ਪਰ ਜੋ ਸਥਾਨ ਅਤੇ ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ, ਉਹ ਹੋਰ ਕਿਸੇ ਦਾ ਨਹੀਂ ਹੋ ਸਕਦਾ। ਭਾਈ ਨੰਦ ਲਾਲ ਦੇ ਬਚਨਾਂ ਅਨੁਸਾਰ -

*ਤੀਨ ਰੂਪ ਹੈ ਮੋਹਿ ਕੇ ਸੁਨੋ ਨੰਦ ਚਿਤ ਲਾਇ।*
*ਨਿਰਗੁਣ ਸਰਗੁਣ ਗੁਰ ਸ਼ਬਦ, ਕਹੌਂ ਤੋਹਿ ਸਮਝਾਇ।*

ਐਸੀ ਬਖਸ਼ਿਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਵਿਚ ਹੋਈ। ਹੋ ਗਿਆ ਸਦੀਵੀ ਪ੍ਰਗਟ ਸਿਧਾਂਤ ਕਿ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥* *ਅੰਗ - ੯੮੨*

ਇਕ ਐਸੇ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਦੇ ਰੂਪ ਵਿਚ ਪ੍ਰਗਟ ਹੋਇ ਜੋ ਇਸ ਦੇ ਰਚਨਹਾਰਿਆਂ ਨੇ ਖੁਦ ਆਪ ਸੰਪਾਦਨ ਕੀਤੇ। ਜੁਗਾਂ-ਜੁਗਾਂ ਦੇ ਇਤਿਹਾਸ ਇਸ ਵਿਚ ਸਮੋਏ ਹੋਏ ਹਨ। ਲੋਕ ਦੀ ਜੀਵਨ ਜੁਗਤਿ ਨਾਲ ਪ੍ਰਲੋਕ ਦਾ ਸੁਹੇਲਾ ਕਰਨਾ ਇਸ ਦੀ ਪ੍ਰਮੁੱਖਤਾ ਹੈ। ਜਿਉਂਦੇ ਜੀਅ ਮੁਕਤੀ ਦੇ ਦਰਵਾਜ਼ੇ ਖੋਲ੍ਹਦਾ ਹੈ।

***'ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ'*** ਅਤੇ ***'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥' (ਅੰਗ-੮੪੬)*** ਇਸ ਦਾ ਪ੍ਰਮੁੱਖ ਸੰਦੇਸ਼ ਹੈ। ਆਉ! ਲੜ ਲੱਗੀਏ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ। ਬਣਾਈਏ ਸ਼ਬਦ ਨੂੰ ਗੁਰੂ ਤੇ ਸੁਰਤਿ ਨੂੰ ਚੇਲਾ, ਤਾਂ ਜੋ 'ਸ਼ਬਦ ਗੁਰੂ ਸੁਰਤਿ ਧੁਨ ਚੇਲਾ' ਦੇ ਸਿਧਾਂਤ ਦੀ ਰੂਪਮਾਨਤਾ ਹੋ ਸਕੇ।

ਅੱਜ ਸਮੁੱਚੀ ਮਾਨਵਤਾ ਨੂੰ ਸ਼ਾਂਤੀ ਪ੍ਰਦਾਨ ਕਰਨ ਦੇ ਸਮਰੱਥ ਹਨ ਤੇ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ। ਲੋੜ ਹੈ ਇਸ ਦੇ ਸਮੁੱਚੇ ਸਿਧਾਂਤਾਂ ਨੂੰ ਜੀਵਨ ਅੰਦਰ ਕਮਾਉਣ ਤੇ ਹਢਾਉਣ ਦੀ। ਸੱਚੇ ਪਾਤਸ਼ਾਹ ਰਹਿਮਤ ਕਰਨ ਤੇ ਵਾਹਿਗੁਰੂ ਅੱਗੇ ਅਰਦਾਸ ਹੈ -

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਅੰਗ - ੮੫੩*

ਅਤੇ

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*ਅੰਗ - ੧੩੪੯*

ਭੁਲਾਂ ਚੁਕਾਂ ਦੀ ਖਿਮਾ।

# ਮੰਘਿਰਿ
# ਸੰਗਰਾਂਦ - ਨਵੰਬਰ 16 (ਦਿਨ ਸਨਿੱਚਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥**
**ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥**
**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥**
**ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥**
**ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥**
**ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥**
**ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥**
**ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥**

*ਅੰਗ- ੧੩੫*

ਸਮੁੱਚੇ ਬਾਰਹ ਮਾਹਾ ਵਿਚ ਮਹੀਨਿਆਂ ਦੇ ਨਾਮ ਕੇਵਲ ਪ੍ਰਤੀਕ ਹਨ। ਵਿਚਾਰ ਆਤਮਿਕ ਅਵਸਥਾ ਦੀਆਂ ਭਾਵਨਾਵਾਂ ਦੀ ਹੈ। ਅਸੁਨਿ - ਕਤਿਕਿ ਵਿਚ ਉਪਰਾਲੇ ਕੀਤੇ ਗਏ ਹਨ ਕਿ ਸਰਦ ਰੁੱਤ ਆਵੇ। ਜਿਵੇਂ ਭਾਦੁਇ ਦਾ ਸ਼ਬਦ ਅਰਥ ਜੋੜ ਭਾ+ਦੁਇ ਹੈ। ਭਾਵ ਦੂਜੇ ਭਾਵ ਵਿਚ ਵਿਚਰਨਾ। ਦਵੈਸ਼ ਭਾਵ ਬਣਿਆ ਰਹਿਣਾ। ਇਹ ਦਵੈਸ਼ ਵਾਤਾਵਰਨ ਵਿਚ ਵਰਤਦਾ ਹੈ ਤੇ ਜੀਵ ਦੀ ਅੰਦਰੂਨੀ ਆਤਮਿਕ ਅਵਸਥਾ ਵਿਚ ਵੀ। ਵਾਤਾਵਰਣ ਦੇ ਤੌਰ 'ਤੇ ਇਕ ਪਾਸੇ ਬਾਰਿਸ਼ ਪੈਂਦੀ ਹੈ ਦੂਜੇ ਪਾਸੇ ਹੁੰਮਸ ਹੁੰਦੀ ਹੈ। ਇਕ ਪਾਸੇ ਮੋਰ ਬੋਲਦੇ ਹਨ ਤੇ ਦੂਜੇ ਪਾਸੇ ਸੱਪ ਡੱਸ ਰਹੇ ਹਨ। ਇਕ ਪਾਸੇ ਤਲਾਬ ਪਾਣੀ ਨਾਲ ਭਰੇ ਹਨ ਤੇ ਦੂਜੇ ਪਾਸੇ ਮੱਛਰ ਵੀ ਪ੍ਰੇਸ਼ਾਨ ਕਰਦੇ ਹਨ। ਇਸ ਵਾਤਾਵਰਣਿਕ ਮਾਹੌਲ ਪਿਛੋਂ ਸਰਦ ਰੁੱਤ ਦੀ ਲੋੜ ਮਹਿਸੂਸ ਹੁੰਦੀ ਹੈ। ਉਸ ਸਰਦ ਰੁੱਤ ਲਈ ਅਸੁਨਿ ਤੇ ਕਤਿਕਿ ਤਿਆਰੀ ਦਾ ਸੂਚਕ ਹੈ।

ਕਿਸੇ ਵੀ ਵੱਡੇ ਕਾਰਜ ਦੀ ਆਰੰਭਤਾ ਤੋਂ ਹੀ ਉਸ ਦੇ ਚਕ੍ਰ-ਚਿਹਨ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸੇ ਤਰ੍ਹਾਂ ਜਿਥੇ ਪ੍ਰਭੂ ਦਾ ਪਿਆਰ ਵਸ ਜਾਂਦਾ ਹੈ ਪ੍ਰਮੇਸ਼ਰ ਨੇ ਆਪਣੀ ਹੋਂਦ ਦਾ ਅਹਿਸਾਸ ਹਿਰਦੇ ਵਿਚ ਕਰਵਾ ਦਿਤਾ ਹੈ ਉਸ ਦੀ ਮਨੋਦਸ਼ਾ ਬਦਲ ਜਾਂਦੀ ਹੈ। ਉਹ ਭਾਗਾਂ ਵਾਲੀਆਂ ਜੀਵ ਇਸਤਰੀਆਂ ਹਨ ਜਿਨ੍ਹਾਂ ਦੇ ਘਰ ਵਿਚ ਪ੍ਰਭੂ ਕੰਤ ਦਾ ਵਾਸਾ ਹੈ।

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥

ਭਾਵ *'ਸੇਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ ॥ ਅੰਗ - ੧੩੨*

ਉਨ੍ਹਾਂ ਦੀ ਸੋਭਾ ਦੱਸੀ ਨਹੀਂ ਜਾ ਸਕਦੀ ਜੋ ਪ੍ਰਭੂ ਪਿਆਰੇ ਨਾਲ ਮਿਲ ਗਈਆਂ ਹਨ।

ਭਾਵ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ - ੨੭੨*

*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨*

ਆਤਮਾ ਪ੍ਰਮਾਤਮਾ ਨਾਲ ਜੁੜ ਗਈ ਹੈ। ਉਸ ਦਾ ਅਨੰਦ ਉਹੀ ਜਾਣ ਸਕਦਾ ਹੈ। ਗੂੰਗੇ ਦੀ ਮਠਿਆਈ ਵਰਗੀ ਹਾਲਤ ਬਣ ਜਾਂਦੀ ਹੈ -

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥ ਅੰਗ - ੩੩੪*

ਬਾਹਰਲੇ ਆਨੰਦਾਂ ਨੂੰ ਦੁਨੀਆਂ ਜਾਣਦੀ ਹੈ ਪਰ ਅੰਦਰਲਾ ਆਨੰਦ ਕੇਵਲ ਸਮਰੱਥ ਗੁਰੂ ਕੋਲ ਹੈ -

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥*
*ਅੰਗ - ੯੧੭*

ਐਸੀ ਅਵਸਥਾ ਆ ਜਾਂਦੀ ਹੈ -

*ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥*
*ਅੰਗ- ੨੭੩*

ਭਾਵ -

*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥*

ਉਨ੍ਹਾਂ ਦੀ ਸੋਭਾ ਦੁਨੀਆਂ ਨਹੀਂ ਜਾਣ ਸਕਦੀ। ਵੈਸੇ ਵੀ - ***'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ (ਅੰਗ-੧੪੫)***

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ
ਸਹੇਲੜੀਆਹ ॥

ਇਥੇ ਤਨ ਤੇ ਮਨ ਦੋਹਾਂ ਦਾ ਜ਼ਿਕਰ ਹੈ। ਇਹ ਦੋਵੇਂ ਹੀ ਹਰੇ ਹੋ ਜਾਦੇ ਹਨ। ਇਨ੍ਹਾਂ ਦੋਨਾਂ ਵਿਚ ਫਲ ਤੇ ਫੁੱਲ ਲੱਗਣ ਲਗ ਪੈਂਦੇ ਹਨ। ਜਿਵੇਂ ਬਾਣੀ ਦਾ ਫੁਰਮਾਨ ਹੈ -

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ - ੩10*

ਤਨ ਦਾ ਧਰਮ ਹੈ ਸ਼ੁਭ ਕਰਮ - ਕਰਮ ਇੰਦਰੇ ਸ਼ੁਭ ਕਰਮਾਂ ਵਲ ਲਾਈ ਰੱਖਣੇ। ਅੱਖਾਂ ਵੇਖਦੀਆਂ ਜ਼ਰੂਰ ਹਨ ਪਰ ਦੇਖਣ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਅੰਗ - ੯੨੨*

ਪਰ ਉਹ ਅੱਖਾਂ ਵਿਰਲੇ ਨੂੰ ਪ੍ਰਾਪਤ ਹਨ -

*ਨਾਨਕ ਸੇ ਅਖੜੀਆਂ ਬਿਅੰਨਿ*
*ਜਿਨੀ ਡਿਸੰਦੋ ਮਾ ਪਿਰੀ ॥ ਅੰਗ - ੫੭੭*

ਅੱਖਾਂ ਨੂੰ ਸਤਿ ਵਸਤੂ ਵੇਖਣ ਦੀ ਜਾਚ ਆ ਜਾਂਦੀ ਹੈ। ਕਿਉਂਕਿ ਸਮਰੱਥ ਗੁਰੂ ਨੇ ਗਿਆਨ ਦਾ ਸੁਰਮਾ ਪਾ ਦਿਤਾ ਹੈ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*
*ਅੰਗ - ੨੯੩*

*ਭਾਵ - ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥*
*ਅੰਗ- ੨੨੧*

ਹੁਣ ਕੰਨਾਂ ਦੀ ਵਾਰੀ ਆਈ, ਕੰਨਾਂ ਨੂੰ ਵੀ ਸੁਣਨ ਦੀ ਜਾਚ ਆ ਗਈ - ***'ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥' (ਅੰਗ-੯੨੨)*** ਇਸੇ ਤਰ੍ਹਾਂ ਜ਼ੁਬਾਨ ਨੂੰ ਸਹੀ ਬੋਲਣਾ ਆ ਜਾਂਦਾ ਹੈ। ਪੈਰਾਂ ਨੂੰ ਸਹੀ ਰਸਤੇ 'ਤੇ ਚਲਣਾ ਆ ਜਾਂਦਾ ਹੈ -

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ - ੧੧੬੩*

*ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥*
*ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ*
*ਪਇਆ ਤਉ ਸਰਣੀ ॥ ਅੰਗ- ੯੬੪*

*ਚਰਨ ਚਲਉ ਮਾਰਗਿ ਗੋਬਿੰਦ ॥*
*ਮਿਟਹਿ ਪਾਪ ਜਪੀਐ ਹਰਿ ਬਿੰਦ ॥ ਅੰਗ - ੨੮੧*

ਹੱਥਾਂ ਦੀ ਸਫਲਤਾ ਦਾ ਪਤਾ ਲਗ ਜਾਂਦਾ ਹੈ। ਇਸੇ ਤਰ੍ਹਾਂ 'ਮਨ' ਦੀ ਵੀਚਾਰ ਧਰਤੀ ਹੈ। ਇਸ ਦਾ ਜ਼ਿਆਦਾ ਸਬੰਧ ਗਿਆਨ ਇੰਦਰਿਆਂ ਨਾਲ ਹੈ। ਮਨ ਵਿਚਾਰਾਂ ਦਾ ਸੰਗ੍ਰਹਿ ਹੈ। ਵੀਚਾਰਾਂ ਤੋਂ ਹੀ ਵਿਹਾਰ ਬਣਦਾ ਹੈ। ਜਦੋਂ ਪ੍ਰਭੂ ਦੇ ਪਿਆਰ ਵਿਚ ਰੱਤਿਆ ਗਿਆ ਤਾਂ ਇਹ ਦੋਵੇਂ ਤਨ ਤੇ ਮਨ ਮੌਲ ਜਾਂਦੇ ਹਨ। ਫਿਰ ਅਵਸਥਾ ਬਣ ਜਾਂਦੀ ਹੈ - ***'ਨਾਨਕ ਭਗਤਾ ਸਦਾ ਵਿਗਾਸੁ ॥' (ਅੰਗ-੨)***

ਭਾਵ -

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ - ੮੦੮*

ਇਹ ਸਾਰਾ ਕੁਝ ਸਾਧੂਆਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ ***'ਸੰਗਿ ਸਾਧ ਸਹੇਲੜੀਆਹ।*** ਮਿਲੇ ਹੋਏ ਹੀ ਮਿਲਾਪ ਕਰਾਉਣ ਦੇ ਸਮਰੱਥ ਹੁੰਦੇ ਹਨ। ਜਿਸ ਬਾਰੇ ਸਾਡੀ ਰੋਜ਼ਾਨਾ ਦੀ ਅਰਦਾਸ ਹੈ ਕਿ ***'ਸੇਈ ਪਿਆਰੇ ਮੇਲਿ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'***

**ਭਾਵ -**

*ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*
*ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥*
*ਅੰਗ - ੭੦੧*

*ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥*
*ਦਰਸਨੁ ਹਰਿ ਦੇਖਣ ਕੈ ਤਾਈ ॥ ਅੰਗ - ੭੫੭*

ਕਿਉਂਕਿ ਸਾਧੂਆਂ ਦੀ ਸੰਗਤਿ ਵਿਚ ਉਸ ਦਾ ਆਪਣਾ ਵਾਸਾ ਹੁੰਦਾ ਹੈ -

*ਮਿਲਿ ਸਤਸੰਗਤਿ ਖੋਜੁ ਦਸਾਈ*

*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ - ੯੪*

ਤਾਂਹੀ ਮਹਾਰਾਜ ਫੁਰਮਾਨ ਕਦੇ ਹਨ ਕਿ ਸਾਧੂਆਂ ਦੀ ਸੰਗਤ ਤੋਂ ਬਿਨਾਂ ਜੀਵਨ ਅਸਫਲ ਹੈ -

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥

ਫਿਰ ਅਰਦਾਸ ਨਿਕਲਦੀ ਹੈ ਹੇ ਪ੍ਰਭੂ! -

*ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥*
*ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥*
*ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥*
*ਅੰਗ - ੨੪੩*

ਭਾਵ ਹਨ੍ਹੇਰੀ ਰਾਤ (ਅਗਿਆਨਤਾ ਦੀ) ਵਿਚ ਇਹੋ ਜਿਹੀਆਂ ਜੀਵ ਇਸਤਰੀਆਂ ਇਕੱਲੀਆਂ ਰਹਿ ਜਾਂਦੀਆਂ ਹਨ। ਤਾਂਹੀ ਮਹਾਰਾਜ ਤਾਗੀਦ ਕਰਦੇ ਹਨ-

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

ਫਿਰ ਉਨ੍ਹਾਂ ਦਾ ਭਵਿੱਖ ਇਸ ਤਰ੍ਹਾਂ ਦਾ ਹੋ ਜਾਂਦਾ ਹੈ -

ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥

ਭਾਵ ਪ੍ਰਭੂ ਦੇ ਵਿਛੋੜੇ ਦਾ ਦੁਖ ਕਦੇ ਨਹੀਂ ਉਤਰਦਾ। ਵਿਕਾਰਾਂ ਰੂਪੀ ਜਮਾਂ ਦੀ ਗ੍ਰਿਫਤ ਵਿਚ ਆ ਕੇ ਜੀਵਨ ਬਿਰਥਾ ਚਲਾ ਜਾਂਦਾ ਹੈ। ਪ੍ਰਭੂ ਦੇ ਮਿਲਾਪ ਦਾ ਮਾਹੌਲ ਨਹੀਂ ਬਣਦਾ ਸਗੋਂ ਵਿਛੋੜਾ ਪਿਆ ਰਹਿੰਦਾ ਹੈ। ਵਿਛੋੜੇ ਦਾ ਦੁਖ ਸਭ ਤੋਂ ਵੱਡਾ ਦੁਖ ਗੁਰਬਾਣੀ ਵਿਚ ਮੰਨਿਆ ਗਿਆ ਹੈ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥ ਅੰਗ - ੧੨੫੬*

ਪਰ ਇਸ ਦੇ ਵਿਪਰੀਤ ਜਿਹੜੀਆਂ ਜੀਵ ਇਸਤਰੀਆਂ ਦਾ ਮਿਲਾਪ ਹੋ ਗਿਆ ਹੈ ਉਹ ਭਾਗਾਂ ਵਾਲੀਆਂ ਹਨ -

ਜਿਨੀ ਰਾਵਿਆ ਪ੍ਰਭੁ ਆਪਣਾ
ਸੇ ਦਿਸਨਿ ਨਿਤ ਖੜੀਆਹ ॥

ਉਹ ਵਿਕਾਰਾਂ ਤੋਂ ਸੁਚੇਤ ਹਨ।

ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥

ਪ੍ਰਮਾਤਮਾ ਦੀ ਸਿਫਤ ਸਲਾਹ ਰੂਪੀ ਰਤਨ ਜਵਾਹਰ ਲਾਲ ਉਨ੍ਹਾਂ ਕੋਲ ਹੁੰਦੇ ਹਨ -

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫*

ਸ਼ੁਭ ਗੁਣਾਂ ਦਾ ਉਨ੍ਹਾਂ ਦੇ ਗਲ ਵਿਚ ਹਾਰ ਪਿਆ ਸੋਭਦਾ ਹੈ।

ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥

ਉਨ੍ਹਾਂ ਦੀ ਚਰਨ ਧੂੜ ਦੀ ਲੋਚਾ ਹੈ ਜੋ ਪ੍ਰਭੂ ਦੇ ਚਰਨ ਸ਼ਰਨ ਵਿਚ ਰਹਿੰਦੇ ਹਨ। ਭਾਵ -

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ ॥ ਅੰਗ - ੧੪੨੪*

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੧੩*

ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥

ਉਸ ਪ੍ਰਮੇਸ਼ਰ ਦਾ ਸਿਮਰਨ ਕਰਨ ਨਾਲ, ਉਸ ਨੂੰ ਅਰਾਧਨ ਨਾਲ ਜਨਮ ਮਰਨ ਦੇ ਚੱਕਰ ਵਿਚ ਨਹੀਂ ਪੈਂਦਾ। ਭਾਵ -

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ - ੫੧੭*

ਅਰਥਾਤ-

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅੰਗ - ੯੪੦*

*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥*
*ਅੰਗ - ੧੩੯੨*

ਇਸੇ ਤਰ੍ਹਾਂ ਗੁਰੂ ਦੀ ਦਰਗਾਹ ਵਿਚ ਵਾਸਾ ਪ੍ਰਾਪਤ ਹੋ ਜਾਂਦਾ ਹੈ ਅਤੇ ਸਦਾ ਦਾ ਅਮਰ ਜੀਵਨ ਪ੍ਰਾਪਤ ਹੋ ਜਾਂਦਾ ਹੈ।

## -: ਸੋਧ :-

**ਸਤੰਬਰ ਅੰਕ ਦੇ ਪੰਨਾ ਨੰ: 27, ਪਹਿਰਾ ਨੰ: 2 'ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਪਹਿਲੇ ਗੁਰੂ ਔਘੜ ਨਾਥ ਦੀ ਆਖਰੀ ਸਮੇਂ ਸੁਰਤਿ ਬਿੱਲ ਵਿਚ ਰਹਿ ਗਈ ਸੀ।**

**ਬਾਬਾ ਬੰਦਾ ਸਿੰਘ ਬਹਾਦਰ ਦੀ ਥਾਂ ਉਸਦਾ ਪਹਿਲਾ ਗੁਰੂ ਔਘੜ ਨਾਥ ਪੜ੍ਹਿਆ ਜਾਵੇ ਜੀ।**

**ਭੁੱਲ ਚੁੱਕ ਦੀ ਖਿਮਾ।**

*ਅਦਾਰਾ 'ਆਤਮ ਮਾਰਗ'*

# ਸ੍ਰੀ ਗੁਰੂ ਨਾਨਕ ਦੇਵ ਜੀ
## (ਪ੍ਰਕਾਸ਼ ਪੁਰਬ-15 ਨਵੰਬਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ, ਮੈਂ ਕਿਛੁ ਨਾਹੀ।*
*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - ੮੨੭*

ਸਾਧਸੰਗਤ ਜੀ, ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਅੱਜ ਦੇ ਮਹਾਨ ਪਵਿੱਤਰ ਦਿਹਾੜੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ, ਕਾਰੋਬਾਰ ਸੰਕੋਚ ਕੇ ਆਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਗੁਰੂ ਦਰਬਾਰ 'ਚ ਪਹੁੰਚੇ ਓਂ। ਸੁਰਤ ਨੂੰ ਇਕਾਗਰ ਕਰੋ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ ਤੇ ਬਾਣੀ ਜੋ ਵਿਚਾਰ ਕੀਤੀ ਜਾ ਰਹੀ ਹੈ ਓਸਨੂੰ ਮਨ ਵਿਚ ਧਾਰਨ ਕਰੋ। ਸੋ ਅੱਜ ਸਾਰਾ ਸੰਸਾਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਦੇ ਸਬੰਧ ਵਿਚ ਅਨੇਕਾਂ ਕਿਸਮ ਦੇ ਪ੍ਰੋਗਰਾਮ ਕਰਕੇ ਆਪਣੀ ਸ਼ਰਧਾ ਭੇਟ ਕਰ ਰਿਹਾ ਹੈ। ਐਸਾ ਵੀ ਬਹੁਤ ਸਾਰੇ ਮਹਾਂਪੁਰਸ਼ਾਂ ਦਾ ਖਿਆਲ ਹੈ ਕਿ ਅੱਜ ਸਾਡੀਆਂ ਭਾਵਨਾਵਾਂ ਤੋਂ ਪ੍ਰਸੰਨ ਹੋ ਕੇ ਗੁਰੂ ਮਹਾਰਾਜ ਦਾਤਾਂ ਵੀ ਬਖਸ਼ ਰਹੇ ਨੇ ਤੇ ਸਾਰਿਆਂ ਦੇ ਉੱਤੇ ਮਿਹਰ ਦਾ ਆਪਣਾ ਹੱਥ ਰੱਖਿਆ ਹੋਇਆ, ਇਕੱਲੇ-ਇਕੱਲੇ ਦਿਲ ਦੀ ਭਾਵਨਾ ਨੂੰ ਜਾਂਚ ਰਹੇ ਨੇ। ਸੋ ਸਾਡਾ ਭਲਾ ਇਸ ਗੱਲ ਵਿਚ ਹੈ ਕਿ ਪਿਆਰ ਭਾਵ ਵਿਚ ਆਓ। ਗੁਰੂ ਨਾਨਕ ਪਾਤਸ਼ਾਹ ਦੀ ਹਾਜ਼ਰੀ ਮਹਿਸੂਸ ਕਰੋ। ਜੋ ਕੁਛ ਉਨ੍ਹਾਂ ਨੇ ਸੰਸਾਰ 'ਤੇ ਆ ਕੇ ਕੀਤਾ ਹੈ, ਉਹਨੂੰ ਕੋਈ ਦੁਨੀਆਂ ਦਾ ਬੰਦਾ ਬਿਆਨ ਨਹੀਂ ਕਰ ਸਕਦਾ, ਦੱਸ ਨਹੀਂ ਸਕਦਾ। ਕਿਉਂਕਿ ਬਹੁਤ ਹੀ ਔਖੀ ਬਾਤ ਹੈ ਦੱਸਣੀ। 'ਕਥਨਾ ਕਰੜਾ ਸਾਰੁ' ਹੈ, ਫੇਰ ਵੀ ਥੋੜ੍ਹੀ ਬਹੁਤੀ ਵਿਚਾਰ ਆਪਾਂ ਕਰਾਂਗੇ ਕਿ ਮਹਾਰਾਜ ਜੀ ਨੇ ਸੰਸਾਰ 'ਤੇ ਆ ਕੇ ਕਿਸ ਤਰ੍ਹਾਂ ਦੇ ਨਾਲ ਗੁਮਰਾਹ ਹੋਈ-ਹੋਈ ਜਨਤਾ ਨੂੰ ਰਾਹੇ ਪਾਇਆ। ਮਹਾਰਾਜ ਜੀ ਨੇ, ਚਾਰ ਉਦਾਸੀਆਂ ਵੱਡੀਆਂ-ਵੱਡੀਆਂ ਕੀਤੀਆਂ। ਜੋ ਅੱਜ ਦੇ ਭੂਗੋਲ ਨੂੰ ਜਾਨਣ ਵਾਲੇ ਬੰਦੇ ਨੇ, ਉਨ੍ਹਾਂ ਨੇ ਕੁਛ ਥਾਵਾਂ ਦਾ ਅੱਟਾ ਸੱਟਾ ਲਾ ਕੇ ਇਹ ਗੱਲ ਜਾਨਣ ਦੀ ਕੋਸ਼ਿਸ਼ ਕਰੀ ਹੈ ਕਿ ਗੁਰੂ ਨਾਨਕ ਫੇਰ ਕਿੱਥੇ ਗਏ? ਇਸ ਤੋਂ ਅੱਗੇ ਹੋਰ ਕਿੱਥੇ ਗਏ? ਕਿਹੜੇ ਰਸਤੇ ਗਏ। ਇਸ ਗੱਲ ਨੂੰ ਦੁਨੀਆਂ ਦੇ ਅੰਦਰ ਤਾਂ ਕੋਈ ਬੰਦਾ ਨਹੀਂ ਹੈ ਜਿਹੜਾ ਦੱਸ ਸਕੇ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜੋ ਯਾਤਰਾਵਾਂ ਸਨ, ਉਨ੍ਹਾਂ ਨੂੰ ਕੋਈ ਦੱਸ ਹੀ ਨਹੀਂ ਸਕਦਾ। ਬੜੀ ਅਜੀਬ ਗੱਲ ਹੈ ਕਿ ਉਨ੍ਹਾਂ ਨੂੰ ਦੱਸ ਕਿਉਂ ਨਹੀਂ ਸਕਦੇ ਅਸੀਂ। ਇਹ ਗੱਲ ਸਮਝਿਓ। ਕਈ ਬੰਦੇ ਕਹਿੰਦੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਓਥੇ ਗਏ, ਓਥੇ ਗਏ, ਓਥੇ ਗਏ। ਲੇਕਿਨ ਗੁਰੂ ਨਾਨਕ ਦੇਵ ਜੀ ਨੇ ਜਿੰਨਾਂ ਸਫਰ ਕੀਤਾ ਹੈ, ਏਨਾਂ ਨਾ ਕਿਸੇ ਨੇ ਅੱਜ ਤੋਂ ਪਹਿਲਾਂ ਕੀਤਾ ਸੀ, ਨਾ ਕੋਈ ਹੋਰ ਕਰ ਸਕਿਆ ਹੈ। ਕੁਛ ਸਫਰ ਉਨ੍ਹਾਂ ਨੇ ਸਰੀਰਕ ਰੂਪ ਦੇ ਅੰਦਰ ਕੀਤਾ ਹੈ, ਸਾਡੇ ਵਾਗੂੰ, ਪੈਦਲ ਚੱਲੇ ਨੇ, ਜੰਗਲਾਂ 'ਚੋਂ ਲੰਘੇ ਨੇ। ਉਨ੍ਹਾਂ ਨੂੰ ਪਤਾ ਹੈ ਕਿ ਨਿਰਜਨ ਵਣਾਂ ਦੇ ਵਿਚ ਕਿਉਂ ਤੁਰੇ ਫਿਰਦੇ ਸੀ। ਜਦੋਂ ਅਸੀਂ ਯੂ.ਪੀ 'ਚ ਗਏ। ਤਿੰਨ ਸੌ, ਚਾਰ ਸੌ ਮੀਲ ਦਾ ਇਲਾਕਾ, ਜਿਹਦੇ 'ਚ ਸ਼ੇਰ ਰਹਿੰਦੇ ਸੀ, ਹਾਥੀ ਰਹਿੰਦੇ ਸੀ, ਰਿੱਛ ਰਹਿੰਦੇ ਸੀ, ਚੀਤੇ ਰਹਿੰਦੇ ਸੀ, ਬਘਿਆੜ ਰਹਿੰਦੇ ਨੇ, ਬੇਅੰਤ ਵੱਡੀਆਂ-ਵੱਡੀਆਂ ਸਰਾਲਾਂ

ਜਿਹੜੀਆਂ ਹਿਰਨਾਂ ਨੂੰ ਸਾਬਤਾ ਹੀ ਨਿਗਾਰ ਜਾਂਦੀਆਂ ਨੇ, ਉਹ ਅਸੀਂ ਦੇਖੀਆਂ ਓਥੇ ਜਾ ਕੇ, ਤੇ ਖਿਆਲ ਆਇਆ ਕਰੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਜੰਗਲਾਂ ਦੇ ਅੰਦਰ ਇਕੱਲੇ ਹੀ ਤੁਰੇ ਫਿਰਦੇ ਸੀ। ਉਹ ਸਾਰੀ ਧਰਤੀ ਨੂੰ ਆਪਣੀ ਛੋਹ ਦੇ ਰਹੇ ਸੀ, ਚਾਹੇ ਜੰਗਲ ਹੈ, ਚਾਹੇ ਪਹਾੜ ਹੈ, ਚਾਹੇ ਆਬਾਦੀ ਹੈ, ਉਹਦੇ ਅੰਦਰ ਆਪ ਨੇ ਜਿੱਥੇ ਵੀ ਕੋਈ ਭੁੱਲਿਆ ਹੋਇਆ ਸੀ, ਰੁਕਿਆ ਹੋਇਆ ਸੀ, ਪਿਛਲੇ ਜੁਗਾਂ ਦੀ ਕਮਾਈ ਕਰਕੇ ਰਾਹ ਨਹੀਂ ਸੀ ਲੱਭ ਰਿਹਾ, ਉਸਨੂੰ ਰਸਤਾ ਦਿਖਾਇਆ। ਆਪ ਦੇ ਸਫਰਾਂ ਬਾਰੇ ਮਿਣਿਆ ਕਿਉਂ ਨਹੀਂ ਜਾਂਦਾ? ਇਹ ਕਹਿੰਦੇ ਨੇ ਕਿ ਚੌਂਵੀ ਹਜ਼ਾਰ ਮੀਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਫਰ ਕੀਤਾ। ਇਹ ਵੀ ਬੜੀ ਮਿਹਰਬਾਨੀ ਹੈ ਇਨ੍ਹਾਂ ਦੀ ਕਿ ਏਨਾਂ ਲਿਖ ਦਿੱਤਾ। ਲੇਕਿਨ ਸ੍ਰੀ ਗੁਰੂ ਨਾਨਕ ਸਾਹਿਬ ਨੇ ਜੋ ਰੂਹਾਨੀ ਸਫਰ ਕੀਤੇ, ਆਤਮਕ ਮੰਡਲ ਦੇ ਉਨ੍ਹਾਂ ਨੂੰ ਕੋਈ ਜਾਣ ਨਹੀਂ ਸਕਦਾ। ਜਦੋਂ ਜ਼ਿਕਰ ਆਉਂਦਾ ਹੈ ਕਿ ਦੱਤਾ ਤਰੇ ਦੇ ਪਾਸ ਗਏ, ਦੱਤਾ ਤਰੇ ਤਾਂ ਹੈ ਨਹੀਂ ਸੀ ਓਸ ਵੇਲੇ ਸੰਸਾਰ ਦੇ ਅੰਦਰ। ਸੰਨਿਆਸੀ ਸੀ, ਕਿਸ ਮੰਡਲ 'ਚ ਵਸਦਾ ਸੀ। ਧਰਤੀ ਤੋਂ ਕਿੰਨੀ ਦੂਰੀ ਤੇ ਸੀ, ਆਹ ਬ੍ਰਹਿਮੰਡ ਸਥੂਲ ਤੋਂ ਕਿੰਨੀ ਦੂਰੀ 'ਤੇ ਸੀ? ਪ੍ਰਹਿਲਾਦ ਦੇ ਪਾਸ ਜਾਂਦੇ ਨੇ, ਧਰੂ ਦੇ ਪਾਸ ਜਾਂਦੇ ਨੇ। ਕੋਈ ਬੰਦਾ ਨਹੀਂ ਲਾ ਸਕਦਾ ਅੰਦਾਜ਼ਾ ਕਿਉਂਕਿ ਉਹ ਗੱਲਾਂ ਗਿਣਤੀ-ਮਿਣਤੀ ਤੋਂ ਬਾਹਰ ਹੋਰ ਕਿਸਮ ਨਾਲ ਸਬੰਧ ਰਖਦੀਆਂ ਨੇ, ਤੇ ਨਾ ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ ਕਿਉਂਕਿ ਦੁਨੀਆਂ ਦੇ ਅੰਦਰ ਕੋਈ ਐਸੀ ਬਾਤ ਨਹੀਂ ਹੈ, ਨਾ ਕੋਈ ਬੋਲੀ ਹੈ ਜਿਹਦੇ ਨਾਲ ਇਹ ਦੱਸ ਦਿੱਤਾ ਜਾਵੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਨਾ ਸਫਰ ਕੀਤਾ। ਇਸ ਪੁਰੀ ਤੋਂ ਅਗਲੀ ਪੁਰੀ ਐਨੀ ਦੂਰ ਸੀ। ਕੋਈ ਨਹੀਂ ਦਸ ਸਕਦਾ ਕਿਉਂਕਿ ਸਾਨੂੰ ਗਿਆਨ ਨਹੀਂ ਓਸਦਾ। ਨਾ ਗਿਆਨ ਹੋਣ ਕਰਕੇ ਅਸੀਂ ਅੱਟੇ-ਸੱਟੇ ਲਾ ਨਹੀਂ ਸਕਦੇ। ਲੇਕਿਨ ਸੰਸਾਰ ਦੇ ਅੰਦਰ ਆਹ ਧਰਤੀ ਦੇ ਉਤੇ ਗੁਰੂ ਨਾਨਕ ਦੇਵ ਜੀ ਨੇ ਕੋਈ ਥਾਂ ਨਹੀਂ ਛੱਡੀ, ਨਾ ਅਫਰੀਕਾ ਛੱਡੀ ਹੈ, ਨਾ ਯੂਰਪ ਛੱਡਿਆ ਹੈ, ਨਾ ਕੋਈ ਹੋਰ। ਭਾਈ ਗੁਰਦਾਸ ਜੀ ਜਿਹੜੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਥੋੜ੍ਹਾ ਜਿਹਾ ਚਿਰ ਪਿਛੋਂ ਹੋਏ ਨੇ, ਆਪ ਹੀ ਗਵਾਹੀ ਦਿੰਦੇ ਨੇ ਕਿ ਜਿੱਥੇ ਤੱਕ ਧਰਤੀ 'ਤੇ ਮਨੁੱਖ ਸੀ, ਓਸ ਥਾਂ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਗਏ। ਓਥੇ ਤੱਕ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਨੂੰ ਸੁਮੱਤ ਲਾਈ। ਇਹਦੇ 'ਚ ਸਵਾਲ ਆਉਂਦਾ ਹੈ ਕਿ ਬੋਲੀ ਕਿਵੇਂ ਸਮਝੀ? ਬੋਲੀ ਤਾਂ ਸਾਰੀ ਸ੍ਰਿਸ਼ਟੀ ਦੀ ਪਹਿਲਾਂ ਇੱਕ ਹੈ, ਜਿਹਨੂੰ ਪਰਾ ਬਾਣੀ ਕਹਿੰਦੇ ਨੇ, ਕੋਈ ਬੰਦਾ ਨਹੀਂ ਹੈ ਜਿਹੜਾ ਉਥੇ ਹੋਰ ਬੋਲੀ ਬੋਲਦਾ ਹੋਵੇ। ਉਸ ਤੋਂ ਬਾਅਦ ਭਾਵਾਂ ਦੀ ਬੋਲੀ ਹੈ ਜਿਹਨੂੰ ਪਸੰਤੀ ਬਾਣੀ ਕਹਿੰਦੇ ਨੇ, ਉਹ ਵੀ ਇੱਕ ਹੈ। ਇੱਥੋਂ ਆ ਕੇ ਫਰਕ ਪੈਂਦਾ ਹੈ, ਬੈਖਰੀ ਅੱਡ ਹੋ ਜਾਂਦੀ ਹੈ। ਮਧਮਾ ਅੱਡ ਹੋ ਜਾਂਦੀ ਹੈ, ਅੰਦਰੋਂ ਸਾਰੀ ਬੋਲੀ ਇੱਕ ਹੈ ਜਿਹਨੂੰ telepathy ਕਹਿੰਦੇ ਨੇ, telepathy ਨੂੰ ਜਾਨਣ ਵਾਲਾ ਚਾਹੇ ਅੰਗਰੇਜ਼ ਹੈ, ਚਾਹੇ ਅਰਬ ਦਾ ਬੰਦਾ ਹੇ, ਚਾਹੇ ਹਿੰਦੋਸਤਾਨ ਦਾ ਹੈ. ਚਾਹੇ ਅਫਰੀਕਾ ਦਾ ਹੈ, ਜੋ telepathy ਜਾਣਦਾ ਹੈ, ਕੁੱਤੇ ਦੀ ਬੋਲੀ ਸਮਝਦਾ ਹੈ, ਹਰਨ ਦੀ ਬੋਲੀ ਸਮਝਦਾ ਹੈ, ਸੱਪ ਦੀ ਬੋਲੀ ਸਮਝਦਾ ਹੈ, ਪੰਛੀਆਂ ਦੀ ਬੋਲੀ ਸਮਝਦਾ ਹੈ ਕਿਉਂਕਿ ਪਰਾ ਤੇ ਪਸੰਤੀ ਬਾਣੀ ਇੱਕੋ ਹੈ। ਜਿੱਥੇ telepathy ਕੰਮ ਕਰਦੀ ਹੈ, ਉਥੇ ਬਾਣੀ ਇੱਕ ਹੈ। ਦੂਸਰਾ ਸ੍ਰੀ ਗੁਰੂ ਨਾਨਕ ਦੇਵ ਜੀ ਸਮਰੱਥ ਸਨ, ਸੋ ਇਸ ਕਰਕੇ ਇਸ ਗੱਲ ਦੇ ਵਿਚ ਬਹਿਸ ਨਹੀਂ ਹੋਇਆ ਕਰਦੀ। ਲੇਕਿਨ ਆਪ ਦਾ ਜਿੰਨਾਂ ਕੁ ਜਨਮ ਸਾਖੀਆਂ ਦੇ ਰਾਹੀਂ, ਜਾਂ ਹੋਰ ਪੁਸਤਕਾਂ ਦੇ ਰਾਹੀਂ, ਸਾਡੇ ਪਾਸ ਕੁਛ ਗਿਆਨ ਪਹੁੰਚਿਆ ਹੈ। ਉਹਦੇ ਵਿਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਾੜਾਂ ਉਤੇ ਚੜ੍ਹਾਈ ਕੀਤੀ, ਓਹੋ ਜਿਹੇ ਹੀ ਵਸਤਰ ਪਹਿਨੇ। ਰੱਸੇ ਪੇਟ ਦੇ ਨਾਲ ਲਪੇਟੇ। ਓਹੋ ਜਿਹਾ ਹੀ ਕੱਪੜਾ ਪਹਿਨਿਆ, ਚਮੜੇ ਦੇ ਜੋੜੇ ਪਾ ਲਏ। ਪਹਾੜਾਂ 'ਤੇ ਚੜ੍ਹਨ ਵਾਲੇ ਜਿਹੜੇ ਹੁੰਦੇ ਨੇ ਉਸ ਤਰ੍ਹਾਂ ਦੀ ਵਰਦੀ ਪਾ ਲਈ ਉਨ੍ਹਾਂ, ਕਿਉਂਕਿ ਪਹਾੜਾਂ 'ਤੇ ਚੜ੍ਹਨਾ ਸੀ, ਬਰਫਾਂ 'ਚ ਜਾਣਾ ਸੀ। ਉਹੋ ਜਿਹੀਆਂ ਹੀ ਆਪਣੇ ਹੱਥ ਵਿਚ ਚੀਜ਼ਾਂ ਰੱਖ ਲਈਆਂ। ਸੋ ਆਪ ਅੱਜ ਉਥੇ ਪਹੁੰਚਦੇ ਨੇ, ਜਿਸ ਥਾਂ ਦੇ ਉਤੇ ਸਿੱਧ ਮੰਡਲੀ ਬੈਠੀ ਹੈ। ਜਦੋਂ ਹਿੰਦੋਸਤਾਨ ਦੇ ਵਿਚ ਜ਼ੁਲਮ ਹੋਣ ਲੱਗੇ, ਇਸਲਾਮ ਵਾਲਿਆਂ ਨੇ ਆ ਕੇ ਕਬਜ਼ਾ ਕੀਤਾ, ਉਸ ਵੇਲੇ ਜੋ ਰਾਜੇ ਸੀ, ਜ਼ੋਰ ਜ਼ਬਰ ਦੇ ਨਾਲ, ਦੇਸ਼ ਦੇ ਉਤੇ ਕਾਬੂ ਪਾਉਣਾ ਚਾਹੁੰਦੇ ਸਨ, ਕਿਉਂਕਿ ਭਾਰਤ ਵਰਸ਼ ਦੀ ਸੰਸਕ੍ਰਿਤੀ ਐਸੀ ਸੀ ਕਿ ਸਭ ਨੂੰ ਆਪਣੇ ਵਿਚ ਸ਼ਾਮਲ ਕਰ ਲੈਂਦੀ ਸੀ। ਪਰ ਇਹ ਜਦੋਂ ਆਏ ਇਨ੍ਹਾਂ ਨੇ ਉਸ ਸੰਸਕ੍ਰਿਤੀ ਨੂੰ ਨਾਸ਼ ਕਰਨਾ ਸ਼ੁਰੂ ਕਰ ਦਿੱਤਾ, ਜ਼ੋਰ ਨਾਲ ਮੰਦਰ ਢਹਿਣੇ ਸ਼ੁਰੂ ਹੋ ਗਏ। ਪੁਸਤਕਾਲਿਆ ਜਲਣੇ ਸ਼ੁਰੂ ਹੋ ਗਏ, ਟੈਕਸਲਾ ਦਾ ਜੋ ਪੁਸਤਕਾਲਿਆ ਸੀ, ਉਹਦੇ 'ਚ ਦੁਨੀਆਂ ਭਰ ਤੋਂ ਉਸ ਵੇਲੇ ਦੀਆਂ ਹੱਥ ਲਿਖਤ

ਪੁਸਤਕਾਂ ਸਨ। ਮੁਹੰਮਦ ਗਜ਼ਨਵੀ ਨੇ ਆ ਕੇ ਜਦੋਂ ਪੁੱਛਿਆ ਕਿ ਇਹ ਐਨੀਆਂ ਪੁਸਤਕਾਂ ਦਾ ਭੰਡਾਰ ਕਿਉਂ ਰੱਖਿਆ ਹੈ? ਕਹਿਣ ਲੱਗੇ, ਮਹਾਰਾਜ! ਇਹ ਪੁਸਤਕਾਂ ਹਜ਼ਾਰਾਂ ਸਾਲਾਂ ਤੋਂ ਚਲੀਆਂ ਆ ਰਹੀਆਂ ਨੇ, ਹੱਥ ਲਿਖਤ ਗਿਆਨ ਹੈ। ਕਹਿੰਦਾ ਕੁਰਾਨ ਸ਼ਰੀਫ ਵੀ ਹੈ ਇਹਦੇ 'ਚ? ਕਹਿੰਦੇ, ਨਹੀਂ। ਕਹਿੰਦਾ, ਜੇ ਕੁਰਾਨ ਸ਼ਰੀਫ ਨਹੀਂ ਹੈ, ਬਾਕੀ ਤਾਂ ਜਿੰਨੀ ਪੜ੍ਹਾਈ ਹੈ ਸਭ ਕੁਫਰ ਹੈ। ਇਸ ਕਰਕੇ ਇਹਨੂੰ ਅੱਗ ਲਾ ਦਿਓ। ਪਤਾ ਨਹੀਂ ਕਿੰਨੇ ਹਜ਼ਾਰ ਪੁਸਤਕ ਹੱਥ ਲਿਖਤ, ਓਸ ਲਾਇਬ੍ਰੇਰੀ ਦੀ ਜਾਲੀ ਗਈ। ਮਥਰਾ ਦੇ ਵਿਚ ਪਹੁੰਚਦੇ ਨੇ, ਉਥੇ ਕੁਰਾਨ ਸ਼ਰੀਫ ਰੱਖ ਲਿਆ। ਇਹੀ ਸਵਾਲ ਉਥੇ ਕਰਿਆ, ਉਹ ਬਹੁਤ ਵੱਡੀ ਲਾਇਬ੍ਰੇਰੀ ਸੀ। ਕੁਰਾਨ ਸ਼ਰੀਫ ਹੈ? ਕਹਿੰਦੇ ਹਾਂ। ਕਹਿੰਦਾ ਜੇ ਕੁਰਾਨ ਸ਼ਰੀਫ ਹੈ, ਬਾਕੀ ਕਿਤਾਬਾਂ ਦੀ ਕੀ ਲੋੜ ਹੈ, ਬਾਕੀਆਂ ਨੂੰ ਜਾਲ ਦਿਓ, ਇਕੱਲਾ ਕੁਰਾਨ ਰੱਖ ਲਓ। ਮੰਦਰ ਗਿਰਾਏ ਜਾ ਰਹੇ ਸਨ, ਜ਼ਬਰਦਸਤੀ ਧਰਮ ਬਦਲਿਆ ਜਾਂਦਾ ਸੀ। ਜ਼ੁਲਮ ਐਨਾ ਵਧ ਗਿਆ ਸੀ ਕਿ ਬਾਬਰ ਆਪਣੀ ਤਉਜ਼ਕੇ-ਬਾਬਰੀ 'ਚ ਲਿਖਦਾ ਹੈ ਕਿ ਜਦੋਂ ਮਥੁਰਾ 'ਤੇ ਹਮਲਾ ਕਰਿਆ, ਮੇਰਾ ਬੜਾ ਮੁਕਾਬਲਾ ਹੋਇਆ। ਮਨ 'ਚ ਮੇਰੇ ਬੜਾ ਗੁੱਸਾ ਆਇਆ ਪਬਲਿਕ ਦੇ ਉਤੇ। ਪਬਲਿਕ ਲੜੀ ਉਥੇ ਆ ਕੇ ਲੇਕਿਨ ਅੱਲਾਹ ਤਾਲਾ ਨੇ ਮੈਨੂੰ ਫਤਹਿ ਦੇ ਦਿੱਤੀ ਤੇ ਮੈਂ ਇੱਕ ਲੱਖ ਬੰਦਾ ਕੈਦ ਕਰ ਲਿਆ, ਮੇਰੇ ਮਨ 'ਚ ਆਈ ਕਿ ਮੈਂ ਅੱਲਾਹ ਨੂੰ ਪ੍ਰਸੰਨ ਕਰਾਂ। ਮੈਂ ਆਪਣਾ ਟੈਂਟ ਲਾ ਲਿਆ ਤਾਂ ਕਿ ਮੈਂ ਆਪਣੀਆਂ ਅੱਖਾਂ ਦੇ ਨਾਲ ਦੇਖਾਂ ਕਿ ਕਾਫਰਾਂ ਦੀ ਗਰਦਨ 'ਤੇ ਤਲਵਾਰ ਕਿਵੇਂ ਚੱਲ ਰਹੀ ਹੈ। ਕਹਿੰਦਾ, ਇੱਕੋ ਹੀ ਦਿਨ ਦੇ ਅੰਦਰ ਮੈਂ ਇੱਕ ਲੱਖ ਬੰਦਾ, ਇੱਕੋ ਥਾਂ 'ਤੇ ਕਤਲ ਕਰਾਇਆ, ਐਨਾ ਖ਼ੂਨ ਉੱਚਾ ਉਠਿਆ ਕਿ ਮੈਨੂੰ ਤਿੰਨ ਵਾਰੀ ਆਪਣਾ ਟੈਂਟ ਬਦਲ-ਬਦਲ ਕੇ ਪਿੱਛੇ ਲਾਉਣਾ ਪਿਆ ਤੇ ਮੈਂ ਉਮੀਦ ਕਰਦਾ ਹਾਂ ਕਿ ਅੱਲਾਹ ਤਾਲਾ ਮੇਰੇ ਉਤੇ ਪ੍ਰਸੰਨ ਹੋ ਕੇ ਆਪਣੀ ਬਖਸ਼ਿਸ਼ ਕਰੇਗਾ ਕਿ ਮੈਂ ਇੱਕ ਲੱਖ ਕਾਫਰ ਮਾਰ ਦਿੱਤਾ। ਇਹ ਸੋਚ ਆ ਚੁੱਕੀ ਸੀ। ਇਨ੍ਹਾਂ ਚੀਜ਼ਾਂ ਤੋਂ ਡਰਦੇ ਹੋਏ ਜਿਹੜੇ ਜੋਗੀ ਸਨ, ਉਹ ਸਾਰੇ ਸ਼ਕਤੀ ਵਾਲੇ ਨਹੀਂ ਸੀ, ਲੇਕਿਨ ਸ਼ਕਤੀ ਉਨ੍ਹਾਂ 'ਚ ਬਹੁਤ ਜ਼ਿਆਦਾ ਸੀ। ਇਧਰ ਜਿਹੜੇ ਪੀਰ ਸੀ ਇਨ੍ਹਾਂ 'ਚ ਵੀ ਬੜੀਆਂ ਸ਼ਕਤੀਆਂ ਸੀ। ਬੜੇ ਆਪਸ ਵਿਚ ਮੁਕਾਬਲੇ ਹੁੰਦੇ, ਇੱਕ ਮੁਕਾਬਲੇ ਦਾ ਜ਼ਿਕਰ ਆਉਂਦਾ ਹੈ ਅਜਮੇਰ ਸ਼ਰੀਫ ਦੇ ਅੰਦਰ। ਜਦੋਂ ਮਯੁਦੀਨ ਚਿਸ਼ਤੀ ਆਏ, ਬਾਬਾ ਫਰੀਦ ਦੇ ਦਾਦਾ ਗੁਰੂ, ਉਸ ਵੇਲੇ ਬੜੇ ਕੌਤਕ ਉਥੇ ਹੋਏ ਕਿ ਜੋ ਸਾਗਰ ਸੀ, ਜਿਸਨੂੰ ਪੁਸ਼ਕਰ ਤੀਰਥ ਕਹਿੰਦੇ ਨੇ, ਉਥੇ ਨਾਹੁੰਣ ਵਾਸਤੇ ਗਏ, ਉਹਦੇ ਮੁਰੀਦ। ਹਿੰਦੂਆਂ ਨੇ ਇਸ਼ਨਾਨ ਨਾ ਕਰਨ ਦਿੱਤਾ। ਧੱਕੇ ਮਾਰੇ, ਪੀਰ ਕੋਲ ਆ ਕੇ ਸਾਰੀ ਗੱਲ ਦੱਸੀ। ਪੀਰ ਕਹਿੰਦਾ ਮੇਰਾ ਇੱਕ ਪਿਆਲਾ ਲੈ ਜਾਓ, ਭਰ ਲਿਆਓ, ਪਾਣੀ ਦਾ। ਇੱਕ ਪਿਆਲਾ ਔਰੰਗਜ਼ੇਬ ਨੇ ਓਸਨੂੰ ਭਰਨ ਵੇਲੇ ਯਤਨ ਕੀਤਾ ਤਾਂ ਇਹ ਦਸਦੇ ਨੇ ਉਹਦਾ ਪੜ ਪਾਟਿਆ ਹੋਇਆ ਸੀ ਤੇ ਜੀਵ ਜੰਤੂ ਜਿਸ ਵਕਤ ਤੜਫਣ ਲੱਗੇ, ਪ੍ਰਿਥਵੀ ਰਾਜ ਚੌਹਾਨ ਆਪ ਗਿਆ, ਬੇਨਤੀ ਕਰੀ ਤੇ ਉਸਨੇ ਉਹ ਪਿਆਲਾ ਵਾਪਸ ਪਾ ਦਿੱਤਾ। ਸਾਰਾ ਜਿਹੜਾ ਤੀਰਥ ਸੀ, ਪੁਸ਼ਕਰ ਤੀਰਥ ਸਾਰਾ ਮੁੜ ਕੇ ਫੇਰ ਪਾਣੀ ਨਾਲ ਭਰ ਗਿਆ। ਐਸੀਆਂ ਸ਼ਕਤੀਆਂ ਪੀਰ ਲੋਕ ਵੀ ਦਿਖਾਇਆ ਕਰਦੇ ਸੀ। ਉਹਦੇ ਕੋਲ ਵੀ ਇੱਕ ਸ਼ਕਤੀ ਵਾਲਾ ਰਾਜਪਾਲ ਸੀਗਾ। ਬੜੀਆਂ ਉਨ੍ਹਾਂ ਦੀਆਂ ਆਪਸ ਵਿਚ ਸ਼ਕਤੀਆਂ ਦੀਆਂ ਲੜਾਈਆਂ ਹੋਈਆਂ। ਅਖੀਰ ਮਯੁਦੀਨ ਨੇ ਆਪਣੀ ਸ਼ਕਤੀ ਦੇ ਨਾਲ ਉਸਨੂੰ ਇਸਲਾਮ ਵਿਚ ਲੈ ਆਂਦਾ। ਇਨ੍ਹਾਂ ਗੱਲਾਂ ਤੋਂ ਡਰਦੇ ਹੋਏ ਜੋਗੀ, ਭਾਰਤ ਵਰਸ਼ ਨੂੰ ਛੱਡ ਕੇ ਪਹਾੜਾਂ ਦੇ ਓਸ ਕੋਨੇ 'ਚ ਚਲੇ ਗਏ, ਜਿੱਥੇ ਮਨੁੱਖ ਜਾ ਹੀ ਨਹੀਂ ਸੀ ਸਕਦਾ। ਔਸ਼ਧੀਆਂ ਖਾਂਦੇ ਸੀ ਤੇ ਉਨ੍ਹਾਂ ਕੋਲ ਉਡਣ ਦੀ ਸ਼ਕਤੀ ਸੀ। ਪਹਾੜਾਂ ਦੇ ਉਤੇ ਦੀ ਹੋ ਕੇ ਓਸ ਥਾਂ 'ਤੇ ਪਹੁੰਚ ਜਾਂਦੇ ਨੇ ਤੇ ਜਦੋਂ ਗੁਰੂ ਨਾਨਕ ਪਾਤਸ਼ਾਹ ਪਹਾੜ ਚੜ੍ਹਦੇ ਹੋਏ ਜਾ ਰਹੇ ਨੇ। ਓਸ ਵੇਲੇ ਜੋਗੀਆਂ ਨੇ ਦੇਖਿਆ ਕਿ ਕੋਈ ਮਨੁੱਖ ਆ ਰਹੇ ਨੇ ਕਿ ਪਹਾੜਾਂ 'ਤੇ ਚੜ੍ਹਦੇ ਹੋਏ ਆ ਰਹੇ ਨੇ। ਬਰਫਾਂ 'ਤੇ ਚਲੇ ਆ ਰਹੇ ਨੇ। ਇਨ੍ਹਾਂ ਕੋਲ ਕਿਹੜੀ ਸ਼ਕਤੀ ਹੈ ਜਿਹਦੇ ਕਰਕੇ ਇੱਥੇ ਪਹੁੰਚ ਗਏ। ਜਦੋਂ ਸਿੱਧਾਂ ਦੇ ਪਾਸ ਗੁਰੂ ਨਾਨਕ ਦੇਵ ਜੀ ਜਾਂਦੇ ਨੇ, ਬੈਠ ਗਏ, ਬਚਨ ਬਿਲਾਸ ਚੱਲ ਪਏ ਉਨ੍ਹਾਂ ਦੇ। ਓਸ ਵੇਲੇ ਸਾਰੇ ਸਿੱਧਾਂ ਨੇ ਏਸ ਗੱਲ ਨੂੰ ਜਾਨਣ ਦਾ ਯਤਨ ਕੀਤਾ ਕਿ ਇਹ ਕੋਈ ਵਲੀ ਪੁਰਸ਼ ਆ ਗਿਆ। ਵੈਸੇ ਤਾਂ ਇੱਥੇ ਕੋਈ ਪਹੁੰਚ ਹੀ ਨਹੀਂ ਸਕਦਾ ਤੇ ਇਹ ਆ ਗਏ। ਇਸ ਤੋਂ ਪਹਿਲਾਂ ਹਿੰਦੋਸਤਾਨ ਦਾ ਹਾਲ ਚਾਲ ਪੁੱਛਣਾ ਚਾਹੀਦਾ ਹੈ। ਜਿਹਨੂੰ ਇਹ ਮਾਤ ਲੋਕ ਕਹਿੰਦੇ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਉਨ੍ਹਾਂ ਨੇ ਇਸ ਤਰ੍ਹਾਂ ਦੇ ਪ੍ਰਸ਼ਨ ਕਰਕੇ ਪੁੱਛ ਕੀਤੀ-

*ਧਾਰਨਾ - ਮਾਤ ਲੋਕ ਵਿਚ ਕੀ ਹੈ ਵਰਤਾਰਾ,*
*ਸਿੱਧ ਪੁੱਛਣ ਦੱਸੀਂ ਨਾਨਕਾ।*

*ਫਿਰਿ ਪੁਛਣਿ ਸਿਧ ਨਾਨਕਾ!*

*ਮਾਤ ਲੋਕ ਵਿਚਿ ਕਿਆ ਵਰਤਾਰਾ?*

*ਭਾਈ ਗੁਰਦਾਸ ਜੀ, ਵਾਰ /੨੯*

ਕਿਉਂਕਿ ਤੂੰ ਹੁਣੇ-ਹੁਣੇ ਹਿੰਦੋਸਤਾਨ ਤੋਂ ਆਇਆ ਹੈ, ਭਾਰਤ ਵਰਸ਼ 'ਚੋਂ ਆਇਆ ਹੈ। ਇਹ ਦੱਸ ਕਿ ਉਥੇ ਹੁਣ ਕੀ ਵਰਤ ਰਹੀ ਹੈ। ਕਿਸ ਤਰ੍ਹਾਂ ਦੇ ਨਾਲ ਲੋਕ ਰਹਿ ਰਹੇ ਨੇ, ਕਿਵੇਂ ਕਰਮ ਧਰਮ ਚੱਲ ਰਹੇ ਨੇ, ਕਿਵੇਂ ਪੂਜਾ ਪਾਠ ਚੱਲ ਰਹੇ ਨੇ। ਕਿਸ ਤਰ੍ਹਾਂ ਦੇ ਨਾਲ ਪਰਜਾ ਰਹਿ ਰਹੀ ਹੈ। ਕਿਸ ਤਰ੍ਹਾਂ ਦੇ ਨਾਲ ਉਪਦੇਸ਼ਕ ਲੋਕ ਜਿਹੜੇ ਨੇ ਉਹ ਰਹਿ ਰਹੇ ਨੇ? ਕਿਸ ਤਰ੍ਹਾਂ ਦੇ ਨਾਲ ਸੇਵਾ ਕਰਨ ਵਾਲੇ ਸੇਵਕ ਨੇ, ਚੇਲੇ ਨੇ ਕਿਵੇਂ ਰਹਿ ਰਹੇ ਨੇ? ਰਾਜੇ ਕਿਹੋ ਜਿਹੇ ਨੇ, ਇਸਤਰੀ ਤੇ ਪੁਰਖਾਂ ਨੇ ਮਰਿਯਾਦਾ ਕਾਇਮ ਰੱਖੀ ਹੋਈ ਹੈ ਕਿ ਛੱਡ ਦਿੱਤੀ? ਇਹ ਸਵਾਲ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਕਰ ਦਿੱਤਾ।

*ਸਭ ਸਿਧੀ ਇਹ ਬੁਝਿਆ*
*ਕਲਿ ਤਾਰਣਿ ਨਾਨਕ ਅਵਤਾਰਾ।*

*ਭਾਈ ਗੁਰਦਾਸ ਜੀ, ਵਾਰ /੨੯*

ਬਚਨਾਂ ਤੋਂ ਬੁੱਝ ਲਿਆ ਕਿ ਕਲਜੁਗ ਨੂੰ ਤਾਰਨ ਵਾਲਾ ਇਹ ਆ ਗਿਆ ਗੁਰੂ ਨਾਨਕ।

ਬਾਬੇ ਕਿਹਾ ਨਾਥ ਜੀ!

ਕੀ ਦੱਸੀਏ? ਸੱਚ ਦਾ ਚੰਦਰਮਾ ਅਲੋਪ ਹੋ ਗਿਆ ਤੇ ਕੂੜ ਦਾ ਅੰਧਿਆਰਾ ਮੱਸਿਆ ਪੈ ਗਈ ਪੱਕੀਓ ਹੀ। ਚਾਨਣ ਨਜ਼ਰ ਨਹੀਂ ਆਉਂਦਾ -

*ਬਾਬੇ ਆਖਿਆ: ਨਾਥ ਜੀ! ਸਚੁ ਚੰਦਰਮਾਂ ਕੂੜੁ ਅੰਧਾਰਾ।*

*ਭਾਈ ਗੁਰਦਾਸ ਜੀ, ਵਾਰ /੨੯*

ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ ਤੇ ਮੈਂ ਟੋਲ੍ਹਦਾ ਫਿਰਦਾ ਹਾਂ ਕਿ ਕਿਤੇ ਕੋਈ ਕਿਰਨ ਰੋਸ਼ਨੀ ਦੀ ਨਜ਼ਰ ਆ ਜਾਵੇ ਲੇਕਿਨ ਆਈ ਨਹੀਂ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ।

*ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,*
*ਸੱਚ ਵਾਲਾ ਕਾਲ ਪੈ ਗਿਆ।*

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥*
*ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥*
*ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥*
*ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥*
*ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ ੧ ॥*
*ਮਃ ੧ ॥*
*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥*
*ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥*
*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥*
*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥*
*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ*
*ਛਡਿ ਬਹਹਿ ਘਰ ਬਾਰੁ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥*

*ਅੰਗ - ੪੬੯*

ਕਹਿੰਦੇ, ਨਾਥ ਜੀ! ਸੱਚ ਦਾ ਕਾਲ ਪੈ ਗਿਆ। ਸਾਰੇ ਪਾਖੰਡ ਹੀ ਪਾਖੰਡ ਤੇ ਨਿਰਜਿੰਦ ਰਸਮਾਂ ਆ ਗਈਆਂ। ਕੁਛ ਨਹੀਂ ਪਤਾ ਲਗਦਾ। ਜੋ ਰਾਜੇ ਦੀ ਗੱਲ ਕਰੀ ਹੈ, ਲਬ ਬਣ ਗਿਆ ਤੇ ਪਾਪ ਬਣ ਗਿਆ ਰਾਜਾ, ਲੋਕਾਂ ਦਾ ਧਨ ਖੋਹ-ਖੋਹ ਕੇ, ਇਕੱਠਾ ਕਰਕੇ ਖਜ਼ਾਨੇ ਭਰ ਲਏ, ਟੈਕਸ ਲਾ-ਲਾ ਕੇ, ਜੇਜ਼ੀਏ ਲਾ-ਲਾ ਕੇ, ਐਨਾ ਲਬ ਹੋ ਗਿਆ ਕਿ ਬੇਅੰਤ ਧਨ ਇਕੱਠਾ ਕਰਕੇ ਆਪ ਐਸ਼ਾਂ ਕਰਦੇ ਨੇ ਤੇ ਜਿਹੜਾ ਵਜ਼ੀਰ ਹੈ ਉਹ ਪਾਪ ਦਾ ਰੂਪ ਧਾਰ ਕੇ, ਗਲਤ ਪਾਸੇ ਪੈ ਗਿਆ। ਜਿਹੜੇ ਰਾਖੀ ਕਰਨ ਵਾਲੇ ਨੇ ਪਰਜਾ ਦੇ, ਪਰਜਾ ਨੂੰ ਉਨ੍ਹਾਂ ਨੇ ਖਾਣਾ ਸ਼ੁਰੂ ਕਰ ਦਿੱਤਾ। ਵਾੜ ਖੇਤ ਨੂੰ ਖਾ ਰਹੀ ਹੈ ਤੇ ਜੋ ਰਾਜ ਗੱਦੀ 'ਤੇ ਬੈਠੇ ਨੇ, ਰਾਜੇ ਦਾ ਧਰਮ ਹੋਇਆ ਕਰਦਾ ਹੈ ਕਿ -

*ਰਾਜੇ ਚੁਲੀ ਨਿਆਵ ਕੀ ..........॥ ਅੰਗ - ੧੨੪੦*

ਨਿਆਂ ਕਰਨਾ, ਪਰਜਾ ਨੂੰ ਪਾਲਣਾ। ਪਰਜਾ ਨੂੰ ਬਾਲ-ਬੱਚੇ ਸਮਝਣਾ, ਆਪਣਾ ਸਮਝਣਾ। ਰਾਜੇ ਨੂੰ ਤਾਂ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਪਰਜਾ ਦੀ ਸੇਵਾ ਕਰੇ, ਸੇਵਾ ਕਰਨ ਦੇ ਨਾਲ ਰਾਜੇ ਦਾ ਉਧਾਰ ਹੋ ਜਾਂਦਾ ਹੈ। ਜੋ ਹੁਣ ਦੇ ਰਾਜੇ ਨੇ, ਮਹਾਰਾਜ ਕਹਿਣ ਲੱਗੇ ਕਿ ਸੇਵਾ ਤਾਂ ਉਨ੍ਹਾਂ ਨੇ ਕੀ ਕਰਨੀ ਹੈ, ਉਹ ਤਾਂ ਜਿਵੇਂ ਭੇਡ ਬੱਕਰੀਆਂ ਨੂੰ ਕਸਾਈ ਵੱਢਦੇ ਨੇ, ਐਸ ਤਰ੍ਹਾਂ ਦੇ ਨਾਲ ਵੱਢ ਰਹੇ ਨੇ ਤੇ ਉਹ ਰਾਜੇ ਨਹੀਂ ਹਨ। ਐਉਂ ਲਗਦਾ ਹੈ ਕਿ ਤਪ ਤੋਂ ਹੀਣੇ ਲੋਕ, ਜਿਨ੍ਹਾਂ ਦੀ ਬਿਰਤੀ ਕਸਾਈਆਂ ਵਾਲੀ ਹੈ, ਉਹ ਰਾਜ ਗੱਦੀਆਂ 'ਤੇ ਕਬਜ਼ਾ ਕਰਕੇ ਬੈਠ ਗਏ ਨੇ, ਐਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ-

*ਧਾਰਨਾ - ਰਾਜ ਗੱਦੀਆਂ 'ਤੇ ਕਸਾਈ ਆ ਕੇ ਬੈਠ ਗਏ।,*
*ਡਾਕੂ ਬਣ ਗਏ ਰਾਖੇ ਪਰਜਾ ਦੇ।*

*ਕਲਿ ਆਈ ਕੁਤੇ ਮੁਹੀ*
*ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨੁ*
*ਕੂੜੁ ਕੁਸਤਿ ਮੁਖਹੁ ਆਲਾਈ।*
*ਚੇਲੇ ਸਾਜ ਵਜਾਇਦੇ*
*ਨਚਨਿ ਗੁਰੂ ਬਹੁਤੁ ਬਿਧਿ ਭਾਈ।*
*ਸੇਵਕ ਬੈਠਨਿ ਘਰਾਂ ਵਿਚਿ*
*ਗੁਰ ਉਠਿ ਘਰੀ ਤਿਨਾੜੇ ਜਾਈ।*
*ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।*
*ਇਸਤ੍ਰੀ ਪੁਰਖੈ ਦਾਮ ਹਿਤ*
*ਭਾਵੈ ਆਇ ਕਿਥਾਊ ਜਾਈ।*
*ਵਰਤਿਆ ਪਾਪ ਸਭਸ ਜਗ ਮਾਂਹੀ॥*

*ਭਾਈ ਗੁਰਦਾਸ ਜੀ, ਵਾਰ ੧/੩੦*

ਕਹਿਣ ਲੱਗੇ, ਨਾਥ ਜੀ! ਮਰੀਆਂ ਹੋਈਆਂ ਚੀਜ਼ਾਂ ਨੂੰ ਖਾਣ ਵਾਲੇ ਆ ਗਏ, ਪਰਜਾ ਨੂੰ ਖਾ ਰਹੇ ਨੇ, ਲੁੱਟ ਰਹੇ ਨੇ, ਬੇਗਾਨਾ ਹੱਕ ਖਾ ਰਹੇ ਨੇ ਤੇ ਕੁੱਤੀ ਮੂਹੀ ਆ ਗਈ। ਰਾਜੇ ਧਰਮ ਕਰਦੇ ਸੀ, ਨਿਆਂ ਕਰਦੇ ਸੀ, ਪਰਜਾ ਦੇ ਮਾਤਾ ਪਿਤਾ ਕਹਾਉਂਦੇ ਸੀ। ਪਰਜਾ ਰੱਬ ਤੋਂ ਦੂਸਰਾ ਦਰਜਾ ਰਾਜੇ ਨੂੰ ਦਿਆ ਕਰਦੀ ਸੀ। ਪਰ ਹੁਣ

*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।*

ਇਹ ਤਾਂ ਵਾੜ ਹੀ ਖੇਤ ਨੂੰ ਖਾਣ ਲਗ ਗਈ –

*ਪਰਜਾ ਅੰਧੀ ਗਿਆਨ ਬਿਨੁ*
*ਕੂੜ ਕੁਸਤਿ ਮੁਖਹੁ ਆਲਾਈ।*

ਪਰਜਾ ਨੂੰ ਕੋਈ ਗਿਆਨ ਨਹੀਂ, ਕੋਈ ਪਤਾ ਨਹੀਂ ਕਿ ਅਸੀਂ ਆਪਣੇ ਹੱਕਾਂ ਦੀ ਰਾਖੀ ਕਿਵੇਂ ਕਰਨੀ ਹੈ, ਆਪਣਾ ਜੀਵਨ ਕਿਵੇਂ ਗੁਜ਼ਾਰਨਾ ਹੈ। ਬਿਲਕੁਲ ਅਣਜਾਣ ਹੋ ਗਏ ਤੇ ਓਧਰ ਰਾਜੇ ਦੂਜੇ ਪਾਸੇ ਨੇ ਤੇ ਪਰਜਾ ਇਧਰਲੇ ਪਾਸੇ ਨੇ, ਦੋਹੇਂ ਇੰਤਹਾ (extreme) ਦੇ ਉਤੇ ਨੇ। ਦੋਵੇਂ ਭੁੱਲੀਂ ਫਿਰਦੇ ਨੇ, ਪਰਜਾ ਵੀ ਭੁੱਲੀਂ ਫਿਰਦੀ ਹੈ, ਰਾਜੇ ਵੀ ਭੁੱਲੇ ਫਿਰਦੇ ਨੇ ਤੇ ਗਿਆਨ ਹੈ ਨਹੀਂ, ਝੂਠ ਤੂਫਾਨ ਮੂੰਹੋਂ ਬੋਲੀ ਜਾਂਦੇ ਨੇ। ਆਪਸ ਵਿਚ ਇਤਫਾਕ ਨਹੀਂ ਕਿਸੇ ਦਾ ਵੀ। ਜਿਹੜੇ ਆਚਾਰੀਆਂ ਨੇ ਉਹ ਵੀ ਗਿਰ ਚੁੱਕੇ ਨੇ, ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਚਦੇ ਫਿਰਦੇ ਨੇ। ਸੇਵਕ ਘਰਾਂ 'ਚ ਬੈਠੇ ਨੇ, ਹੁਣ ਗੁਰੂ ਟੋਲ੍ਹਦਾ ਫਿਰਦਾ ਹੈ ਕਿ ਫਲਾਣਾ ਸੇਵਕ ਜੇ ਮੇਰੇ ਕਾਬੂ ਆ ਜਾਵੇ, ਪੈਸੇ ਵਾਲਾ ਹੈ, ਉਹਦਾ ਰਸੂਖ ਵੀ ਹੈ, ਉਹਦੇ ਨਾਲ ਆਹ ਪਿੰਡ ਸਾਰਾ ਹੀ ਆ ਜਾਏਗਾ। ਉਹਨੂੰ ਟੋਲ੍ਹਦੇ ਨੇ, ਉਹਦੀ ਵਡਿਆਈ ਕਰਦੇ ਨੇ, ਪਬਲਿਕ ਦੇ ਵਿਚ ਸਿਰੋਪੇ ਦਿੰਦੇ ਨੇ। ਬੜਾ ਮਾਣ ਕਰਦੇ ਨੇ ਕਿ ਇਹ ਲੱਭ ਜਾਵੇ ਮੈਨੂੰ। ਕਹਿੰਦੇ, ਸੇਵਕਾਂ ਨੂੰ ਭਾਲਣ ਵਾਸਤੇ ਗੁਰੂ ਉਨ੍ਹਾਂ ਦੇ ਘਰ ਤੁਰੇ ਫਿਰਦੇ ਨੇ ਕਿ ਆਹ ਬੰਦਾ ਸਾਡੇ ਤੋਂ ਦੂਰ ਨਾ ਹੋ ਜਾਵੇ ਕਿਤੇ, ਤੇ ਸੇਵਕ ਜਿਹੜੇ ਨੇ ਬੇਪਰਵਾਹ ਨੇ ਗੁਰੂ ਦੇ ਦਰਸ਼ਨ ਨੂੰ ਨਹੀਂ ਜਾਂਦੇ, ਘਰ 'ਚ ਬਹਿੰਦੇ ਨੇ। ਗੁਰੂ ਆਪ ਤੁਰੇ ਫਿਰਦੇ ਨੇ ਸੇਵਕਾਂ ਦੇ ਘਰਾਂ 'ਚ। ਜਿਹੜੇ ਜੱਜ ਨੇ ਇਹ ਰਿਸ਼ਵਤ ਤੋਂ ਬਗੈਰ ਕੋਈ ਗੱਲ ਨਹੀਂ ਕਰਦੇ। ਪੈਸੇ ਲੈਂਦੇ ਨੇ। ਜਿਹਦਾ ਹੱਕ ਹੈ ਉਹ ਦੂਸਰੇ ਨੂੰ ਦੇ ਦਿੰਦੇ ਨੇ। ਜਿਹੜਾ ਬੇਕਸੂਰ ਹੈ ਉਹਦੇ ਉਤੇ ਕਸੂਰ ਪਾ ਦਿੰਦੇ ਨੇ। ਕੇਸ ਪਾ ਦਿੰਦੇ ਨੇ, ਕਹਿੰਦੇ ਆਹ ਹੋ ਰਿਹਾ ਹੈ। ਪਹਿਲਾਂ ਇਸਤ੍ਰੀ ਪਤੀਵਰਤਾ ਹੁੰਦੀ, ਆਪਣੇ ਪਤੀ ਤੋਂ ਬਗੈਰ ਕਿਸੇ ਦਾ ਪਰਛਾਵਾਂ ਆਪਣੇ ਸਰੀਰ 'ਤੇ ਨਹੀਂ ਸੀ ਪੈਣ ਦਿੰਦੀ। ਜੋ ਪਤੀ ਹੋਇਆ ਕਰਦਾ ਸੀ ਉਹ ਸਤਿ ਦਾ ਜੀਵਨ ਬਤੀਤ ਕਰਨ ਵਾਲਾ ਹੋਇਆ ਕਰਦਾ ਸੀ। ਕਿਸੇ ਪਰਾਈ ਇਸਤ੍ਰੀ ਵਲ ਨਿਗ੍ਹਾ ਚੁੱਕ ਕੇ ਨਹੀਂ ਸੀ ਦੇਖਦਾ। ਕਹਿੰਦੇ, ਇਹ ਮਰਿਯਾਦਾ ਟੁੱਟ ਗਈ, ਇਸਤਰੀਆਂ ਦੇ ਆਪਣੇ ਰਾਹ ਨੇ, ਪਤੀਆਂ ਦੇ ਆਪਣੇ ਰਾਹ ਨੇ, ਪਿਆਰ ਕਿਸ ਚੀਜ਼ ਦਾ ਰਹਿ ਗਿਆ, ਸਾਂਝ ਕਿਸ ਚੀਜ਼ ਦੀ ਰਹਿ ਗਈ, ਪੈਸੇ ਦੀ ਸਾਂਝ ਰਹਿ ਗਈ। ਉਹ ਭਾਵੇਂ ਕਿਤੇ ਤੁਰਿਆ ਫਿਰੇ, ਉਹ ਕਿਤੇ ਤੁਰੀ ਫਿਰੇ, ਪੈਸਾ ਹੋਣਾ ਚਾਹੀਦਾ ਹੈ। ਪੈਸਾ ਇਨ੍ਹਾਂ ਨੂੰ ਇੱਕ ਦੂਜੇ ਨਾਲ ਜੋੜਦਾ ਹੈ, ਪਿਆਰ ਨਹੀਂ ਰਿਹਾ। ਕੀ ਦੱਸੀਏ, ਪਾਪ ਦਾ ਪਸਾਰਾ ਹੋ ਗਿਆ ਸਾਰੇ। ਪਾਪ ਹੀ ਪਾਪ ਨਜ਼ਰ ਆਉਂਦਾ ਹੈ।

ਰਾਜੇ ਕਸਾਈ ਬਣ ਗਏ, ਕਲਜੁਗ ਦੀ ਕੈਂਚੀ ਦੇ ਨਾਲ ਪਰਜਾ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਇਨ੍ਹਾਂ ਨੇ –

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*

*ਅੰਗ – ੧੪੫*

ਕਹਿੰਦੇ ਨਾਥ ਜੀ! ਘੁੱਪ ਹਨ੍ਹੇਰ ਪਿਆ ਹੈ, ਕੋਈ ਰਸਤਾ ਨਹੀਂ ਲੱਭਦਾ, ਨਾ ਮੱਠਾਂ 'ਤੇ ਕੋਈ ਰਸਤਾ ਹੈ, ਨਾ ਮੰਦਰਾਂ 'ਚ ਕੋਈ ਰਾਹ ਲੱਭਦਾ ਹੈ, ਨਾ ਕਿਤੇ ਮਸੀਤਾਂ 'ਚ ਰਾਹ ਲੱਭਦਾ ਹਾਂ। ਮੈਂ ਸਾਰੇ ਫਿਰ ਤੁਰ ਕੇ ਆਇਆ ਹਾਂ।

*ਵਿਚਿ ਹਉਮੈ ਕਰਿ ਦੁਖੁ ਰੋਈ ॥*

*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - ੧੪੫*

ਹੋਏਗਾ ਕੀ ਸੰਸਾਰ ਦਾ? ਇਹ ਤਾਂ ਇੱਕ ਹੋਵੇ ਤਾਂ ਹੋਵੇ, ਇਹ ਤਾਂ ਬਿਮਾਰੀ ਫੈਲ ਗਈ ਸਾਰੇ। ਐਸਾ ਹਾਲ ਹੋ ਗਿਆ ਉਨ੍ਹਾਂ ਦਾ, ਕਰਮ ਧਰਮ ਸਾਰੇ ਟੁੱਟ ਗਏ ਪਹਿਲੇ ਜੁਗਾਂ ਦੇ। ਕਿਉਂ ਟੁੱਟ ਗਏ? ਕਹਿੰਦੇ, ਨੀਚ ਦੇ ਘਰ ਜਨਮ ਹੋ ਗਿਆ।

*ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥*
*ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਅੰਗ - ੧੬੧*

ਉਸ ਨੇ ਆਪਣੀ ਨੀਚਤਾ ਫੈਲਾਉਣੀ ਸ਼ੁਰੂ ਕਰ ਦਿੱਤੀ।

*ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ ਅੰਗ - ੧੬੧*

ਬਾਕੀ ਜਿਹੜੇ ਰਾਜੇ ਨੇ ਇਹ ਤਾਂ ਸ਼ੇਰਾਂ ਵਾਂਗੂੰ ਮਾਰਦੇ ਨੇ ਪਬਲਿਕ ਨੂੰ। ਰਾਜੇ ਤੇ ਮੁਕੱਦਮ, ਇੰਤਜ਼ਾਮ ਕਰਨ ਵਾਲੇ ਛੋਟੇ ਅਫਸਰ, ਇਹ ਰਾਜੇ ਦੇ ਕੋਲ ਜਾ ਕੇ ਚੁਗਲੀਆਂ ਕਰਦੇ ਨੇ। ਮੁਖਬਰੀਆਂ ਕਰਦੇ ਨੇ ਕਿ ਆਹ ਬੰਦਾ ਐਉਂ ਕਹਿੰਦਾ ਹੈ ਜੀ ਤੁਹਾਨੂੰ। ਮਹਾਰਾਜ! ਇਹਦੇ ਕੋਲ ਬੜਾ ਧਨ ਹੈ, ਜੇ ਥੋੜ੍ਹਾ ਜਿਹਾ ਖਿੱਚ ਦੇਵੋਂ ਤੁਹਾਨੂੰ ਧਨ ਹੀ ਧਨ ਮਿਲ ਜਾਏਗਾ। ਥੋੜ੍ਹੀ ਜਿਹੀ ਤੰਗੀ ਕਰ ਦਿਓ, ਦੇਖੋ ਤਾਂ ਫਰੀ ਲੈ ਜਾਓ ਫੜ ਕੇ ਦੇਖੋ, ਕਿਵੇਂ ਧਨ ਕਢਦਾ ਹੈ। ਇਹਦੀਆਂ ਲੜਕੀਆਂ ਬੜੀਆਂ ਖੂਬਸੂਰਤ ਨੇ ਮਹਾਰਾਜ। ਇਹਦੇ ਕੋਲ ਹੋਰ ਬੜੀਆਂ ਚੀਜ਼ਾਂ ਨੇ। ਲੇਕਿਨ ਤੁਹਾਡਾ ਦੋਖੀ ਹੈ ਇਹ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਤਾਂ ਰਾਜ ਪ੍ਰਬੰਧ ਚਲਦਾ ਹੈ।

*ਰਾਜੇ ਸੀਹ ਮੁਕਦਮ ਕੁਤੇ ॥*
*ਜਾਇ ਜਗਾਇਨਿ੍ ਬੈਠੇ ਸੁਤੇ ॥ ਅੰਗ - ੧੨੮੮*

ਰਾਜੇ ਸ਼ੇਰ ਨੇ ਤੇ ਹਾਕਮ ਕੁੱਤੇ ਬਣੇ ਹੋਏ ਨੇ। ਰਾਜਾ ਬੈਠਾ ਹੈ ਚੁੱਪ ਕਰਿਆ ਹੋਇਆ, ਚੁਗਲੀਆਂ ਕਰ-ਕਰ ਕੇ ਉਹਨੂੰ ਜਗਾ ਦਿੰਦੇ ਨੇ। ਉਹ ਕੀ ਕਰਦਾ ਹੈ, ਕਹਿੰਦੇ ਫੇਰ ਉਹ ਝਪਟਾ ਮਾਰਦਾ ਹੈ।

*ਚਾਕਰ ਨਹਦਾ ਪਾਇਨਿ੍ ਘਾਉ ॥ ਅੰਗ - ੧੨੮੮*

ਚਾਕਰਾਂ ਨੂੰ ਹੁਕਮ ਦੇ ਦਿੰਦਾ ਹੈ, ਉਹ ਨਹੁੰਦਰਾਂ ਦੇ ਨਾਲ ਵਲੂੰਦਰ ਦਿੰਦੇ ਨੇ ਉਹਨੂੰ। ਉਹਦਾ ਧਨ ਵੀ ਖੋਹ ਲੈਂਦੇ ਨੇ, ਦੁਖੀ ਕਰਦੇ ਨੇ। ਕਹਿੰਦੇ ਜਿਹੜਾ ਬਾਕੀ ਕੁਛ ਥੋੜ੍ਹਾ ਬਹੁਤਾ ਬਚ ਜਾਂਦਾ ਹੈ -

*ਰਤੁ ਪਿਤੁ ਕੁਤਿਹੋ ਚਟਿ ਜਾਹੁ ॥ ਅੰਗ - ੧੨੮੮*

ਕਹਿੰਦੇ ਜਿਹੜੇ ਛੋਟੇ ਹਾਕਮ ਨੇ, ਜਦੋਂ ਰਾਜੇ ਦੀ ਨਿਗ੍ਹਾ ਗਲਤ ਹੋ ਗਈ ਫੇਰ ਕੁੱਤੇ ਉਹਦਾ ਖੂਨ ਆਪ ਚੱਟ ਜਾਂਦੇ ਨੇ। ***'ਜਿਥੈ ਜੀਆਂ ਹੋਸੀ ਸਾਰ'*** ਪਰ ਵਾਹਿਗੁਰੂ ਤਾਂ ਸਾਰਿਆਂ ਨੂੰ ਸੰਭਾਲਣ ਵਾਲਾ ਹੈ, ਜਦੋਂ ਪੁੱਛ ਹੋਈ ਉਥੇ ਦਰਗਾਹ 'ਚ ਜਾ ਕੇ, ਇਨ੍ਹਾਂ ਦੇ ਨੱਕ ਵੱਢੇ ਜਾਣੇ ਨੇ। ਸੋ ਇਸ ਤਰ੍ਹਾਂ ਦੇ ਨਾਲ ਰਾਜੇ ਨੂੰ ਜਿਹੜੀ ਪਰਜਾ ਚੌਧਰੀ ਨੇ, ਮੁਕਦਮ ਨੇ, ਇਹ ਜਗਾਉਂਦੇ ਨੇ, ਉਹ ਕਹਿੰਦੇ ਨਹੁੰਦਰਾਂ ਦੇ ਨਾਲ ਧਨ ਮਾਲ ਲੁੱਟ ਕੇ, ਜਿਹੜਾ ਬਾਕੀ ਦੀ ਥੋੜੀ ਬਹੁਤੀ ਰੱਤ ਉਨ੍ਹਾਂ 'ਚ ਰਹਿ ਜਾਂਦੀ ਹੈ, ਉਹਨੂੰ ਇਹ ਕਹਿੰਦੇ ਨੇ ਕੁੱਤੇ ਚੱਟ ਜਾਂਦੇ ਨੇ। ਆਹ ਹਾਲ ਕਹਿੰਦੇ ਭਾਈ ਮਾਤ ਲੋਕ ਦੇ ਵਿਚ ਹੋ ਰਿਹਾ ਹੈ। ਬਾਕੀ ਜਿਹੜੇ ਹੈਗੇ ਆਗੂ ਸੰਸਾਰ ਦੇ, ਉਨ੍ਹਾਂ ਦੀਆਂ ਅੱਖਾਂ ਨਹੀਂ ਰਹੀਆਂ, ਭੇਖ ਦੇ ਵਿਚ ਪੈ ਗਏ, ਭਰਮਾਂ 'ਚ ਪੈ ਗਏ, ਲੋਕਾਂ ਨੂੰ ਵੰਡ ਦਿੱਤਾ, ਮਰਿਆਦਾ ਸੰਪਰਦਾਵਾਂ ਬਣ ਗਈਆਂ। ਹਿੰਦੋਸਤਾਨ 'ਚ ਕਿੰਨੀਆਂ ਹੀ ਸੰਪਰਦਾਵਾਂ ਨੇ, ਕਦੇ ਸੋਚ ਕੇ ਦੇਖੋ। ਇੱਕ ਸੰਤ ਹੋਏ ਨੇ ਗਣੇਸ਼ਾ ਦਾਸ ਜੀ, ਉਨ੍ਹਾਂ ਨੇ ਹਿੰਦੋਸਤਾਨ 'ਚ ਫਿਰ ਕੇ ਇੱਕ ਲਿਸਟ ਬਣਾਈ ਕਿ ਕਿੰਨੀਆਂ ਸੰਪਰਦਾਵਾਂ ਨੇ, ਉਨ੍ਹਾਂ ਨੇ ਗਿਣਿਆ ਕਿ 33,200 ਸੰਪਰਦਾਵਾਂ ਹਿੰਦੋਸਤਾਨ 'ਚ ਨੇ, ਜਿਸ ਦੇਸ਼ 'ਚ 33000 ਕਿਸਮ ਦੇ ਮਾਨਤਾ ਕਰਨ ਵਾਲੇ ਰਹਿੰਦੇ ਹੋਣ, ਉਥੇ ਏਕਤਾ ਕਿਵੇਂ ਹੋ ਸਕਦੀ ਹੈ। ਉਥੇ ਇੱਕ ਖਿਆਲ 'ਤੇ ਕਿਵੇਂ ਆ ਸਕਦੇ ਨੇ, ਮਹਾਰਾਜ ਕਹਿੰਦੇ, ਪਾਰ ਕੋਈ ਨਹੀਂ ਲੰਘ ਰਿਹਾ। ਉਹ ਤਾਂ ਜਿੰਨੀ ਪਰਜਾ ਸੀ, ਜਿੰਨੀ ਦੁਨੀਆਂ ਸੀ, ਕਹਿੰਦੇ ਅੰਨ੍ਹੇ ਆਗੂਆਂ ਨੇ, ਅੰਨ੍ਹੇ ਖੂਹ ਵਿਚ ਸੁੱਟ ਦਿੱਤੀ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਅੰਨ੍ਹੇ ਖੂਹ ਵਿਚ ਸੁੱਟ 'ਤੀ,*
*ਦੁਨੀਆਂ ਅੰਨ੍ਹੇ ਆਗੂਆਂ ਨੇ।*

ਮਹਾਰਾਜ ਕਹਿੰਦੇ, ਨਾਥ ਜੀ! ਜਿਹੜੇ ਅਨੁਭਵ ਤੋਂ ਹੀਣੇ ਨੇਤ੍ਰਹੀਣ ਆਗੂ ਨੇ, ਉਨ੍ਹਾਂ ਨੇ ਦੁਨੀਆਂ ਦੀਆਂ ਅੱਖਾਂ ਵੀ ਲੈ ਲਈਆਂ ਤੇ ਉਨ੍ਹਾਂ ਨੂੰ ਅੰਨ੍ਹੇ ਖੂਹ ਵਿਚ ਸੁੱਟਣਾ ਸ਼ੁਰੂ ਕਰਿਆ ਹੋਇਆ ਹੈ, ਕੋਈ ਪਾਰ ਉਤਾਰਾ ਸੁਝਦਾ ਨਹੀਂ ਸੰਸਾਰ ਦਾ। ਭਰਮ ਤੇ ਵਹਿਮ ਪ੍ਰਚਲਤ ਹੋ ਗਏ। ਪਾਖੰਡ ਜਿਹਨੂੰ ਕਹਿੰਦੇ ਨੇ, ਹਰ ਥਾਂ ਦੇ ਉਤੇ ਪਾਖੰਡ ਹੀ ਪਾਖੰਡ ਨਜ਼ਰ ਆਉਂਦਾ ਹੈ। ਬੜੇ ਅਸੀਂ ਦੇਖੇ ਨੇ -

*ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰੁ ਚੇਲੇ।*
*ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।*
*ਗਣ ਗੰਧਰਬ ਅਪਸਰਾ ਕਿੰਨਰ ਜਖ ਚਲਿਤਿ ਬਹੁ ਖੇਲੇ।*
*ਰਾਕਸਿ ਦਾਨੋ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ।*
*ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।*
*ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।*
*ਭਾਈ ਗੁਰਦਾਸ ਜੀ, ਵਾਰ ੧/੨੯*

ਸਭ ਹਉਮੈ ਹੀ ਹਉਮੈ ਪ੍ਰਧਾਨ ਹੋਈ ਪਈ ਹੈ। ਇੱਕ ਦੂਜੇ ਨੂੰ ਕੋਈ ਨਹੀਂ ਮੰਨਦਾ, ਇੱਕ ਘਰ ਦੇ ਅੰਦਰ, ਇੱਕ ਸੂਰਜ ਨੂੰ ਮੰਨਣ ਵਾਲਾ ਹੈ, ਇੱਕ ਚੰਦਰਮਾ ਨੂੰ ਮੰਨਣ ਵਾਲਾ ਹੈ, ਇੱਕ ਤਾਰਿਆਂ ਨੂੰ ਮੰਨਣ ਵਾਲਾ, ਇੱਕ ਧਰਮਰਾਜ ਨੂੰ ਮੱਥੇ ਟੇਕਦਾ ਹੈ। ਇੱਕ ਰਾਮਚੰਦਰ ਜੀ ਨੂੰ ਮੰਨਦਾ ਹੈ, ਇੱਕ ਸ਼ਿਵ ਜੀ ਨੂੰ ਮੰਨਦਾ ਹੈ, ਇੱਕ ਭੈਰੋ ਨੂੰ ਮੰਨਦਾ ਹੈ, ਇੱਕ ਦੇਵੀ ਨੂੰ ਮੰਨਦਾ ਹੈ, ਇੱਕੋ ਹੀ ਘਰ ਦੇ ਅੰਦਰ ਅੱਡ-ਅੱਡ ਖਿਆਲ, ਅੱਡ-ਅੱਡ ਮੱਤ ਨੇ, ਅੱਡ-ਅੱਡ ਧਾਰਨਾ ਨੇ। ਸੱਚ ਕਿਨਾਰੇ ਰਹਿ ਗਿਆ, ਕਿਤੇ ਨਹੀਂ ਪਤਾ ਲਗਦਾ। ਕਹਿੰਦੇ -

*ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।*

ਅਸੀਂ ਮੇਲਿਆਂ 'ਤੇ, ਯਾਤਰੂ ਜਿਹੜੇ ਜਾ ਰਹੇ ਨੇ ਉਨ੍ਹਾਂ ਨੂੰ ਵੀ, ਤੀਰਥਾਂ ਦੇ ਉਤੇ ਵੀ, ਸਾਰੇ ਢੂੰਡੇ, ਹਿੰਦੂ ਵੀ ਦੇਖੇ ਅਸੀਂ, ਤੁਰਕਾਂ ਨੂੰ ਮਿਲ ਕੇ ਵੱਡਿਆਂ-ਵੱਡਿਆਂ ਨੂੰ ਦੇਖਿਆ -

*ਡਿਠੇ ਹਿੰਦੂ ਤੁਰਕਿ ਸਭਿ*
*ਪੀਰ ਪੈਕੰਬਰਿ ਕਉਮਿ ਕਤੇਲੇ।*

*ਭਾਈ ਗੁਰਦਾਸ ਜੀ, ਵਾਰ ੧/੨੬*

ਪੀਰਾਂ-ਪੈਕੰਬਰਾਂ ਨੂੰ ਮਿਲੇ ਤੇ ਉਨ੍ਹਾਂ ਕੌਮਾਂ ਨੂੰ ਜਿਹੜੇ ਤਲਵਾਰ ਦੇ ਜ਼ੋਰ ਨਾਲ ਦੂਜੇ ਦਾ ਧਰਮ ਬਦਲਦੇ ਨੇ, ਉਨ੍ਹਾਂ ਨੂੰ ਵੀ ਮਿਲ ਕੇ ਅਸੀਂ ਦੇਖਿਆ, ਨਤੀਜਾ ਕੱਢਿਆ-

*ਅੰਧੀ ਅੰਧੇ ਖੂਹੇ ਠੇਲੇ। ਭਾਈ ਗੁਰਦਾਸ ਜੀ, ਵਾਰ ੧/੨੬*

ਅੰਨ੍ਹਿਆਂ ਨੇ ਅੰਨ੍ਹਿਆਂ ਨੂੰ ਖੂਹ ਦੇ ਵਿਚ ਸੁੱਟ ਦਿੱਤਾ। ਕਹਿੰਦੇ, ਆਹ ਹਾਲ ਮਾਤ ਲੋਕ ਦਾ ਹੈ। ਜਦੋਂ ਮਹਾਰਾਜ ਤੋਂ ਬਚਨ ਸੁਣੇ।

*ਬਾਬਾ ਆਖੇ : ਨਾਥ ਜੀ! ਸਚੁ ਚੰਦ੍ਰਮਾਂ ਕੂੜੁ ਸੰਸਾਰਾ।*
*ਪਾਪ ਗਿਰਾਸੀ ਪਿਰਥਮੀ*
*ਧਉਲੁ ਖੜਾ ਧਰਿ ਹੇਠ ਪੁਕਾਰਾ।*
*(ਭਾਈ ਗੁਰਦਾਸ ਜੀ, ਵਾਰ ੧/੨੬)*

ਤੁਹਾਡੇ ਕੋਲ ਵੀ ਮੈਂ ਇਹ ਦੇਖਣ ਵਾਸਤੇ ਆਇਆ ਹਾਂ, ਕਿ ਇੱਥੇ ਸੱਚ ਹੈ ਕਿ ਨਹੀਂ ਹੈ। ਬਾਕੀ ਸੰਸਾਰ ਤਾਂ ਜਿਹੜਾ ਹੈ -

*ਪਾਪ ਗਿਰਾਸੀ ਪਿਰਥਮੀ*
*ਧਉਲੁ ਖੜਾ ਧਰਿ ਹੇਠ ਪੁਕਾਰਾ।*

*(ਭਾਈ ਗੁਰਦਾਸ ਜੀ, ਵਾਰ ੧/੨੬)*

ਪੁਕਾਰਾਂ ਕਰ ਰਿਹਾ ਹੈ, ਰੋ ਰਿਹਾ ਹੈ ਧੌਲ, ਅਕਾਲ ਪੁਰਖ ਦੇ ਦਰ 'ਤੇ ਫਰਿਆਦਾਂ ਕਰ ਰਿਹਾ ਹੈ ਤੇ ਐਸ ਵੇਲੇ -

*ਥੰਮੇ ਕੋਇ ਨ ਸਾਧੁ ਬਿਨੁ*
*ਸਾਧੁ ਨ ਦਿਸੈ ਜਗਿ ਵਿਚਿ ਕੋਆ।*

*ਭਾਈ ਗੁਰਦਾਸ ਜੀ, ਵਾਰ ੧/੨੩*

ਸਾਧ ਤੋਂ ਬਗੈਰ ਐਸ ਵੇਲੇ ਕੋਈ ਨਹੀਂ ਸੰਸਾਰ ਨੂੰ ਸੰਭਾਲ ਸਕਦਾ। ਲੇਕਿਨ ਸਾਧ ਸੰਸਾਰ ਵਿਚ ਹੈ ਨਹੀਂ।

ਗੁਰੂ ਨਾਨਕ ਪਾਤਸ਼ਾਹ ਸੰਤ ਬਣਾਉਣ ਆਏ ਸੀ, ਸਾਧ ਪੈਦਾ ਕਰਨ ਆਏ ਸੀ। ਕਿਉਂਕਿ ਜਦੋਂ ਸਾਧ ਦੀ ਅਣਹੋਂਦ ਹੋ ਜਾਂਦੀ ਹੈ, ਉਸ ਵੇਲੇ ਪ੍ਰਿਥਵੀ ਦੇ ਉਤੇ ਬੇਅੰਤ ਜ਼ੁਲਮ ਸ਼ੁਰੂ ਹੋ ਜਾਂਦੇ ਨੇ। ਕਹਿੰਦੇ, ਸਾਧ ਕੋਈ ਦਿਸਦਾ ਨਹੀਂ ਹੈ। ਸਾਧ ਬਿਨਾਂ ਇਹ ਪ੍ਰਿਥਵੀ ਜਿਹੜੀ ਹੈ, ਇਹਦਾ ਧੌਲ ਜਿਹੜਾ ਹੈ, ਉਹ ਪੁਕਾਰਾਂ ਕਰ ਰਿਹਾ ਹੈ ਤੇ ਤੁਸੀਂ ਲੋਕ ਡਰ ਗਏ, ਚੰਗਿਆਈ ਸਾਰੀ ਨਿਕਲ ਆਈ, ਸੁਸਾਇਟੀ 'ਚੋਂ, ਨਿਕਲ ਕੇ ਤੁਸੀਂ ਛੁਪ ਕੇ ਬਹਿ ਗਏ, ਹੁਣ ਮਾੜੇ ਬੰਦਿਆਂ ਦਾ ਹਾਲ ਓਹੀ ਹੋਣਾ ਹੈ ਜਿਹੜਾ ਹੋਣਾ ਚਾਹੀਦਾ ਹੈ। ਪਿੰਡਾਂ ਵਿਚ ਲੈ ਲਓ ਤੁਸੀਂ ਪ੍ਰਚਾਰ ਨਾ ਕਰੋ। ਥੋੜ੍ਹੇ ਦਿਨਾਂ 'ਚ ਦੇਖੋ, ਦੋ ਕੁ ਸਾਲਾਂ ਦੇ ਵਿਚ ਕੀ ਭਾਣਾ ਵਰਤਦਾ ਹੈ। ਆਦਮੀ ਬਹਿ ਜਾਏ ਕਿ ਮੈਂ ਤਾਂ ਨਾਮ ਜਪਣਾ ਹੈ ਇਕੱਲੇ ਨੇ, ਮੈਨੂੰ ਕੀ ਹੈ, ਕੋਈ ਕੁਛ ਖਾਵੇ, ਕੋਈ ਕੁਛ ਪੀਵੇ, ਮੇਰੇ ਨਾਲ ਕੀ ਸਬੰਧ ਹੈ, ਮੈਂ ਆਪਣਾ ਆਪ ਠੀਕ ਰੱਖਾਂ। ਕਹਿੰਦੇ, ਤੁਸੀਂ ਏਸ ਖੁਦਗਰਜ਼ੀ 'ਚ ਆ ਗਏ। ਚਾਹੀਦਾ ਤਾਂ ਇਹ ਸੀ ਕਿ ਤੁਸੀਂ ਸੰਸਾਰ 'ਚ ਰਹਿੰਦੇ। ਜਿਹੜੇ ਵੱਡੇ-ਵੱਡੇ ਰਾਜਿਆਂ ਨੂੰ ਤੁਸੀਂ ਆਪਣੇ ਚੇਲੇ ਬਣਾਇਆ ਹੈ, ਇਨ੍ਹਾਂ ਨੂੰ ਸ਼ੁਭ ਮੱਤ ਦੇ ਕੇ ਰਾਜ ਕਰਨ ਲਾਉਂਦੇ ਤੇ ਪਰਜਾ ਦਾ ਉਧਾਰ ਹੁੰਦਾ, ਗਿਆਨ ਦਾ ਪ੍ਰਕਾਸ਼ ਹੁੰਦਾ। ਤੁਸੀਂ ਤਾਂ ਤਖਤਾਂ ਤੋਂ ਲਾਹ ਕੇ ਉਨ੍ਹਾਂ ਨੂੰ ਕੰਦਰਾਂ 'ਚ ਬਿਠਾ ਦਿੱਤਾ। ਹੁਣ ਦੱਸੋ ਜਗਤ ਦਾ ਕੀ ਹਾਲ ਹੋਵੇਗਾ?

*ਸਿਧ ਛਪਿ ਬੈਠੇ ਪਰਬਤੀ*
*ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।*

*ਭਾਈ ਗੁਰਦਾਸ ਜੀ, ਵਾਰ ੧/੨੯*

ਜਿਹੜੇ ਤੁਹਾਡੇ ਉਥੇ ਮਾੜੇ-ਮੋਟੇ ਜੋਗੀ ਰਹਿੰਦੇ ਨੇ, ਉਹ ਜਾਂ ਤਾਂ ਸ਼ਰਾਬ ਪੀਂਦੇ ਨੇ, ਜਾਂ ਸੁਲਫਾ ਪੀਈ ਜਾਂਦੇ ਨੇ ਦਿਨ-ਰਾਤ। ਸਵੇਰੇ ਉਠ ਕੇ ਨਾਹੁੰਣਾ ਨਹੀਂ, ਧੂੰਏਂ ਦੀ ਸੁਆਹ ਹੋਰ ਮਲ ਲੈਣੀ ਹੈ ਉਤੇ, ਕੇਸਾਂ ਨੂੰ ਵਾਹੁਣਾ ਨਹੀਂ, ਤੇਲ ਨਹੀਂ ਲਾਉਣਾ ਤੇ ਜਟਾਵਾਂ ਬਣਾਂ ਲੈਣੀਆਂ। ਫੁਰਮਾਨ ਹੈ -

*ਧਾਰਨਾ - ਡੁੱਬ ਗਿਆ ਜਗ ਸਾਰਾ ਜੀ,*
*ਪੂਰੇ ਸਤਿਗੁਰ ਬਾਝੋਂ।*

ਇੱਕ ਦੋ ਚਾਰ ਨਹੀਂ, ਸਾਰਾ ਜਗ ਡੁੱਬ ਗਿਆ, ਕਿਉਂਕਿ ਪੂਰੇ ਗੁਰੂ ਦੀ ਅਣਹੋਂਦ ਹੋ ਗਈ। ਸਾਰੀ ਵਿਚਾਰ ਸੁਣੀ, ਬਹੁਤ ਵਿਸਥਾਰ ਦੇ ਨਾਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦਾ ਨਕਸ਼ਾ ਖਿੱਚਿਆ ਕਿ ਆਦਮੀ ਦਾ ਮੌਲਿਕ ਅਧਿਕਾਰ, ਆਜ਼ਾਦੀ ਦਾ ਖਤਮ ਹੋ ਗਿਆ। ਭੇਡਾਂ, ਬੱਕਰੀਆਂ ਵਾਂਗੂੰ ਬੰਦੇ ਹੋ ਗਏ। ਕੋਈ ਆਪਣੀ ਰਾਖੀ ਨਹੀਂ ਕਰ ਸਕਦਾ। ਆਪ-ਹੁਦਰਾ ਜੀਵਨ ਹੋ ਗਿਆ। ਹਜ਼ਾਰਾਂ ਦੀ ਤਾਦਾਦ ਦੇ ਵਿਚ ਸੰਪਰਦਾਵਾਂ ਹੋਣ ਕਰਕੇ, ਇਕ ਸੰਪਰਦਾ ਦੂਜੇ ਨਾਲ ਮੇਲ ਨਹੀਂ ਖਾਂਦੀ। ਉਹਦੀ ਨਿੰਦਿਆ ਕਰਦੇ, ਉਹਨੂੰ ਗਿਰਾਉਂਦੇ ਨੇ, ਇਸ ਤਰ੍ਹਾਂ ਦੇ ਨਾਲ ਕੋਈ ਪਾਰ-ਉਤਰਾ ਨਹੀਂ ਹੋ ਰਿਹਾ ਤੇ ਸੰਸਾਰ ਡੁੱਬ ਗਿਆ ਤੇ ਦੁੱਖਾਂ ਵਿਚ ਪੈ ਗਿਆ ਭਾਰਤ ਵਰਸ਼। ਸੋ ਜਦੋਂ ਐਨੀ ਵਿਚਾਰ ਸਰਵਣ ਕੀਤੀ, ਉਸ ਵੇਲੇ ਮਨ 'ਚ ਉਨ੍ਹਾਂ ਦੇ ਖਿਆਲ ਆਇਆ। ਵੱਖਰੇ ਹੋ ਕੇ ਸੋਚਿਆ ਕਿ ਇਹ ਜਿਹੜਾ ਬੱਚਾ ਆਇਆ ਹੈ ਸਾਡੇ ਕੋਲ, ਕਿਉਂਕਿ ਉਨ੍ਹਾਂ ਦੀਆਂ ਉਮਰਾਂ ਤਾਂ ਸੈਂਕੜੇ ਸਾਲਾਂ ਦੀਆਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਰ ਅਜੇ ਛੋਟੀ ਸੀ। ਚਾਲੀ-ਬਿਤਾਲੀ ਦੇ ਨੇੜੇ ਸੀ। ਇਕ ਇਹ ਜਿਹੜਾ ਬੱਚਾ ਆਇਆ ਹੈ, ਇਹਦਾ ਤਾਂ ਕੋਈ ਜਵਾਬ ਨਹੀਂ ਹੈ, ਹਰ ਗੱਲ ਦੇ ਉਤੇ ਪਤੇ ਦੀ ਗੱਲ ਕਰਦਾ ਹੈ। ਜੇ ਕਿਤੇ ਇਹ ਸਾਡੇ ਧਰਮ ਵਿਚ ਆ ਜਾਵੇ, ਤਾਂ ਸਾਡਾ ਬਹੁਤ ਪ੍ਰਚਾਰ ਵਧ ਸਕਦਾ ਹੈ। ਨੌਜਵਾਨ ਹੈ, ਪ੍ਰਾਣਾਯਾਮ ਦੇ ਨਾਲ ਉਮਰ ਵਧਾਉਣ ਦੀ ਕਿਰਿਆ ਅਸੀਂ ਦਸ ਹੀ ਦੇਣੀ ਹੈ। ਜੇ ਦੋ ਹਜ਼ਾਰ ਸਾਲ ਜੀਉਂਦਾ ਰਹਿ ਗਿਆ ਇਹ ਤਾਂ ਸਾਡਾ ਧਰਮ ਤਾਂ ਸਾਰੀਆਂ ਦੁਨੀਆਂ 'ਚ ਜਾ ਸਕਦਾ ਹੈ, ਕਿਉਂਕਿ ਐਨਾ ਅਨੁਭਵ ਤਾਂ ਸਾਡੇ ਕੋਲ ਵੀ ਨਹੀਂ ਹੈ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, ਕਹਿੰਦੇ ਹੇ ਨਾਨਕ! ਤੇਰਾ ਧਰਮ ਕੀ ਹੈ, ਮਹਾਰਾਜ ਕਹਿੰਦੇ ਮੇਰਾ ਧਰਮ ਤਾਂ ਨਿਰੰਕਾਰ ਹੈ, ਅਕਾਲ ਪੁਰਖ, ਹੋਰ ਕੋਈ ਸੰਪਰਦਾ ਨਹੀਂ ਹੈ। ਇਹ ਰੂਹ ਵਿਛੜੀ ਹੋਈ ਹੈ ਪ੍ਰਮੇਸ਼ਰ ਤੋਂ। ਇਹਨੂੰ ਪ੍ਰਮੇਸ਼ਰ ਦੇ ਨਾਲ ਮਿਲਾਉਣਾ ਆਹ ਧਰਮ ਹੈ, ਹੋਰ ਸਾਡਾ ਕੋਈ ਧਰਮ ਨਹੀਂ, ਸਾਡੀ ਰੂਪ-ਰੇਖਾ ਨਹੀਂ, ਕੁਛ ਨਹੀਂ। ਕਹਿਣ ਲੱਗੇ, ਸੰਸਾਰ ਦੇ ਅੰਦਰ ਰੌਲਾ-ਗੌਲਾ ਬਹੁਤ ਹੈ। ਤੂੰ ਹੀ ਦੱਸਿਆ ਕਿ ਐਨਾ ਝਗੜਾ ਝਾਟਾ ਹੈ, ਇਹੋ ਜਿਹੜੇ ਝਗੜਿਆਂ ਦੇ ਵਿਚ ਕੋਈ ਬੰਦਾ ਭਗਤੀ ਕਰ ਲਏਗਾ? ਕੋਈ ਲੰਘ ਜਾਏਗਾ ਪਾਰ? ਕੀ ਸਾਧਨ ਤੂੰ ਕਰਨਾ ਚਾਹੁੰਦਾ ਹੈਂ? ਪ੍ਰਾਣਾਯਾਮ ਸਿਖਾ, ਹੱਠ ਯੋਗ ਦੀਆਂ ਕਿਰਿਆ, ਨਿਉਲੀ, ਧੋਤੀ, ਬਸਤੀ, ਕਪਾਲੀ ਇਹ ਚੀਜ਼ਾਂ ਜੇ ਸੰਸਾਰ ਨੂੰ ਦੱਸੇਂਗਾ ਤਾਂ ਰਿੱਧੀਆਂ-ਸਿੱਧੀਆਂ ਸ਼ਕਤੀਆਂ ਆ ਜਾਣਗੀਆਂ ਤੇ ਬੜੀ ਮਾਨਤਾ ਹੋ ਜਾਏਗੀ। ਇਹ ਦੱਸ ਤੂੰ ਪਹਿਲਾਂ ਕਿ ਤੇਰੇ ਕੋਲ ਕੀ ਹੈ? ਮਹਾਰਾਜ ਕਹਿੰਦੇ ਇਹ ਜਿਹੜੀਆਂ ਚੀਜ਼ਾਂ ਨੇ ਨਾ, ਹੱਠ ਯੋਗ ਦੀਆਂ; ਜੇ ਹਜ਼ਾਰ ਬੰਦਾ ਹੱਠ ਯੋਗ ਦੇ ਨਾਲ ਪ੍ਰਾਣਾਯਾਮ ਕਰਨ ਲੱਗੇ, ਕੁੰਡਲੀ ਨੂੰ ਜਗਾਵੇ ਤੇ ਛੇ ਚੱਕਰ ਮੂਲਧਾਰ ਚੱਕਰ ਤੋਂ ਲੈ ਕੇ ਭੰਨਦਾ ਜਾਵੇ। ਕਹਿੰਦੇ, ਵੈਸੇ ਤਾਂ ਹੈ ਨਹੀਂ ਕੋਈ, ਉਹਦੇ ਵਾਸਤੇ ਬ੍ਰਹਮਚਰੀਆ ਚਾਹੀਦਾ ਹੈ, ਖੁਰਾਕ ਸ਼ੁੱਧ ਚਾਹੀਦੀ ਹੈ। ਖਿਆਲ ਸ਼ੁੱਧ ਚਾਹੀਦੇ ਨੇ, ਆਚਾਰ ਸ਼ੁੱਧ ਚਾਹੀਦਾ ਹੈ। ਰਿਹਾਇਸ਼ ਸ਼ੁੱਧ ਚਾਹੀਦੀ ਹੈ, ਇਹ ਚੀਜ਼ਾਂ ਹੈ ਨਹੀਂ। ਫੇਰ ਇਕਾਂਤ ਚਾਹੀਦੀ ਹੈ ਕਿ ਕੋਈ ਬੰਦਾ ਨੇੜੇ-ਤੇੜੇ ਨਾ ਆਵੇ। ਫੇਰ ਉਹਦੇ ਗੁਜ਼ਾਰੇ ਵਾਸਤੇ ਰੋਟੀ ਪਾਣੀ ਵੀ ਚਾਹੀਦਾ ਹੈ। ਕੱਪੜੇ ਵੀ ਉਹਨੂੰ ਚਾਹੀਦੇ ਨੇ, ਸਰੀਰ ਢਕਣ ਵਾਸਤੇ। ਕੋਈ ਛੱਤ ਵੀ ਚਾਹੀਦੀ ਹੈ ਜਿਹਦੇ ਵਿਚ ਉਹ ਰਹੇ, ਕਹਿੰਦੇ ਫੇਰ ਤਾਂ ਲੋੜਾਂ ਤਾਂ ਹਟੀਆਂ ਨਾ, ਇਨ੍ਹਾਂ ਦੇ ਵਿਚ ਜੇ ਕੋਈ ਹਜ਼ਾਰ ਬੰਦਾ ਕਰਨ ਵੀ ਲਗ ਜਾਏ, ਨੌਂ ਸੌ ਨੜਿਨਵੇਂ ਤਾਂ ਪਾਗਲਖਾਨੇ ਚਲੇ ਜਾਣਗੇ। ਕਿਉਂਕਿ ਕੋਈ ਝਾਲ ਨਹੀਂ ਝੱਲ ਸਕਦਾ ਕਿਉਂਕਿ ਬਹੁਤ ਸਾਰੇ ਪ੍ਰੇਮੀ ਨੇ ਪ੍ਰਾਣਾਯਾਮ ਕਰਨ ਲਗ ਜਾਂਦੇ ਨੇ, ਸੁਣ ਸੁਣਾ ਕੇ। ਤਾਕਤ ਹੈ ਨਹੀਂ ਅੰਦਰ, ਬਾਕੀ ਦੀ ਰਹਿਤ ਰਹੀ ਨਹੀਂ। ਖੁਰਾਕ ਕੀ ਹੈ? ਡਾਲਡਾ ਖਾਂਦੇ ਨੇ। ਅੰਨ ਦੇ ਵਿਚੋਂ ਵੀ ਸੱਤਿਆ ਨਿਕਲ ਗਈ ਸਾਧਸੰਗਤ ਜੀ! ਜਿਹੜਾ ਅਸੀਂ ਅੰਨ੍ਹ ਖਾਂਦੇ ਹਾਂ ਇਹ ਸਾਰਿਆਂ ਨੂੰ ਨਹੀਂ ਪਤਾ। ਇਹਦੇ ਵਿਚ ਤਾਕਤ ਨਹੀਂ ਰਹੀ।

ਹੁਣ ਕਿਹੜਾ ਬੰਦਾ ਹੈ ਜਿਹੜਾ ਐਹੋ ਜਿਹੇ ਸਾਧਨ ਕਰ ਲਏਗਾ ਕਰੜੇ। ਹੁਣ ਤਾਂ ਰਸਤਾ ਇਹੋ ਜਿਹਾ ਚਾਹੀਦਾ ਹੈ, ਜਿਹੜਾ ਬਹੁਤਾ ਹੀ ਸੁਖਾਲਾ ਹੋਵੇ। ਸੋ ਮਹਾਰਾਜ ਕਹਿੰਦੇ ਨਾਥ ਜੀ! ਇਹ ਜਿਹੜੀ ਤੁਹਾਡੀ ਕਿਰਿਆ ਹੈ, ਨੇਤੀ, ਧੋਤੀ, ਕਪਾਲੀ, ਬਸਤੀ ਆਦਿ ਇਹ ਗ੍ਰਿਹਸਤੀ ਬੰਦੇ ਨਹੀਂ ਕਰ ਸਕਦੇ। ਗ੍ਰਿਹਸਤੀ ਬੰਦਾ ਜੇ ਨਹੀਂ ਤਰਦਾ, ਬਾਕੀ ਤਾਂ ਸਾਰੇ ਗ੍ਰਿਹਸਤੀ ਨੇ, ਤੁਸੀਂ ਥੋੜ੍ਹੇ ਜਿਹੇ ਸਾਧ-ਸੰਤ ਬਾਹਰ ਫਿਰਦੇ ਓਂ। ਬਾਕੀ ਸੰਸਾਰ ਨੂੰ ਕਿਵੇਂ ਤਾਰੋਂਗੇ। ਜਿਹੜੇ ਤੁਸੀਂ ਬਾਹਰ ਵੀ ਫਿਰਦੇ ਓਂ, ਤੁਹਾਡੇ ਵੀ ਮਨ ਜਿਹੜੇ ਨੇ ਇਹ ਚੋਰਾਂ ਦੇ ਨਾਲ ਰੁਕੇ ਪਏ ਨੇ -

*ਦੇਸ ਛੋਡਿ ਪਰਦੇਸ ਸਿਧਾਇਆ*
*ਪੰਚ ਚੰਡਾਲ ਨਾਲੇ ਲੈ ਆਇਆ।*

ਮਨ ਤਾਂ ਸਾਧਿਆ ਨਹੀਂ ਹੈ। ਸਰੀਰ ਦੀਆਂ ਤੁਸੀਂ ਸਾਧਨਾ ਕਰਾਈ ਜਾਂਦੇ ਓਂ, ਇਹਦੇ ਨਾਲ ਤਾਂ ਲੰਘਣਾ ਨਹੀਂ ਪਾਰ। ਕਹਿਣ ਲੱਗੇ ਨਾਨਕ! -

*ਨਾਨਕ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥*
*ਅੰਗ - ੯੩੮*

ਦੁਤਰ ਉਹ ਹੁੰਦਾ ਹੈ ਜਿਹੜਾ ਤਰਿਆ ਹੀ ਨਾ ਜਾਵੇ। ਦਸ ਉਹਨੂੰ ਪਾਰ ਕਿਵੇਂ ਲੰਘਾਂਗੇ -

*ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥*
*ਅੰਗ - ੯੩੮*

ਮਹਾਰਾਜ ਕਹਿੰਦੇ, ਚਰਪਟ ਜੀ! ਤੁਸੀਂ ਤਾਂ ਪਹਿਲਾਂ ਹੀ ਦੁਤਰ ਕਹਿ ਦਿੱਤਾ ਇਹਨੂੰ ਕਿ ਤਰਿਆ ਹੀ ਨਹੀਂ ਜਾਂਦਾ। ਅਸੀਂ ਤਾਂ ਨਹੀਂ ਨਾ ਮੰਨਦੇ ਕਿ ਤਰਿਆ ਨਹੀਂ ਜਾਂਦਾ। ਅਸੀਂ ਤਾਂ ਕਹਿੰਦੇ ਹਾਂ ਕਿ ਤਰਿਆ ਜਾਂਦਾ ਹੈ। ਤੁਹਾਡੇ ਮੱਤ ਦੇ ਮੁਤਾਬਿਕ ਇਹ ਦੁਤਰ ਹੈ, ਕਿਉਂਕਿ ਤੁਹਾਡੀ ਜਿਹੜੀ ਕਿਰਿਆ ਹੈ ਇਹ ਤਰ ਨਹੀਂ ਸਕਦੀ, ਲੰਘ ਨਹੀਂ ਸਕਦੀ। ਜਿਹੜੀ ਕਿਰਿਆ ਲੰਘਾ ਨਾ ਸਕੇ, ਫੇਰ ਉਹਨੂੰ ਰੱਦ ਕਰ ਦਿਓ। ਇਸ ਕਰਕੇ ਤੁਹਾਡੇ ਕਹਿਣ ਦੇ ਮੁਤਾਬਿਕ ਇਹ ਤੁਹਾਡਾ ਜਿਹੜਾ ਮਤ ਹੈ ਇਹ ਕਿਸੇ ਕਿਨਾਰੇ ਨਹੀਂ ਪਹੁੰਚਾਉਂਦਾ, ਸੋ ਇਹਦਾ ਪ੍ਰਚਾਰ ਤੁਸੀਂ ਕਿਉਂ ਕਰਦੇ ਓਂ, ਜਿਹੜਾ ਤਰ ਹੀ ਨਹੀਂ ਸਕਦਾ, ਲੰਘ ਹੀ ਨਹੀਂ ਸਕਦਾ। ਕਿਹਾ ਹੈ ਨਾ ਤੁਸੀਂ ਦੁਤਰ? ਜਿਹੜਾ ਤਰਿਆ ਹੀ ਨਹੀਂ ਜਾਂਦਾ, ਫੇਰ ਉਹਨੂੰ ਦੱਸੋ ਤਾਰੋਗੇ ਕਿਵੇਂ? ਤੁਹਾਡੇ ਜਿੰਨੇ ਸਾਧਨ ਨੇ, ਫੇਰ ਇਹ ਤਾਰਦੇ ਨਾ ਹੋਏ। ਕਹਿਣ ਲੱਗੇ, ਹੇ ਨਾਨਕ! ਤੂੰ ਫੇਰ ਕੀ ਕਰਿਆ ਹੈ? ਮਹਾਰਾਜ ਕਹਿੰਦੇ, ਦੇਖੋ ਆਦਮੀ ਦੇ ਸਰੀਰ ਅੰਦਰ ਸੁਰਤ ਹੈ, ਇਹ ਸੁਰਤ ਹੈਗੀ ਹਉਮੈ ਦੀ। ਇਹਦੇ ਉਤੇ ਇੱਕ ਹੋਰ ਸੁਰਤ ਹੈ ਜਿਹਨੂੰ ਉਨਮਨੀ ਸੁਰਤ ਕਹਿੰਦੇ ਨੇ। ਆਤਮ ਬੁੱਧੀ ਕਹਿੰਦੇ ਨੇ। ਆਤਮ ਵਿਸ਼ੈਣੀ ਬੁੱਧੀ, ਇਹ ਜਿਹੜੀ ਹੈ, ਇਹ ਪ੍ਰਾਕ੍ਰਿਤੀ ਨੂੰ ਵਿਸ਼ੇ ਕਰਨ ਵਾਲੀ ਬੁੱਧੀ ਆਦਮੀ ਦੇ ਅੰਦਰ ਹੈ ਤੇ ਅਸੀਂ ਇਸ ਸੁਰਤ ਦੇ ਨਾਲ ਨਾਮ ਜੋੜ ਦੇਣਾ ਹੈ। ਸ਼ਬਦ ਜੋੜ ਦੇਣਾ ਹੈ, ਸ਼ਬਦ ਦੀ ਧੁਨ ਦੇ ਨਾਲ ਇਸ ਬੁੱਧੀ 'ਚੋਂ ਪਾਰ ਹੋ ਕੇ ਆਤਮਕ ਬੁੱਧੀ 'ਚ ਬਿਰਤੀ ਪਹੁੰਚ ਜਾਣੀ ਹੈ। ਫੇਰ ਆਦਮੀ ਬੱਚੇ ਪਾਲਦਾ, ਖੇਤੀਬਾੜੀ ਕਰਦਾ, ਵਣਜ-ਵਪਾਰ ਕਰਦਾ, ਸਾਰੇ ਕੰਮ ਕਰਦਾ ਹੋਇਆ, ਇਸ ਸਾਗਰ ਨੂੰ ਸੁਖਾਲਾ ਹੀ ਤਰ ਜਾਂਦਾ ਹੈ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਨਾਨਕ ਨਾਮ ਵਖਾਣੇ ਜੀ,*
*ਸੁਰਤ ਸ਼ਬਦ ਭਵਸਾਗਰ ਤਰੀਐ।*

ਮਹਾਰਾਜ ਕਹਿਣ ਲੱਗੇ, ਚਰਪਟ ਜੀ! ਸਾਡਾ ਜੋ ਮਾਰਗ ਹੈ ਇਹ ਬੜਾ ਹੀ ਸਿੱਧਾ ਹੈ। ਗੁਰੂ ਸ਼ਬਦ ਦਿੰਦਾ ਹੈ। ਸ਼ਬਦ ਦੀ ਧੁਨ ਜਿਹੜੀ ਹੈ, ਸੁਰਤ ਉਹਦੇ ਨਾਲ ਜੁੜ ਜਾਂਦੀ ਹੈ ਤੇ ਸ਼ਬਦ ਆਇਆ ਹੈ ਅਕਾਲ-ਪੁਰਖ ਦੇ ਦਰ ਤੋਂ। ਜਦੋਂ ਸੁਰਤ ਇਹਦੇ ਨਾਲ ਜੁੜ ਜਾਏਗੀ, ਉਸ ਵੇਲੇ ਸੁਰਤ ਨੂੰ ਉਹ ਉਸ ਪਾਸੇ ਵਲ ਨੂੰ ਖਿਚਣਾ ਸ਼ੁਰੂ ਕਰ ਦਿੰਦਾ ਹੈ। ਆਹ ਜਿਹੜੀ ਸਰੀਰੀ ਸੁਰਤ ਹੈ, ਇਹਦੇ ਵਿਚੋਂ ਉੱਚਾ ਹੋ ਕੇ ਆਤਮਕ ਸੁਰਤ ਦੇ ਵਿਚ ਦਾਖਲ ਹੋ ਜਾਂਦਾ ਹੈ ਤੇ ਇਹਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਕੇ, ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਨੇ। ਮਹਾਰਾਜ ਕਹਿੰਦੇ-

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ਅੰਗ - ੯੩੮*

ਕਹਿੰਦੇ ਤੁਸੀਂ ਗ੍ਰਿਹਸਤ ਦੀ ਗੱਲ ਕਰਦੇ ਓਂ ਨਾ ਬਾਰ-ਬਾਰ ਕਿ ਗ੍ਰਿਹਸਤੀ ਤਾਂ ਲੰਘ ਹੀ ਨਹੀਂ ਸਕਦਾ। ਕਹਿੰਦੇ, ਹੁਣ ਵੀ ਸਾਡਾ ਇਹ ਮਤ ਹੈ ਕਿ ਗ੍ਰਿਹਸਤੀ ਬਿਲਕੁਲ ਨਹੀਂ ਲੰਘ ਸਕਦਾ। ਇਹ ਤਾਂ ਸੋਚਣ ਵਾਲੀ ਗੱਲ ਨਹੀਂ ਹੈ, ਕਿ ਗ੍ਰਿਹਸਤੀ ਪਾਰ ਹੋ ਜਾਏਗਾ। ਮਹਾਰਾਜ ਕਹਿੰਦੇ, ਠੀਕ ਹੈ ਜਿਹੜਾ ਆਮ ਗ੍ਰਿਹਸਤੀ ਹੈ, ਸਾਧੂ ਹੈ, ਉਹ ਵੀ ਦੋਵੇਂ ਨਹੀਂ ਪਾਰ ਹੋ ਸਕਦੇ। ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਬਖੀਲੀ, ਹੰਕਾਰ ਨੇ, ਗ੍ਰਿਹਸਤੀ ਦੱਬਿਆ ਹੋਇਆ ਹੈ, ਉਹਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਲੰਘਣ ਦਾ। ਪਰ ਜਿਹੜੇ ਅਸੀਂ ਗ੍ਰਿਹਸਤੀ ਪੈਦਾ ਕਰਦੇ ਹਾਂ, ਆਦਰਸ਼ਕ ਗ੍ਰਿਹਸਤੀ ਪੈਦਾ ਕਰ ਰਹੇ ਹਾਂ। ਉਹ ਗ੍ਰਿਹਸਤੀ ਜਿਹੜੇ ਗ੍ਰਹਿਸਤ ਵਿਚ ਰਹਿੰਦੇ ਹੋਣ ਤੇ ਹੋਣ ਸਾਧੂ। ਪਕੜ ਨਾ ਕੋਈ ਵੀ ਹੋਵੇ।

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥ ਅੰਗ - ੯੫੨*

ਹਰ ਵਕਤ ਜਪ ਦੀ, ਤਪ ਦੀ, ਅਰਦਾਸ ਕਰਦਾ ਰਹਿੰਦਾ ਹੈ ਕਿ ਮੈਂ ਨਾਮ ਜਪਦਾ ਰਹਿੰਦਾ ਹਾਂ ਕਿ ਮੈਂ ਨਾਮ ਜਪਾਂ, ਬੰਦਗੀ ਕਰਾਂ, ਸੱਚੇ ਪਾਤਸ਼ਾਹ! ਮੈਨੂੰ ਜੀਵਨ ਦੇਹ ਸਿੱਖਾਂ ਵਾਲਾ। ਮੈਂ ਤੇਰਾ ਨਾਮ ਜਪਾਂਗਾ, ਮੈਨੂੰ ਓਹੀ ਮਿਲਾਈਂ ਜਿਹੜਿਆਂ ਦੇ ਮਿਲਿਆਂ 'ਤੇ ਤੇਰਾ ਨਾਮ ਚਿੱਤ ਆਵੇ। ਉਹ ਜਾਗੇ ਹੋਏ ਗ੍ਰਿਹਸਤੀ ਪੈਦਾ ਕਰਨੇ ਨੇ।

*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ - ੯੫੨*

ਸੋ ਗ੍ਰਹਿਸਤੀਆਂ ਦੀ ਗੱਲ ਇਹ ਬਾਰ-ਬਾਰ ਨਾ ਸੋਚੋ। ਉਨ੍ਹਾਂ ਦੇ ਮਨ 'ਚ ਕਿੰਨੀ ਗੱਲ ਸੀ। ਜਿਸ ਵਕਤ ਗੁਰੂ ਮਹਾਰਾਜ ਜੀ ਆਏ ਅਚੱਲ ਵਟਾਲੇ, ਉਥੇ ਸਿੱਧਾਂ ਨੇ ਬੜੀਆਂ ਸਿੱਧੀਆਂ ਦਿਖਾਈਆਂ। ਕੋਈ ਸ਼ੇਰ ਬਣ ਗਏ, ਕੋਈ ਵੱਡੇ-ਵੱਡੇ ਸੱਪ ਬਣ ਗਏ। ਕੋਈ ਅੱਗ ਸੁੱਟਣ ਲਗ ਗਏ। ਕੋਈ ਉਤੋਂ ਅੱਗ ਦੇ ਵੱਡੇ-ਵੱਡੇ ਗੋਲੇ ਤੋੜ-ਤੋੜ ਸੁੱਟਣ ਲਗ ਗਏ। ਕੋਈ ਕੁਛ ਕਰ ਰਿਹਾ ਹੈ, ਕੋਈ ਕੁਛ ਕਰ ਰਿਹਾ ਹੈ। ਕੋਈ ਹਨ੍ਹੇਰੀ ਲਿਆ ਰਿਹਾ ਹੈ, ਕੋਈ ਬਿਲਕੁਲ ਕਾਲੀ ਬੋਲੀ ਰਾਤ ਪਾ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਜਿਹੜੇ ਸਿੱਖ ਸੀ ਕਹਿਣ ਲੱਗੇ ਸੱਚੇ ਪਾਤਸ਼ਾਹ! ਆਪਾਂ ਵੀ ਕੁਛ ਦਿਖਾਈਏ। ਮਹਾਰਾਜ ਕਹਿੰਦੇ ਨਾ, ਕੁਛ ਨਹੀਂ ਦਿਖਾਉਣਾ। ਮਹਾਰਾਜ ਨੇ ਨਿਗ੍ਹਾ ਕਰ ਦਿੱਤੀ। ਸਾਰਿਆਂ ਦੀ ਸ਼ਕਤੀ ਉਪਰ ਨੂੰ ਹੱਥ ਕਰਕੇ ਖਿੱਚ ਲਈ, ਦੜੰਮ-ਦੜੰਮ ਥੱਲੇ ਗਿਰਦੇ ਨੇ, ਜਿਹੜੇ ਅਸਮਾਨਾਂ 'ਚ ਉਡਦੇ ਸੀ। ਲੰਮੇ ਗਿਰਦੇ ਨੇ, ਧਰਤੀ ਤੋਂ ਉਠਣ ਦੀ ਤਾਕਤ ਨਹੀਂ, ਸ਼ਰਮਿੰਦੇ ਹੋਏ ਪਏ ਨੇ ਕਿ ਆਹ ਕੀ ਹੋ ਗਿਆ। ਹੁਣ ਤਾਂ ਰਹੀ ਨਹੀਂ ਤਾਕਤ। ਸ਼ੇਰ ਜਿਹੜਾ ਸੀ ਉਹ ਅਸਲੀ ਰੂਪ 'ਚ ਆ ਗਿਆ। ਸੱਪ ਵੀ ਆ ਗਿਆ। ਹੁਣ ਮੁੜ ਕੇ ਨਹੀਂ ਕੁਛ ਕਰ ਸਕਦੇ। ਬਹੁਤ ਸ਼ਰਮਿੰਦੇ ਹੋ ਗਏ। ਬਚਨ ਬਿਲਾਸ ਕੀਤੇ, ਉਹਦੇ 'ਚ ਹਾਰ ਗਏ ਤੇ ਸਾਰਿਆਂ ਸਿੱਧਾਂ ਨੇ ਨਮਸ਼ਕਾਰ ਕਰ ਦਿੱਤੀ। ਇਕ ਸਿੱਧ ਭੰਗਰਨਾਥ ਨਾਮ ਦਾ ਉਹਨੂੰ ਕਹਿੰਦੇ ਕਿ ਤੂੰ ਨਮਸ਼ਕਾਰ ਨਹੀਂ ਕਰਦਾ? ਉਹ ਕਹਿੰਦਾ, ਮੈਂ ਗੁਰੂ ਨਾਨਕ ਨੂੰ ਨਮਸ਼ਕਾਰ ਕਰਾਂ? ਗ੍ਰਿਹਸਤੀ ਨੂੰ? ਦੇਖੋ ਕਹਿੰਦਾ ਮੇਰਾ ਪ੍ਰਣ ਹੈ ਕਿ ਜੇ ਸੂਰਜ ਛਿਪਦੇ 'ਚੋਂ ਨਿਕਲਣ ਲਗ ਜਾਵੇ, ਚੜ੍ਹਦੇ ਵਲ ਨੂੰ ਆਉਣ ਲਗ ਜਾਵੇ, ਦਰਿਆ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ 'ਤੇ ਚਲੇ ਜਾਣ। ਧਰਤੀ ਮਰਿਆਦਾ ਬਦਲ ਲਵੇ, ਸਮੁੰਦਰ ਮਰਿਆਦਾ ਬਦਲ ਲਵੇ। ਸਭ ਕੁਛ ਹੋ ਜਾਵੇ ਪਰ ਭੰਗਰਦਾਸ ਗੁਰੂ ਨਾਨਕ ਨੂੰ ਨਾ ਕਦੇ ਮੱਥਾ ਟੇਕੇ। ਗ੍ਰਹਿਸਤੀ ਨੂੰ ਨਿਵਾਂ ਮੈਂ, ਬਿਲਕੁਲ ਨਹੀਂ। ਐਨਾ ਕਹਿ ਕੇ ਅਸਮਾਨ ਵਿਚ ਉਡਣ ਲੱਗਿਆ, ਜਿਸ ਵਕਤ ਉਡਣ ਲੱਗਿਆ, ਮਹਾਰਾਜ ਨੇ ਖੜਾਂਵ ਵਲ ਨਿਗ੍ਹਾ ਕੀਤੀ, ਖੜਾਂਵ ਨਾਲ ਹੀ ਉਡ ਗਈ। ਜਾ ਕੇ ਐਨੇ ਜ਼ੋਰ ਦੀ ਸਿਰ 'ਚ ਵੱਜੇ, ਜਿਵੇਂ ਕੋਈ ਬਹੁਤ ਵੱਡੀ ਜ਼ੋਰ ਨਾਲ ਡਾਂਗ ਮਾਰਦਾ ਹੈ। ਉਸ ਨੇ ਇੱਕ ਦਮ ਦੂਜੇ ਪਾਸੇ ਨੂੰ ਮੂੰਹ ਕਰ ਲਿਆ। ਗੁਰੂ ਨਾਨਕ ਸਾਹਿਬ ਨੇ, ਜਦੋਂ ਫੇਰ ਉਹ ਦੂਜੇ ਪਾਸੇ ਨੂੰ ਉਡਣ ਲੱਗੇ, ਤਾਂ ਫੇਰ ਸਿਰ 'ਚ ਲੱਗੇ। ਉਹ ਖੜਾਂਵ ਕੁੱਟਦੀ-ਕੁੱਟਦੀ ਉਸਨੂੰ ਥੱਲੇ ਲੈ ਆਈ। ਜਦੋਂ ਹੇਠਾਂ ਆ ਗਿਆ, ਹੁਣ ਝੁਕਦਾ ਨਹੀਂ, ਖੜਾਂਵ ਸਿਰ 'ਚ ਦੜਾਕ-ਦੜਾਕ ਪੈਂਦੀ ਹੈ, ਮਲ੍ਹਕ ਦੇ ਕੇ ਝੁਕ ਗਿਆ, ਮੱਥਾ ਟੇਕ ਦਿੱਤਾ। ਐਨਾ ਕੱਟੜਪੁਣਾ ਉਨ੍ਹਾਂ ਲੋਕਾਂ ਦੇ ਅੰਦਰ ਸੀ। ਸਭ ਕੁਛ ਦੇਖਦੇ ਸੀ ਕਿ ਸਾਡੇ ਨਾਲੋਂ ਹਜ਼ਾਰਾਂ ਗੁਣਾਂ ਸ਼ਕਤੀ ਹੈ ਗੁਰੂ ਨਾਨਕ ਦੇਵ ਜੀ ਵਿਚ। ਟਟਿਆਣਾ ਸੂਰਜ ਦਾ ਮੁਕਾਬਲਾ ਕਰਦਾ ਹੈ। ਲੇਕਿਨ ਗ੍ਰਿਹਸਤ ਦੀ ਐਨੀ ਨਫਰਤ ਸੀ ਤੇ ਗ੍ਰਹਿਸਤੀ ਦੇ ਹੱਥ ਦਾ ਖਾਣਾ ਤਾਂ ਇੱਕ ਪਾਸੇ ਰਿਹਾ, ਉਨ੍ਹਾਂ ਨਾਲ ਗੱਲ ਕਰਨ ਨੂੰ ਵੀ ਨਹੀਂ ਤਿਆਰ ਸੀ। ਮੰਗਦੇ ਉਨ੍ਹਾਂ ਕੋਲੋਂ ਹੀ ਸੀ ਸਾਰੀਆਂ ਚੀਜ਼ਾਂ। ਮਹਾਰਾਜ ਕਹਿੰਦੇ ਕਿੰਨਾਂ ਪਾਖੰਡ ਹੈ, ਜਿਨ੍ਹਾਂ ਨੂੰ ਨਿੰਦਦੇ ਓ, ਉਨ੍ਹਾਂ ਦੇ ਘਰ ਜਾ ਕੇ ਹੀ ਰਾਸ਼ਨ ਮੰਗ ਕੇ ਲਿਆਉਂਦੇ ਓਂ। ਕਹਿੰਦੇ ਇਹ ਗੱਲਾਂ ਗਲਤ ਨੇ ਭਾਈ, ਸੋ ਗ੍ਰਿਹਸਤੀ ਅਸੀਂ ਸੁੱਚਾ-ਸੱਚਾ ਬਣਾ ਦੇਣਾ ਹੈ। ਕਹਿੰਦੇ ਇਕਾਂਤ ਕਿੱਥੋਂ ਦੇਵੋਂਗੇ, ਗ੍ਰਿਹਸਤੀ ਨੂੰ ਇਕਾਂਤ ਬਿਨਾਂ ਭਜਨ ਨਹੀਂ ਹੁੰਦਾ, ਉਹ ਤਾਂ ਬਾਲ-ਬੱਚਿਆਂ 'ਚ ਉਲਝਿਆ ਰਹੇਗਾ। ਮਹਾਰਾਜ ਕਹਿੰਦੇ, ਅਸੀਂ ਜੁਗਤ ਦਸ ਦੇਣੀ ਹੈ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ਅੰਗ - ੫੨੨*

ਮਨੁੱਖ ਨੂੰ ਐਸੀ ਜੁਗਤ ਦੇ ਦੇਣੀ ਹੈ ਕਿ ਕਾਰੋਬਾਰ ਕਰਦਾ, ਬਾਲ ਬੱਚਿਆਂ 'ਚ ਰਹਿੰਦਾ, ਪਿਆਰ ਕਰਦਾ, ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ, ਦੇਸ਼ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ, ਧਰਮ ਦੀਆਂ ਲੋੜਾਂ ਪੂਰੀਆਂ ਕਰਦਾ, ਫੇਰ ਉਹਨੂੰ ਅਸੀਂ ਐਸੀ ਜੁਗਤ ਦੇ ਦੇਵਾਂਗੇ, ਜਿਹਦੀ ਜੁਗਤ ਦੇ ਨਾਲ ਉਹ ਪਾਰ ਲੰਘ ਜਾਏਗਾ। ਉਹ ਜੁਗਤ ਕੀ ਹੈ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥ ਅੰਗ - ੯੩੮*

ਮੁਰਗਾਬੀ ਰਹਿੰਦੀ ਹੈ ਪਾਣੀ 'ਚ, ਉਹਦੇ ਖੰਭ ਨਹੀਂ ਭਿੱਜਦੇ, ਜਿਥੋਂ ਜੀਅ ਕਰਦਾ ਹੈ ਉਡ ਜਾਂਦੀ ਹੈ ਤੇ ਕਮਲ ਫੁੱਲ ਹੈ, ਉਹ ਡੁੱਬਦਾ ਨਹੀਂ, ਪਾਣੀ 'ਚ, ਜਿੰਨਾਂ ਪਾਣੀ ਚੜ੍ਹ ਜਾਵੇ, ਓਨੀ ਹੀ ਡੰਡੀ ਓਹਦੀ ਵਧ ਜਾਂਦੀ ਹੈ। ਇਕਾਂਤ ਜਿਹੜੀ ਅਸੀਂ ਉਹਨੂੰ ਦੇਣੀ ਹੈ ਨਾ -

*ਰਹਹਿ ਇਕਾਂਤਿ ਏਕੋ ਮਨਿ ਵਸਿਆ*

*ਆਸਾ ਮਾਹਿ ਨਿਰਾਸੋ ॥ ਅੰਗ - ੯੩੮*

ਸ਼ਬਦ ਦੀ ਧੁਨ ਹਰ ਵਕਤ ਉਹਦੇ ਅੰਦਰ ਵਾਹਿਗੁਰੂ-ਵਾਹਿਗੁਰੂ ਹੋਈ ਜਾਣਾ ਹੈ, ਕਹਿੰਦੇ ਉਹਦਾ ਮਨ ਇਕਾਂਤ ਹੋਏਗਾ, ਉਹਦੇ ਮਨ ਨੇ ਨੱਠਣਾ ਨਹੀਂ। ਏਧਰ ਓਧਰ ਨਹੀਂ ਜਾਣਾ ਤੇ ਆਸ਼ਾਵਾਂ ਮੇਰੇ ਸਿੱਖ ਨੇ ਨਹੀਂ ਸੋਚਣੀਆਂ, ਭਾਣੇ 'ਚ ਰਹਿਣਾ ਹੈ। ਜੋ ਕੁਛ ਰਜ਼ਾ ਵਿਚ ਹੋ ਗਿਆ, ਠੀਕ ਹੈ, ਚਿਤਵਨੀਆਂ ਨਹੀਂ ਕਰਨੀਆਂ।

*ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥*
*ਅੰਗ - ੯੩੮*

ਸੋ ਐਨੀ ਗੱਲ ਜਿਸ ਵਕਤ ਉਨ੍ਹਾਂ ਨੇ ਸੁਣੀ, ਕਹਿਣ ਲੱਗੇ, ਨਾਨਕ ਜੀ! ਤੁਸੀਂ ਸਾਡੀ ਸਲਾਹ ਮੰਨੋ। ਉਹ ਇਹ ਹੈ ਕਿ ਆਹ ਦੁਨੀਆਂ ਨੂੰ ਛੱਡ ਕੇ ਜਿੰਨਾਂ ਚਿਰ ਗੋਸ਼ਾ ਨਸ਼ੀਨੀ ਨਹੀਂ ਅਖਤਿਆਰ ਕਰਦੇ, ਓਨੀਂ ਦੇਰ ਔਖ ਹੀ ਔਖ ਹੈ, ਦੁੱਖ ਹੀ ਦੁੱਖ ਹੈ। ਗ੍ਰਿਹਸਤੀ ਨੂੰ ਕਿੰਨੇ ਝੰਜਟ ਪੈਣੇ ਨੇ ਤੇ ਅਸੀਂ ਸਲਾਹ ਦਿੰਦੇ ਹਾਂ ਇਸ ਤਰ੍ਹਾਂ ਕਹਿੰਦੇ ਨੇ -

*ਧਾਰਨਾ - ਕੰਦ ਮੂਲ ਖਾ ਕੇ ਕਰ ਲੈ ਗੁਜ਼ਾਰਾ,*
*ਘਰ ਬਾਰ ਛੱਡ ਆਪਣਾ।*

*ਹਾਟੀ ਬਾਟੀ ਰਹਹਿ ਨਿਰਾਲੇ*
*ਰੂਖਿ ਬਿਰਖਿ ਉਦਿਆਨੇ ॥ ਅੰਗ - ੯੩੮*

ਆਹ ਜਿਹੜੇ ਝੰਜਟ ਨੇ, ਹੱਟੀਆਂ ਦੇ, ਖੇਤੀਆਂ ਬਾੜੀਆਂ ਵਣਜ ਵਪਾਰ ਦੇ। ਇਨ੍ਹਾਂ ਨੂੰ ਛੱਡ ਕੇ ਆਦਮੀ ਨਿਰਾਲਾ ਰਹਿਣਾ ਚਾਹੀਦਾ ਹੈ। ਬਾਹਰ ਰੋਹੀਆਂ ਦੇ ਵਿਚ ਫਿਰਨਾ ਤੁਰਨਾ ਚਾਹੀਦਾ ਹੈ। ਨਾ ਕਿਸੇ ਦੇ ਦੁੱਖ ਦਾ ਪਤਾ ਲੱਗੇ ਤੇ ਨਾ ਆਪਣੇ ਮਨ ਵਿਚ ਕਲਪਨਾ ਆਵੇ -

*ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥*
*ਅੰਗ - ੯੩੯*

ਕਹਿੰਦੇ, ਕੰਦ ਮੂਲ ਚੁਣ ਕੇ ਖਾ ਲਓ, ਨਾ ਕਿਸੇ ਨਾਲ ਰੌਲਾ, ਨਾ ਕਿਸੇ ਨਾ ਝਗੜਾ ਨਾ ਕਿਸੇ ਨਾਲ ਝਾਟਾ -

*ਤੀਰਥਿ ਨਾਈਐ ਸੁਖੁ ਫਲੁ ਪਾਈਐ*
*ਮੈਲੁ ਨ ਲਾਗੈ ਕਾਈ ॥ ਅੰਗ - ੯੩੯*

ਤੀਰਥਾਂ 'ਤੇ ਨਾਹੁੰਦਾ ਰਹੇ, ਤੀਰਥਾਂ ਦੇ ਕੰਢੇ ਠੰਢੇ ਪਾਣੀ ਕੋਲ ਰਹਿ ਕੇ ਸੁਖ ਫਲ ਪਾਵੇ ਤੇ ਮੈਲ ਨਹੀਂ ਲਗਦੀ।

*ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥*

*ਅੰਗ - ੯੩੯*

ਕਹਿੰਦੇ ਆਹ ਤਰੀਕਾ ਹੈ ਜੋਗ ਜੁਗਤ ਦਾ, ਤੁਹਾਡੇ ਵਾਲਾ ਤਰੀਕਾ ਹੈ ਕੋਈ? ਗ੍ਰਿਹਸਤੀ ਨੂੰ ਤਾਂ ਹਜ਼ਾਰਾਂ ਹੀ ਝੰਜਟ ਨੇ, ਹਜ਼ਾਰਾਂ ਹੀ ਸੋਚੀ ਜਾਂਦਾ ਹੈ। ਲੰਘੇਗਾ ਕਿਵੇਂ, ਰਹਿ ਜਾਏਗਾ ਇਹ ਤਾਂ ਵਿਚੇ ਹੀ। ਉਸ ਵੇਲੇ ਮਹਾਰਾਜ ਕਹਿੰਦੇ, ਨਾਥ ਜੀ! ਅਸਲੀ ਚੀਜ਼ ਮਨ ਹੋਇਆ ਕਰਦੈ, ਜੇ ਘਰ ਬਾਰ ਛੱਡ ਕੇ ਵੀ ਮਨ ਓਹੀ ਗੱਲਾਂ ਸੋਚੀ ਜਾਵੇ। ਫੇਰ ਘਰ-ਬਾਰ ਛੱਡਣ ਦਾ ਫਾਇਦਾ ਕੀ? ਇਹ ਤਾਂ ਹਾਟੀ-ਬਾਟੀ ਜਿਹੜੀ ਹੈ, ਦੁਨੀਆਂ ਹੈ ਇਹਦੇ 'ਚ ਬੰਦਾ ਦੁੱਖ ਸਹਾਰਦਾ ਹੈ, ਦੁੱਖ ਸਹਾਰਨ ਵਾਲੇ ਬੰਦੇ ਨੂੰ ਨੀਂਦ ਨਹੀਂ ਆਇਆ ਕਰਦੀ ਅਗਿਆਨ 'ਚ। ਦੂਸਰਾ ਇਹ ਹੈ ਕਿ ਬੇਗਾਨੇ ਘਰਾਂ 'ਚ ਚਿੱਤ ਨਹੀਂ ਡੋਲਾਂਦਾ। ਅੰਦਰ ਤਾਂ ਚੋਰ ਬੈਠਾ ਹੈ ਕਾਮ ਦਾ। ਕਿਵੇਂ ਰੋਕ ਲਏਗਾ ਓਸਨੂੰ? ਬਾਹਰੋਂ ਸਾਧੂ ਬਣਿਆ ਹੋਇਆ ਹੈ, ਉਹਦੇ ਖਿਆਲ ਗੰਦੇ ਫਿਰੀ ਜਾਣੇ ਨੇ, ਲਕੋ ਕੇ ਰਖਦਾ ਹੈ, ਮਹਾਰਾਜ ਕਹਿੰਦੇ-

*ਹਾਟੀ ਬਾਟੀ ਨੀਦ ਨ ਆਵੈ*
*ਪਰ ਘਰਿ ਚਿਤੁ ਨ ਡੁੋਲਾਈ ॥ ਅੰਗ - ੯੩੯*

ਗ੍ਰਿਹਸਤੀ ਬੰਦਾ ਆਪਣੇ ਹੱਕ ਦੇ ਉਤੇ ਰਹਿੰਦਾ, ਬੇਗਾਨਿਆਂ ਵਲ ਚਿੱਤ ਨਹੀਂ ਡੋਲਾਂਦਾ।-

*ਬਿਨੁ ਨਾਵੈ ਮਨੁ ਟੇਕ ਨ ਟਿਕਈ*
*ਨਾਨਕ ਭੂਖ ਨ ਜਾਈ ॥ ਅੰਗ - ੯੩੯*

ਨਾਮ ਤੋਂ ਬਗੈਰ ਕਿਵੇਂ ਮਨ ਟਿਕ ਜਾਏਗਾ। ਮਨ ਟਿਕਣਾ ਨਹੀਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਬਿਨਾਂ ਨਾਮ ਤੋਂ ਮਨ ਵਸ ਨਹੀਂਓਂ ਆਉਣਾ।*

ਲੇਕਿਨ ਜਿਹੜਾ ਬੰਦਗੀ ਕਰਨ ਵਾਲਾ ਹੈ, ਜਦੋਂ ਨਾਮ ਪ੍ਰਗਟ ਹੋ ਗਿਆ ਅੰਦਰ, ਉਸ ਵੇਲੇ ਮਨ ਟਿਕ ਜਾਇਆ ਕਰਦਾ ਹੈ। ਮਨ ਅ-ਮਨ, ਹੋ ਜਾਇਆ ਕਰਦਾ ਹੈ। ਮਨੋ-ਨਾਸ਼, ਵਾਸ਼ਨਾ ਖ੍ਹੈ, ਤਤੂ ਗਿਆਨ ਹੋ ਜਾਇਆ ਕਰਦਾ ਹੈ। ਸੋ ਸਾਨੂੰ ਗੁਰੂ ਨੇ ਅੰਦਰ ਦਿਖਾ ਦਿੱਤਾ। ਹੱਟੀਆਂ ਦਿਖਾ ਦਿਤੀਆਂ, ਬਜ਼ਾਰ ਦਿਖਾ ਦਿੱਤੇ, ਸਭ ਕੁਛ ਦਿਖਾ ਦਿੱਤਾ। ਅੰਦਰ ਘਰ ਦਿਖਾ ਦਿੱਤਾ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧*

ਕਹਿੰਦੇ, ਗੁਰੂ ਨੇ ਦਿਖਾ ਦਿੱਤਾ ਇਹ, ਹੁਣ ਅਸੀਂ ਵਪਾਰ ਕਾਹਦਾ ਕਰਦੇ ਹਾਂ। ਸਹਿਜ ਨਾਲ ਕਰਦੇ ਹਾਂ -

*ਧਾਰਨਾ - ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਵਾਹਿਗੁਰੂ.।*

ਮਹਾਰਾਜ ਕਹਿਣ ਲੱਗੇ, ਨਾਥ ਜੀ! ਅਸੀਂ ਸਹਿਜ ਦੇ ਨਾਲ ਨਾਮ ਦਾ ਵਪਾਰ ਕਰਦੇ ਹਾਂ। ਸਾਨੂੰ ਲੋੜ ਨਹੀਂ ਹੈ ਤੁਹਾਡੇ ਵਾਂਗਣ ਪੁੱਠੇ ਹੋ ਕੇ ਲੀਰਾਂ ਅੰਦਰ ਲੰਘਾਉਣੀਆਂ ਪੰਦਰਾਂ-ਪੰਦਰਾਂ ਹੱਥ ਲੰਬੀਆਂ, ਫੇਰ ਅੰਦਰੋਂ ਕੱਢਣੀਆਂ, ਮਿਹਦਾ ਸਾਫ ਕਰਨਾ, ਨੱਕ ਵਿਚ ਰੱਸੀ ਪਾ ਕੇ ਉਹਨੂੰ ਮਧਾਣੀ ਵਾਂਗਣ ਰਿੜਕਣਾ, ਧੌਂਕਣੀ ਵਾਂਗਣ ਪੇਟ ਨੂੰ ਕਰਨਾ। ਨਾ, ਸਾਨੂੰ ਨਹੀਂ ਲੋੜ, ਅਸੀਂ ਤਾਂ ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਨਾ ਹੈ। ਇਹ ਵੱਡਾ ਵਪਾਰ ਹੈ -

*ਹਾਟੁ ਪਟਣੁ ਘਰੁ ਗੁਰੂ ਦਿਖਾਇਆ*
*ਸਹਜੇ ਸਚੁ ਵਾਪਾਰੋ ॥*
*ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥*
*ਅੰਗ - ੯੩੯*

ਕਿਉਂਕਿ -

*ਅੰਤਰਿ ਸਬਦੁ ਨਿਰੰਤਰਿ ਮੁਦ੍ਰਾ*
*ਹਉਮੈ ਮਮਤਾ ਦੂਰਿ ਕਰੀ॥ ਅੰਗ - ੯੩੯*

ਜਿਹੜਾ ਹਰ ਵਕਤ ਸ਼ਬਦ ਅੰਦਰ ਚਲੇ ਜਾਣਾ ਹੈ, ਇਹ ਕਹਿੰਦੇ ਮੁੰਦਰਾਂ ਪੈ ਗਈਆਂ ਸਾਡੇ। ਹਉਮੈ ਵੀ, ਹੰਗਤਾ ਤੇ ਮਮਤਾ ਦੂਰ ਕਰ ਦਿੱਤੀਆਂ, ਸਭ ਕੁਛ ਪ੍ਰਮੇਸ਼ਰ ਦਾ ਜਾਣ ਕੇ -

*ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ*
*ਗੁਰ ਕੈ ਸਬਦਿ ਸੁ ਸਮਝ ਪਰੀ ॥ ਅੰਗ - ੯੩੯*

ਪੰਜੇ ਚੋਰਾਂ ਨੂੰ ਨਾਮ ਨੇ ਨਠਾ ਦਿੱਤਾ। ਗੁਰੂ ਦੇ ਸ਼ਬਦ ਦੀ ਜਦੋਂ ਸਮਝ ਪੈ ਗਈ ਕਿ ਘਟ-ਘਟ 'ਚ ਵਿਆਪਕ ਵਾਹਿਗੁਰੂ ਹੈ, ਇਹ ਪੰਜੇ ਚੋਰ ਨੱਠ ਗਏ-

*ਖਿੰਥਾ ਝੋਲੀ ਭਰਿਪੁਰਿ ਰਹਿਆ*
*ਨਾਨਕ ਤਾਰੈ ਏਕੁ ਹਰੀ ॥ ਅੰਗ - ੯੩੯*

ਝੋਲੀ ਪੈ ਗਈ ਸਾਡੇ, ਜਿਧਰ ਦੇਖਦੇ ਹਾਂ ਵਾਹਿਗੁਰੂ ਹੈ, ਇਹ ਕਹਿੰਦੇ ਝੋਲੀ ਪਾ ਲਈ ਅਸੀਂ।

*ਸਾਚਾ ਸਾਹਿਬੁ ਸਾਚੀ ਨਾਈ*
*ਪਰਖੈ ਗੁਰ ਕੀ ਬਾਤ ਖਰੀ ॥ ਅੰਗ - ੯੩੯*

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਉਨ੍ਹਾਂ ਦੇ ਨਾਲ ਬਚਨ ਕੀਤੇ, ਉਸ ਵੇਲੇ ਸਿੱਧਾਂ ਨੇ ਫੇਰ ਸੋਚਿਆ ਕਿ ਗੱਲਾਂ 'ਚ ਤਾਂ ਇਹ ਆਉਣ ਨਹੀਂ ਦਿੰਦਾ। ਇਹਨੂੰ ਕੋਈ ਚਮਤਕਾਰ ਦਿਖਾਈਏ, ਹੋ ਸਕਦਾ ਹੈ ਫੇਰ ਇਹ ਮੰਨ ਜਾਵੇ। ਓਸ ਵੇਲੇ ਗੋਰਖ ਕਹਿਣ ਲੱਗਿਆ, ਨਾਨਕ ਜੀ! ਔਹ ਦੇਖੋ ਸਾਮ੍ਹਣੇ ਪਾਣੀ ਨਜ਼ਰ ਆਉਂਦਾ ਹੈ ਨਾ। ਦੇਖੋ ਧਿਆਨ ਨਾਲ, ਕਹਿੰਦੇ ਹਾਂ ਨਾਥ ਜੀ! ਪਾਣੀ ਹੈ। ਜਾਓ ਕਹਿੰਦੇ ਇੱਕ ਕੁਮੰਡਲ ਪਾਣੀ ਦਾ ਭਰ ਲਿਆਓ। ਚਿੱਪੀ ਦੇ ਦਿੱਤੀ ਤੇ ਗੁਰੂ ਨਾਨਕ ਪਾਤਸ਼ਾਹ ਪਾਣੀ ਭਰਨ ਵਾਸਤੇ ਚਿੱਪੀ ਲੈ ਕੇ ਜਾਂਦੇ ਨੇ। ਅੱਗੇ ਜਾ ਕੇ ਕੀ ਦੇਖਦੇ ਨੇ ਕਿ ਝਿਲਮਿਲ-ਝਿਲਮਿਲ ਹੋ ਰਹੀ ਹੈ। ਹੀਰੇ ਲਾਲ ਜਵਾਹਰਾਤ ਅਨੇਕਾਂ ਹੀ ਰੰਗਾਂ ਦੇ, ਜਿਧਰ ਦੇਖਦੇ ਨੇ ਅੱਖਾਂ ਨਹੀਂ ਟਿਕਦੀਆਂ, ਮਾਇਆ ਹੀ ਮਾਇਆ ਪਸਾਰ ਦਿੱਤੀ। ਪਹਾੜ ਸੋਨੇ ਦੇ ਬਣਾ ਦਿੱਤੇ ਤੇ ਗੁਰੂ ਨਾਨਕ ਪਾਤਸ਼ਾਹ ਨੇ ਦੇਖਿਆ ਕਿ ਇਹ ਤਾਂ ਛਲ ਕਰਿਆ ਹੈ। ਮਹਾਰਾਜ ਨੇ ਦ੍ਰਿਸ਼ਟੀ ਕਰੀ ਸਾਰੀ ਮਾਇਆ ਗੁੰਮ ਕਰ ਦਿੱਤੀ ਓਹਦੀ। ਇੱਕ ਨਾ ਰਹਿਣ ਦਿੱਤੀ, ਸੋ ਉਹਨੂੰ ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏਹ ਲੇਵੈ ਬਾਲਾ।*
*ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।*
*ਖਪਰ ਦਿਤਾ ਨਾਥ ਜੀ*
*ਪਾਣੀ ਭਰਿ ਲੈਵਣਿ ਉਠਿ ਚਾਲਾ।*
*ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।*
*ਸਤਿਗੁਰ ਅਗਮ ਅਗਾਧਿ ਪੁਰਖੁ*
*ਕੇਹੜਾ ਝਲੇ ਗੁਰੂ ਦੀ ਝਾਲਾ।*
*ਭਾਈ ਗੁਰਦਾਸ ਜੀ, ਵਾਰ ੧/੩੧*

ਸਾਰਾ ਕੁਛ ਗੁੰਮ ਕਰ ਦਿੱਤਾ। ਪਾਣੀ ਵੀ ਨਾ ਰਹਿਣ ਦਿੱਤਾ -

*ਫਿਰਿ ਆਇਆ ਗੁਰ :*
*ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।*
*ਭਾਈ ਗੁਰਦਾਸ ਜੀ, ਵਾਰ ੧/੩੧*

ਕਹਿੰਦੇ, ਦੇਖੋ ਉਥੇ ਤਾਂ ਪਾਣੀ ਹੀ ਨਹੀਂ ਹੈ। ਹੈਰਾਨ ਹੋ ਗਿਆ ਗੋਰਖ ਕਿ ਕਿਧਰ ਗਏ ਹੀਰੇ, ਲਾਲ, ਜਵਾਹਰਾਤ ਜਿੰਨੇ ਸੀਗੇ ਪਏ ਇਥੇ, ਸੋਨੇ ਦੇ ਪਹਾੜ ਬਣਾਏ ਸੀ। ਇਹ ਤਾਂ ਕੁਛ ਵੀ ਨਹੀਂ ਰਿਹਾ, ਪਾਣੀ ਵੀ ਗਿਆ ਹੱਥੋਂ। ਬਥੇਰੀ ਕੋਸ਼ਿਸ਼ ਕਰਦਾ ਹੈ ਕਿ ਪਾਣੀ ਆ ਜਾਏ, ਪਰ ਆਇਆ ਨਾ ਹੱਥ। ਮਹਾਰਾਜ ਕਹਿੰਦੇ, ਇਹ ਕੀ ਤੁਸੀ ਕੌਤਕ ਕਰਦੇ ਓਂ। ਕਹਿੰਦੇ, ਦੇਖੋ ਨਾਨਕ ਜੀ! ਇੱਕ ਫੁਰਨਾ ਕਰਿਆ ਹੈ ਸਿਰਫ ਆਹ ਸਾਰਾ ਪਾਣੀ, ਸਾਰਾ ਪਹਾੜ ਹੀਰੇ ਲਾਲ, ਜਵਾਹਰਾਤ ਦਾ ਬਣਾ ਦਿਤਾ। ਤੂੰ ਸਾਡਾ ਜੋਗ ਧਾਰਨ ਕਰ ਲੈ, ਦੇਖ ਕਿੰਨੀ ਸ਼ਕਤੀ ਹੈ। ਮਹਾਰਾਜ ਕਹਿੰਦੇ, ਨਾਥ ਜੀ! ਇਹ ਤਾਂ ਸਾਰੀ ਮਾਇਆ ਦੀ

ਚੀਜ਼ ਹੈ। ਮਾਇਆ ਤੋਂ ਆਪਾਂ ਉਚਾ ਉਠ ਕੇ ਪਾਰਬ੍ਰਹਮ ਪ੍ਰਮੇਸ਼ਰ 'ਚ ਜਾਣਾ ਹੈ, ਤੁਸੀਂ ਪ੍ਰਮੇਸ਼ਰ ਨੂੰ ਨਹੀਂ ਮੰਨਦੇ। ਸੁੰਨ ਨੂੰ ਮੰਨਦੇ ਓਂ, ਸਾਡਾ ਪ੍ਰਮੇਸ਼ਰ ਸੁੰਨ ਨਹੀਂ ਹੈ, ਉਹ ਜੀਵਨ ਹੈ, ਅਫੁਰ ਅਵਸਥਾ 'ਚ ਹੈ, ਲੇਕਿਨ ਉਹ ਹੋਂਦ ਹੈ, ਅਣਹੋਂਦ ਨਹੀਂ। ਤੁਹਾਡਾ ਰੱਬ ਜਿਹੜਾ ਹੈ ਉਹ ਅਣਹੋਂਦ ਹੈ। ਕੁਛ ਨਹੀਂ ਕਰਦਾ। ਸੋ ਇਸ ਤਰ੍ਹਾਂ ਬੇਅੰਤ ਬਚਨ ਹੋਏ, ਤਾਂ ਸਿੱਧਾਂ ਨੇ ਅਖੀਰ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਨੂੰ ਨਮਸ਼ਕਾਰ ਕੀਤੀ, ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਬਾਬੇ ਜਿੱਤ ਲਈ ਸਿੱਧਾਂ ਵਾਲੀ ਮੰਡਲੀ,*
*ਸ਼ਬਦਾਂ ਦੇ ਬਾਣ ਮਾਰ ਕੇ।*

*ਸਬਦਿ ਜਿਤੀ ਸਿਧਿ ਮੰਡਲੀ*
*ਕੀਤੋਸੁ ਅਪਣਾ ਪੰਥੁ ਨਿਰਾਲਾ।*
*ਕਲਿਜੁਗਿ ਨਾਨਕ ਨਾਮੁ ਸੁਖਾਲਾ।*

*ਭਾਈ ਗੁਰਦਾਸ ਜੀ, ਵਾਰ ੧/੩੧*

ਦੱਸ ਦਿੱਤਾ ਕਿ ਨਾਮ ਜਪਣਾ ਸੁਖਾਲਾ ਤੇ ਕਲਿਆਣਕਾਰੀ ਹੈ। ਇਹ ਤਾਂ ਕਿਲ੍ਹਾ ਬੜਾ ਵੱਡਾ ਫਤਹਿ ਕਰ ਲਿਆ ਗੁਰੂ ਨਾਨਕ ਪਾਤਸ਼ਾਹ ਨੇ। ਤੇ ਦੂਜੇ ਪਾਸੇ ਪੱਛਮ ਦਾ ਕਿਲ੍ਹਾ ਉਹ ਬਹੁਤ ਸਖਤ ਸੀਗਾ। ਇਸ ਤੋਂ ਵੀ ਕਿਤੇ ਜ਼ਿਆਦਾ ਸਖਤ, ਉਹ ਸੀ ਇਸਲਾਮ ਦਾ, ਇਸਲਾਮ ਵਾਲਿਆਂ ਨੂੰ ਇਹ ਭਰਮ ਪੈ ਗਿਆ ਸੀ ਕਿ ਰੱਬ ਮੱਕੇ 'ਚ ਰਹਿੰਦਾ ਹੈ, ਪੱਕਾ ਹੋ ਗਿਆ ਸੀ। ਇਹ ਦੋ ਕਿਸਮ ਦੇ ਸੀ ਇੱਕ ਸੂਫੀ ਸੀ, ਉਨ੍ਹਾਂ ਦੇ ਖਿਆਲ ਤਾਂ ਹੋਰ ਸੀਗੇ। ਲੇਕਿਨ ਉਹ ਨਾਲ ਟਕਰਾਅ ਹੋ ਜਾਣ ਕਰਕੇ ਸੂਫੀਆਂ ਦੀਆਂ ਖੱਲ੍ਹਾਂ ਲਾਹ ਦਿੱਤੀਆਂ। ਸੂਲੀਆਂ 'ਤੇ ਚਾੜ੍ਹ ਦਿੱਤਾ। ਬਰਦਾਸ਼ਤ ਨਹੀ ਸੀ ਕਰਦੇ ਕਿ ਜੋ ਗੱਲ ਅਸੀਂ ਜਾਣੀ ਹੈ, ਇਸ ਤੋਂ ਵੱਧ ਗਿਆਨ ਹੈ ਹੀ ਨਹੀਂ। ਧਰਮ ਦੇ ਵਿਚ ਜਦੋਂ ਐਸੀ ਗੱਲ ਹੋਵੇ, ਉਹ ਫੇਰ ਕੱਟੜ ਰੂਪ ਧਾਰਨ ਕਰਿਆ ਕਰਦਾ ਹੈ। ਉਹਦੇ 'ਚ ਲਚਕ ਨਹੀਂ ਰਿਹਾ ਕਰਦੀ। ਜਿਹੜੇ ਧਰਮ ਦੇ ਵਿਚ ਗਿਆਨ ਦੇ ਬੇਅੰਤ ਭੰਡਾਰੇ ਨੇ, ਉਹਦੀ ਹੋਰ ਵਿਚਾਰਧਾਰਾ ਹੋਇਆ ਕਰਦੀ ਹੈ।

ਸੋ ਉਥੇ ਗੁਰੂ ਨਾਨਕ ਪਾਤਸ਼ਾਹ ਨੂੰ ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਮੱਕਾ ਸੁਣੀਦਾ ਹੈ, ਕਿਤੇ ਜੇ ਲੋਟ ਲਗ ਜਾਵੇ ਤਾਂ ਉਹਦੀ ਵੀ ਆਪਾਂ ਜ਼ਿਆਰਤ ਕਰ ਲਈਏ। ਮਹਾਰਾਜ ਕਹਿੰਦੇ, ਮਰਦਾਨਿਆਂ! ਤੈਨੂੰ ਪਤਾ ਹੈ ਜੇ ਹਿੰਦੂ ਮੱਕੇ ਚਲਿਆ ਜਾਵੇ, ਉਹਨੂੰ ਜਾਨ ਤੋਂ ਮਾਰ ਦਿੰਦੇ ਨੇ, ਜਿਹੜਾ ਹਿੰਦੂ ਵੀ ਜਾਂਦਾ ਹੈ ਉਹ ਵੀ ਬਾਹਰ ਇੱਕ ਲਾਇਨ ਹੈ,ਉਸ ਤੋਂ ਅੰਦਰ ਨਹੀਂ ਜਾ ਸਕਦਾ। ਉਥੇ ਆਪਾਂ ਕਿਵੇਂ ਪਹੁੰਚ ਜਾਵਾਂਗੇ। ਫੇਰ ਆਹ ਸਾਰਾ ਹੀ ਇਸਲਾਮ ਦਾ ਦੇਸ਼ ਹੈ ਤੇ ਲੰਘਣ ਨਹੀਂ ਦੇਣਾ ਸਾਨੂੰ ਕਿਸੇ ਨੇ। ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਤੁਹਾਡੇ ਤੋਂ ਕੋਈ ਵੱਡਾ ਨਹੀਂ ਹੈ, ਤੁਸੀਂ ਸਭ ਕੁਛ ਕਰ ਸਕਦੇ ਓਂ। ਹਾਜ਼ੀਆਂ ਦੇ ਨਾਲ ਰਲ ਕੇ ਤੁਰ ਪਏ ਤੇ ਗੁਰੂ ਨਾਨਕ ਵੀ ਤੁਰੇ ਜਾਂਦੇ ਨੇ। ਇੱਕ ਬਦਲੀ ਆਈ ਹੋਈ ਹੈ, ਧੁੱਪ ਬਹੁਤ ਹੀ ਕੜਕਦੀ ਹੈ, ਉਹ ਬਦਲੀ ਗੁਰੂ ਨਾਨਕ ਪਾਤਸ਼ਾਹ ਦੇ ਛਾਂ ਕਰੀ ਜਾਂਦੀ ਹੈ। ਨਾਲ ਜਿਹੜੀ ਜਾਂਦੀ ਹੈ ਹਾਜੀਆਂ ਦੀ ਜਮਾਤ ਉਨ੍ਹਾਂ 'ਤੇ ਵੀ ਛਾਂ ਕਰਦੀ ਹੈ। ਉਹ ਜਿਹੜੇ ਪੀਰ ਸੀ ਉਹ ਕਹਿਣ ਲੱਗੇ ਕਿ ਹਿੰਦੂ ਆਪਣੇ ਨਾਲ ਜਾ ਰਿਹਾ ਹੈ, ਇਹਨੇ ਜਹਾਜ਼ ਚੜ੍ਹ ਜਾਣਾ ਹੈ ਆਪਣੇ ਨਾਲ ਹੀ। ਜਦੋਂ ਪਤਾ ਲਗ ਗਿਆ ਤਾਂ ਨਾਲ ਆਪਾਂ ਨੂੰ ਤੇ ਨਾਲ ਇਹਨੂੰ ਪਤਾ ਹੈ ਕੀ ਸਜ਼ਾ ਮਿਲੇਗੀ। ਹੋ ਸਕਦਾ ਹੈ ਮਾਰ ਦੇਣ, ਚੰਗਾ ਇਹ ਹੈ ਕਿ ਇਹਨੂੰ ਕਹਿ ਦੇਈਏ ਕਿ ਸਾਡੇ ਨਾਲ ਨਾ ਜਾਹ। ਕਹਿਣ ਲੱਗੇ, ਨਾਨਕ ਦਰਵੇਸ਼! ਦੇਖ ਅਸੀਂ ਜਾਂਦੇ ਹਾਂ ਹੱਜ ਨੂੰ, ਉਥੇ ਹਿੰਦੂ ਨੂੰ ਨਹੀਂ ਜਾਣ ਦਿੰਦੇ। ਜੇ ਤੂੰ ਗਿਆ ਸਾਨੂੰ ਔਖ ਹੋ ਜਾਏਗੀ, ਕਸ਼ਟ ਦੇ ਵਿਚ ਪੈ ਜਾਵਾਂਗੇ, ਤੂੰ ਸਾਡੇ ਨਾਲ ਨਾ ਤੁਰ, ਇਕੱਲੇ ਨੇ ਜਾਣਾ ਹੈ ਜਾਹ। ਮਹਾਰਾਜ ਕਹਿੰਦੇ, ਅਸੀਂ ਤੁਹਾਡਾ ਕੀ ਵਿਗਾੜਦੇ ਹਾਂ, ਧਰਤੀ ਰੱਬ ਦੀ ਹੈ ਉਹਦੇ ਉਤੇ ਤੁਰੇ ਜਾਂਦੇ ਹਾਂ। ਕਹਿੰਦੇ ਸਾਡੇ ਨਾਲ ਨਾ ਤੁਰ। ਮਹਾਰਾਜ ਕਹਿੰਦੇ, ਮਰਦਾਨਿਆਂ! ਫੇਰ ਬਹਿ ਜਾ। ਜਾਣ ਦਿੰਦੇ ਨੇ ਕਿਤੇ ਆਪਾਂ ਨੂੰ? ਆਹ ਸਿੰਧ ਦੀ ਗੱਲ ਹੈ, ਸੱਖਰ ਦੇ ਕੋਲ ਬੈਠ ਗਏ, ਉਹ ਬਦਲੀ ਮਹਾਰਾਜ 'ਤੇ ਠਹਿਰ ਗਈ, ਉਹ ਧੁੱਪ ਦੇ ਵਿਚ ਤੁਰੇ ਜਾਂਦੇ ਨੇ। ਕਹਿੰਦੇ, ਹੈਫ ਹੈ ਅੱਲਾਹ ਦਾ, ਦੇਖੋ, ਕਾਫਰ ਦੇ ਉਤੇ ਅੱਲਾਹ ਤਾਲਾਹ ਦਿਆਲ ਹੋਇਆ-ਹੋਇਆ ਹੈ। ਉਹਦੇ ਉਤੇ ਛਾਂ ਕਰ ਦਿੱਤੀ ਸਾਡੇ ਉਤੇ ਧੁੱਪ ਕਰ ਦਿੱਤੀ ਤੇ ਇਧਰੋਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਨਾ ਕਰਿਆ ਮੱਕੇ 'ਚ ਚਲੇ ਗਏ। ਜਾ ਕੇ ਹਾਜੀ ਲੋਕ ਜਿਹੜੇ ਪਹਿਲਾਂ ਪਹੁੰਚੇ ਹੋਏ ਨੇ, ਉਹ ਸਾਰੇ ਲੰਮੇ ਪਏ ਨੇ, ਮੱਕੇ ਵਲ ਨੂੰ ਸਭ ਨੇ ਸਿਰ ਕਰਿਆ ਹੋਇਆ ਹੈ। ਜਿਵੇਂ ਆਪਾਂ ਦਰਬਾਰ ਸਾਹਿਬ ਜਾਈਏ ਤੇ ਪ੍ਰਕਰਮਾ 'ਚ ਸੌਂ ਜਾਈਏ ਤੇ ਅਸੀਂ ਸਿਰ ਹਰਿਮੰਦਰ ਸਾਹਿਬ ਵਲ ਨੂੰ ਕਰਕੇ ਪੈਂਦੇ ਹਾਂ, ਕਿਉਂਕਿ ਸਤਿਕਾਰ ਦਾ ਤਰੀਕਾ ਹੈ ਇਹ। ਗੁਰੂ ਨਾਨਕ ਪਾਤਸ਼ਾਹ ਨੇ ਭਰਮ ਕੱਢਣਾ ਸੀ ਤੇ ਉਹ ਪ੍ਰਕਰਮਾ ਦੇ ਵਿਚ ਪੈਰ ਓਧਰ

ਕਰਕੇ ਪੈ ਗਏ ਤੇ ਸਵੇਰ ਵੇਲੇ ਜਦੋਂ ਆਇਆ ਇੰਤਜ਼ਾਮ ਕਰਨ ਵਾਲਾ ਜੀਵਨ, ਉਸ ਨੇ ਆ ਕੇ ਦੇਖਿਆ ਕਿ ਬਾਕੀ ਤਾਂ ਸਾਰੇ ਪਏ ਨੇ ਠੀਕ, ਆਹ ਬੰਦਾ ਕੌਣ ਆ ਗਿਆ ਜਿਹੜਾ ਕਾਹਬੇ ਵਲ ਪੈਰ ਕਰੀਂ ਪਿਆ ਹੈ। ਐਡਾ ਕ੍ਰੋਧ ਚੜ੍ਹਿਆ, ਗੁਰੂ ਨਾਨਕ ਪਾਤਸ਼ਾਹ ਦੀ ਵੱਖੀ ਵਿਚ, ਪੂਰੇ ਜ਼ੋਰ ਨਾਲ ਲੱਤ ਮਾਰੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।*
*ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।*
*ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।*
*ਜਾ ਬਾਬਾ ਸੁਤਾ ਰਾਤਿ ਨੋ*
*ਵਲਿ ਮਹਿਰਾਬੇ ਪਾਇ ਪਸਾਰੀ।*
*ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?*
*ਲਤਾਂ ਵਲਿ ਖੁਦਾਇਦੇ*
*ਕਿਉ ਕਰਿ ਪਇਆ ਹੋਇ ਬਜਿਗਾਰੀ।*

*ਭਾਈ ਗੁਰਦਾਸ ਜੀ, ਵਾਰ ੧/੩੨*

ਮਹਾਰਾਜ ਕਹਿਣ ਕਿਉਂ ਮਾਰਦਾ ਹੈਂ? ਕਹਿੰਦਾ, ਤੂੰ ਖੁਦਾ ਦੇ ਘਰ ਵਲ ਪੈਰ ਕਰੀਂ ਪਿਆ ਹੈਂ। ਮਹਾਰਾਜ ਕਹਿੰਦੇ, ਹਨ੍ਹੇਰੇ ਹੋਏ ਆਏ ਸੀ। ਥੱਕੇ ਹੋਏ ਸੀ, ਸਾਨੂੰ ਨਹੀਂ ਪਤਾ ਕਿ ਅਸੀਂ ਖੁਦਾ ਦੇ ਘਰ ਵਲ ਸਿਰ ਕਰਕੇ ਪਏ ਹਾਂ ਜਾਂ ਪੈਰ ਕਰਕੇ ਪਏ ਹਾਂ। ਹੋ ਸਕਦਾ ਹੈ ਸੁੱਤੇ ਪਏ ਹੀ ਬਦਲ ਗਏ ਹੋਈਏ ਪਾਸੇ ਲੈਂਦੇ-ਲੈਂਦੇ। ਹੁਣ ਤੂੰ ਮਿਹਰਬਾਨੀ ਕਰ, ਲੱਤ ਤੂੰ ਮਾਰੀ ਜ਼ੋਰ ਦੀ, ਉਠ ਨਹੀਂ ਹੁੰਦਾ ਸਾਡੇ ਤੋਂ ਤੇ ਤੂੰ ਸਾਡੇ ਪੈਰ ਓਧਰ ਕਰ ਦੇ, ਜਿਧਰ ਖੁਦਾ ਦਾ ਘਰ ਨਹੀਂ ਹੈ। ਭਾਈ ਸਾਹਿਬ ਕਹਿੰਦੇ ਨੇ ਕਿ-

*ਟੰਗੋਂ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।*
*ਹੋਇ ਹੈਰਾਨੁ ਕਰੇਨਿ ਜੁਹਾਰੀ॥*

*ਭਾਈ ਗੁਰਦਾਸ ਜੀ, ਵਾਰ ੧/੩੨*

ਉਥੇ ਹੀ ਨਹੀਂ ਕਿ ਮਾੜਾ ਜਿਹਾ ਘੁੰਮਾ ਦੇ, ਘੜੀਸ ਲਿਆ ਗੁੱਸੇ 'ਚ ਆਏ ਨੇ। ਕਹਿੰਦਾ ਕਰਦਾ ਹਾਂ ਤੇਰੇ ਪੈਰ। ਜਦੋਂ ਘੁੰਮਾ ਕੇ ਜ਼ੋਰ ਨਾਲ ਪੈਰ ਮਾਰੇ ਨਾ ਧਰਤੀ 'ਤੇ ਤਾਂ ਮਹਾਰਾਜ ਕਹਿੰਦੇ ਦੇਖ ਲੈ ਕਿਤੇ ਖੁਦਾ ਦਾ ਘਰ ਨਾ ਏਧਰ ਹੋਵੇ, ਕੀ ਦੇਖਦਾ ਹੈ ਸਾਮ੍ਹਣੇ ਮੱਕਾ। ਡਰ ਗਿਆ ਕਿ ਹੈਂ ਆਹ ਕੀ ਭਾਣਾ ਵਰਤਿਆ। ਮਹਾਰਾਜ ਕਹਿੰਦੇ, ਦੂਜੇ ਪਾਸੇ ਕਰ ਦੇ। ਜਦੋਂ ਉਸ ਨੇ ਦੂਜੇ ਪਾਸੇ ਕਰੇ ਓਧਰ ਵੀ ਮੱਕਾ, ਜਿਧਰ ਕਰੇ ਮੱਕਾ। ਚਰਨਾਂ ਨੂੰ ਹੱਥ ਲਾਉਣ ਦੀ ਦੇਰ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਕੋਈ ਮਾਮੂਲੀ ਚਰਨ ਤਾਂ ਨਹੀਂ ਨਾ, ਸਾਧਸੰਗਤ ਜੀ! ਚਰਨਾਂ ਨੂੰ ਹੱਥ ਲਾਉਣ ਨਾਲ ਹੀ, ਛੋਹਣ ਨਾਲ ਬਿਰਤੀ ਖੁਲ੍ਹ ਜਾਂਦੀ ਸੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਤਲਵੰਡੀ ਦੇ ਵਿਚ ਆਰਾਮ ਕਰ ਰਹੇ ਨੇ, ਮਾਤਾ ਜੀ ਨੇ ਪ੍ਰਸ਼ਾਦਾ ਤਿਆਰ ਕਰ ਦਿੱਤਾ। ਤੁਲਸਾਂ ਦਾਸੀ ਨੂੰ ਕਹਿਣ ਲੱਗੇ, ਤੁਲਸਾਂ! ਔਹ ਨਾਨਕ ਜੀ! ਸੁੱਤੇ ਪਏ ਨੇ, ਜਾਹ, ਜਾ ਕੇ ਜਗਾ ਲਿਆ ਤੇ ਪ੍ਰਸ਼ਾਦਾ ਛਕ ਲੈਣ। ਮਾਤਾ ਨੂੰ ਨਹੀਂ ਸੀ ਪਤਾ ਕਿ ਗੁਰੂ ਨਾਨਕ ਦੇਵ ਜੀ ਕਦੇ ਵੀ ਨਹੀਂ ਸੌਂਦੇ, ਉਹ ਤਾਂ ਸਦਾ ਜਾਗਦੇ ਸਨ, ਸਾਨੂੰ ਜਗਾਉਣ ਆਏ ਹਨ।

ਇੱਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਨਾਲ ਬਚਨ ਹੋਏ। ਮੈਂ ਕਿਹਾ ਕਿ ਮਹਾਰਾਜ ਜੀ! ਬਹੁਤ ਥੋੜ੍ਹੀ ਨੀਂਦ ਲੈਂਦੇ ਓਂ ਤੁਸੀਂ, ਰਾਤ ਨੂੰ ਸਾਢੇ ਗਿਆਰ੍ਹਾਂ ਦੀਵਾਨ ਤੋਂ ਆਉਂਦੇ ਓਂ ਤੇ ਤੁਸੀਂ ਇੱਕ ਵਜੇ ਫੇਰ ਉਠ ਖੜ੍ਹਦੇ ਓਂ। ਡੇਢ ਘੰਟਾ ਹੀ ਨੀਂਦ ਲੈਂਦੇ ਓਂ। ਮਹਾਰਾਜ ਹੱਸ ਪਏ, ਮੈਂ ਕਿਹਾ ਮਹਾਰਾਜ! ਕੀ ਗੱਲ? ਮਹਾਰਾਜ ਕਹਿੰਦੇ, ਡੇਢ ਘੰਟਾ ਅਸੀਂ ਕਿਤੇ ਸੌਂਦੇ ਹਾਂ? ਮੈਂ ਕਿਹਾ, ਫੇਰ ਕੀ ਕਰਦੇ ਓਂ? ਮੰਜੇ 'ਤੇ ਪਏ ਰਹਿੰਦੇ ਓਂ? ਕਹਿੰਦੇ, ਸਰੀਰ ਮੰਜੇ 'ਤੇ ਹੁੰਦਾ ਹੈ, ਅਸੀਂ ਤਾਂ ਜੇ ਸਰੀਰ ਨੂੰ ਨਾਲ ਲੈ ਕੇ ਜਾਈਏ, ਪਾਸਪੋਰਟ ਦੀ ਲੋੜ ਹੈ, ਜਹਾਜ਼ 'ਤੇ ਚੜ੍ਹਨ ਦੀ ਲੋੜ ਹੈ। ਕਹਿੰਦੇ, ਬੇਅੰਤ ਨੇ ਪ੍ਰੇਮੀ ਜੋ ਕੋਈ ਅਰਦਾਸ ਕਰਦਾ ਹੈ ਕਿ ਸਾਡਾ ਆਹ ਕਰ ਦਿਓ, ਆਹ ਕਰ ਦਿਓ, ਕਹਿੰਦੇ ਅਸੀਂ ਰਾਤ ਨੂੰ ਫੇਰ ਸੂਖਸ਼ਮ ਸਰੀਰ ਦੇ ਨਾਲ ਜਾ ਕੇ ਕਿਸੇ ਨੂੰ ਦਰਸ਼ਨ ਦਿੰਦੇ ਹਾਂ, ਕਿਸੇ ਦਾ ਕਾਰਜ ਸਿੱਧ ਕਰਦੇ ਹਾਂ। ਮੈਂ ਕਿਹਾ ਮਹਾਰਾਜ! ਸਰੀਰ ਇੱਥੇ ਕਿਵੇਂ ਰਹਿ ਜਾਂਦਾ ਹੈ। ਕਹਿੰਦੇ, ਇਹ ਵੀ ਗੱਲ ਪੁਛਣੀ ਹੈ? ਮੈਂ ਕਿਹਾ, ਹਾਂ ਜੀ। ਕਹਿੰਦੇ, ਇੱਕ ਚਾਂਦੀ ਦੀ ਕਿਰਨ ਹੁੰਦੀ ਹੈ। ਜਦੋਂ ਸਰੀਰ ਦੇ ਵਿਚੋਂ ਨਿਕਲ ਜਾਂਦੀ ਹੈ ਰੂਹ ਤੇ ਉਹ ਕਿਰਨ ਇਹਦੇ ਨਾਲ ਜੁੜੀ ਰਹਿੰਦੀ ਹੈ। ਇਸੇ ਕਰਕੇ ਸੰਤਾਂ ਨੂੰ ਇੱਕ ਦਮ ਨਹੀਂ ਉਠਾਉਣਾ ਚਾਹੀਦਾ। ਪਤਾ ਨਹੀਂ ਕਿੱਥੇ ਗਏ ਹੁੰਦੇ ਨੇ। ਸੋ ਇਹ ਤੁਲਸਾਂ ਦਾਸੀ ਆਈ, ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਲ ਖੜ੍ਹ ਗਈ, ਆਵਾਜ਼ ਨਹੀਂ ਮਾਰਦੀ। ਸ਼ਰਧਾ ਵਾਲੀ ਸੀ, ਇਹਦੇ ਮਨ ਵਿਚ ਆਇਆ ਕਿ ਆਪ ਦੇ ਚਰਨ ਦਾ ਅੰਗੂਠਾ ਕੱਪੜੇ ਤੋਂ ਬਾਹਰ ਹੈ। ਕਿਉਂ ਨਾ ਮੈਂ ਮਸਤਕ ਲਾ ਦੇਵਾਂ। ਮਸਤਕ ਦੀ ਛੋਹ ਦੇ ਨਾਲ ਇਨ੍ਹਾਂ ਨੂੰ ਜਾਗ ਆ ਜਾਏਗੀ। ਓਸ ਵੇਲੇ ਇਹਨੇ ਮਸਤਕ ਗੁਰੂ ਨਾਨਕ ਪਾਤਸ਼ਾਹ ਦੇ ਅੰਗੂਠੇ ਨਾਲ ਲਾ ਦਿੱਤਾ। ਲਾਉਣ ਦੀ ਦੇਰ ਸੀ, ਤੜੱਕ ਹੋਈ ਆਵਾਜ਼, ਕੀ ਦੇਖਦੀ ਹੈ

ਸਾਰਾ ਹੀ ਸੰਸਾਰ ਖੁੱਲ੍ਹ ਗਿਆ, ਕੰਧਾਂ ਉਹਦੇ ਵਾਸਤੇ ਰਹੀਆਂ ਹੀ ਨਾ, ਨਾ ਦੂਰੀ ਰਹੀ ਤੇ ਜਿੱਥੇ ਗੁਰੂ ਨਾਨਕ ਸੀ ਉਥੇ ਪਹੁੰਚ ਗਈ। ਉਥੇ ਕੀ ਕਰਦੇ ਨੇ, ਮਨਸੁਖ ਦਾ ਜਹਾਜ਼ ਡੁੱਬ ਰਿਹਾ ਹੈ। ਉਹ ਅਰਦਾਸਾਂ ਕਰ ਰਿਹਾ ਹੈ ਕਿ ਪਾਤਸ਼ਾਹ ਮੇਰਾ ਜਹਾਜ਼ ਬੰਨ੍ਹੇ ਲਾਓ। ਮਹਾਰਾਜ ਉਹਦੀ ਸਹਾਇਤਾ ਕਰ ਰਹੇ ਨੇ, ਤੇ ਜਹਾਜ਼ ਨੂੰ ਬੰਨ੍ਹੇ ਲਾ ਰਹੇ ਨੇ। ਵਾਪਸ ਆ ਗਈ ਕਿ ਜਹਾਜ਼ ਡੁੱਬ ਜਾਏਗਾ, ਜੇ ਮੈਂ ਜਗਾ ਦਿੱਤੇ। ਮਾਤਾ ਜੀ ਨੇ ਪੁੱਛਿਆ ਕਿ ਜਗਾਇਆ ਨਹੀਂ ਤੂੰ? ਕਹਿੰਦੀ ਕੀਹਨੂੰ ਜਗਾਵਾਂ? ਕਹਿੰਦੇ, ਮੈਂ ਤੈਨੂੰ ਕਿਹਾ ਹੈ ਕਿ ਨਾਨਕ ਜੀ ਨੂੰ ਜਗਾ ਕੇ ਲਿਆ। ਕਹਿੰਦੀ, ਉਹ ਤਾਂ ਮਨਸੁਖ ਦਾ ਜਹਾਜ਼ ਕੰਢੇ ਲਾ ਰਹੇ ਨੇ। ਬੜੀ ਨਰਾਜ਼ ਹੋਈ ਮਾਤਾ। ਜਾ ਕੇ ਆਪ ਆਵਾਜ਼ ਦੇ ਦਿਤੀ। ਪਾਤਸ਼ਾਹ ਉਠੇ, ਕਹਿੰਦੀ, ਨਾਨਕ ਜੀ! ਅੱਗੇ ਤਾਂ ਸ਼ਰੀਕ ਹੀ ਮਸ਼ਕਰੀਆਂ ਕਰਦੇ ਸੀ, ਹੁਣ ਤਾਂ ਘਰ ਦੇ ਨੌਕਰ ਚਾਕਰ ਵੀ ਕਰਨ ਲਗ ਗਏ। ਕਹਿੰਦੇ ਕੀ ਗੱਲ? ਕਹਿੰਦੇ, ਆਹ ਤੁਲਸਾਂ ਦਾਸੀ ਦੀ ਗੱਲ ਸੁਣੋ, ਮੈਂ ਭੇਜਿਆ ਕਿ ਜਗਾ ਕੇ ਲਿਆਓ। ਮੈਨੂੰ ਆ ਕੇ ਖਬਰਾਂ ਦਿੰਦੀ ਹੈ ਕਿ ਗੁਰੂ ਨਾਨਕ ਸਮੁੰਦਰ 'ਚ ਜਹਾਜ਼ ਬੰਨ੍ਹੇ ਲਾ ਰਿਹਾ ਹੈ ਮਨਸੁਖ ਦਾ। ਲੰਕਾ ਨੂੰ ਜਾ ਰਿਹਾ ਹੈ। ਕਹਿੰਦੇ ਇਹ ਤਾਂ ਝੱਲੀ ਹੈ, ਓਸੇ ਵੇਲੇ ਬੇਬੇ ਨੇ ਬੋਚ ਲਈ ਗੱਲ, ਕਹਿੰਦੀ ਵੀਰ ਜੀ! ਕ੍ਰਿਪਾ ਕਰੋ, ਕ੍ਰਿਪਾ ਕਰੋ। ਝੱਲੀ ਨਾ ਕਹੋ। ਕਹਿੰਦੇ, ਐਨੀ ਕੁ ਝੱਲੀ ਹੋ ਜਾਊ, ਭੇਤ ਲਕੋ ਲਏਗੀ, ਬੱਸ ਬਾਕੀ ਸਾਰੀ ਸਾਵਧਾਨ ਰਹੇਗੀ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਹੱਥ ਲਾ ਕੇ ਹੋਇਆ ਕੀ? ਉਹਦੀ ਸੁਰਤੀ ਖੁੱਲ੍ਹ ਗਈ। ਉਹ ਜਿਧਰ ਦੇਖਦਾ ਹੈ, ਮੱਕਾ ਹੀ ਮੱਕਾ। ਕੋਈ ਥਾਂ ਹੀ ਨਹੀਂ ਹੈ ਕਾਹਬੇ ਤੋਂ ਬਿਨਾਂ। ਅੱਲਾਹ ਦੇ ਦਰਸ਼ਨ ਹੋ ਰਹੇ ਨੇ ਹਰ ਥਾਂ ਤੋਂ।ਹੈਰਾਨ ਹੋ ਗਿਆ, ਕਿ ਖੁਦਾ ਆ ਗਿਆ, ਖੁਦਾ ਆ ਗਿਆ। ਦੁਨੀਆਂ ਇਕੱਠੀ ਹੋ ਗਈ। ਉਸ ਵੇਲੇ ਸਾਰੇ ਇਕੱਠੇ ਹੋ ਗਏ, ਚਾਰੇ ਇਮਾਮ ਆ ਗਏ ਤੇ ਬਚਨ ਚੱਲਣ ਲਗ ਗਏ। ਉਸ ਨੇ ਸਾਰੀ ਗੱਲ ਦੱਸ ਦਿਤੀ ਤੇ ਉਨ੍ਹਾਂ ਦੇ ਮਨ ਵਿਚ ਵੀ ਕੁਛ ਗਿਆਨ ਹੋ ਗਿਆ, ਕੋਈ ਵੱਡਾ ਕਲਾਵਾਨ ਪੁਰਸ਼ ਆ ਗਿਆ, ਬਈ ਚਲੋ ਇਸ 'ਤੇ ਕੋਈ ਸਵਾਲ ਕਰੀਏ, ਇਸ ਤੋਂ ਕੋਈ ਗੱਲ ਪੁੱਛੀਏ? ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਤੋਂ ਆਹ ਗੱਲ ਪੁੱਛਦੇ ਨੇ –

*ਧਾਰਨਾ – ਵੱਡਾ ਹਿੰਦੂ ਹੈ ਕਿ ਮੁਸਲਮਨੋਈ*
*ਖੋਲ੍ਹ ਕੇ ਕਿਤਾਬ ਪੁੱਛਦੇ।*

ਕਹਿਣ ਲੱਗੇ, ਹੇ ਨਾਨਕ! ਤੂੰ ਇਹ ਦੱਸ ਕਿ ਤੂੰ ਹਿੰਦੂ ਹੈਂ ਕਿ ਮੁਸਲਮਾਨ ਹੈਂ? ਮਹਾਰਾਜ ਕਹਿੰਦੇ ਅਸੀਂ ਤਾਂ ਪੰਜ ਤੱਤ ਦੇ ਪੁਤਲੇ ਹਾਂ, ਨਾ ਹਿੰਦੂ ਨਾ ਮੁਸਲਮਾਨ; ਦੋਹਾਂ ਤੋਂ ਅਲੱਗ। ਉਸ ਵੇਲੇ ਸਵਾਲ ਕਰਨੇ ਸ਼ੁਰੂ ਕਰ ਦਿਤੇ, ਵੱਡੀ ਗੋਸ਼ਟ ਹੋਈ, ਉਹਦੇ 'ਚ ਇੱਕ ਸਵਾਲ ਕਰਿਆ–

*ਵੱਡਾ ਸਾਂਗ ਵਰਤਾਇਆ*
*ਲਖਿ ਨ ਸਕੈ ਕੁਦਰਤਿ ਕੋਈ।*

*ਭਾਈ ਗੁਰਦਾਸ ਜੀ, ਵਾਰ ੧/੩੩*

ਗੁਰੂ ਨਾਨਕ ਦੀ ਤਾਕਤ ਨੂੰ ਕੋਈ ਲਖ ਨਹੀਂ ਸਕਦਾ। ਮਹਾਰਾਜ ਕਹਿੰਦੇ ਵੱਡੇ ਤਾਂ ਪ੍ਰੇਮੀਓਂ ਅਮਲ ਹੋਇਆ ਕਰਦੇ ਨੇ। ਜੇ ਮੁਸਲਮਾਨ ਗੰਦੇ ਕੰਮ ਕਰਦਾ ਹੈ ਉਹਨੂੰ ਵੱਡਾ ਕਿਵੇਂ ਕਹਿ ਦੇਈਏ। ਜੇ ਹਿੰਦੂ ਆਪਣੇ ਧਰਮ ਦੇ ਵਿਪਰੀਤ ਮਾੜੇ ਕੰਮ ਕਰਦਾ ਹੈ, ਉਹਨੂੰ ਵੱਡਾ ਕਿਵੇਂ ਕਹਿ ਦੇਈਏ।

*ਬਾਬਾ ਆਖੇ ਹਾਜੀਆ*
*ਸੁਭਿ ਅਮਲਾ ਬਾਝਹੁ ਦੋਨੋ ਰੋਈ।*

*ਭਾਈ ਗੁਰਦਾਸ ਜੀ, ਵਾਰ ੧/੩੩*

ਰੱਬ ਦੇ ਦਰ 'ਤੇ ਕੋਈ ਮਜ਼੍ਹਬ ਨਹੀਂ ਚਲਦਾ, ਉਥੇ ਤਾਂ ਅਮਲਾਂ ਦਾ ਨਿਬੇੜਾ ਹੁੰਦਾ ਹੈ।

*ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।*

*ਭਾਈ ਗੁਰਦਾਸ ਜੀ, ਵਾਰ ੧/੩੩*

ਉਹ ਨਮਾਜ਼ ਪੜ੍ਹਦਾ ਹੈ, ਉਹ ਪੂਜਾ ਕਰਦਾ ਹੈ। ਦੋਵੇਂ ਕਿਹਦੀ ਪੂਜਾ ਕਰਦੇ ਨੇ? ਇਕ ਕਹਿੰਦਾ ਕਿ ਮੈਂ ਰਾਮ ਦੀ, ਪ੍ਰਭੂ ਦੀ, ਪ੍ਰਮੇਸ਼ਰ ਦੀ, ਗੋਬਿੰਦ ਦੀ। ਦੂਜਾ ਕਹਿੰਦਾ ਕਿ ਮੈਂ ਅੱਲਾਹ ਤਾਲਾ ਦੀ ਨਮਾਜ਼ ਪੜ੍ਹਦਾ ਹਾਂ, ਖੁਦਾ ਦੀ। ਕਹਿੰਦੇ ਇਹ ਤਾਂ ਇੱਕੋ ਹੀ ਹੋਇਆ ਤੁਹਾਡੇ ਦੋਹਾਂ ਦਾ, ਕਿਉਂ ਅੰਨ੍ਹੇ ਹੋ ਕੇ ਲੜਦੇ ਓਂ, ਆਪਸ ਵਿਚ। ਇੱਕੋ ਹੀ ਹੈ ਉਹ –

*ਕਰਨਿ ਬਖੀਲੀ ਆਪਿ ਵਿਚਿ*
*ਰਾਮ ਰਹੀਮ ਇਕ ਥਾਇ ਖਲੋਈ।*
*ਰਾਹਿ ਸੈਤਾਨੀ ਦੁਨੀਆਂ ਗੋਈ॥*

*ਭਾਈ ਗੁਰਦਾਸ ਜੀ, ਵਾਰ ੧/੩੩*

ਸ਼ੈਤਾਨ ਦੇ ਰਾਹ ਪੈ ਗਈ, ਸੋ ਗੁਰੂ ਨਾਨਕ ਪਾਤਸ਼ਾਹ ਨੇ ਉਥੇ ਬੈਠ ਕੇ ਬੜੀ ਲੰਮੀ ਗੋਸ਼ਟ ਕੀਤੀ। ਕਿੰਨੇ ਮਹੀਨੇ ਚਲਦੀ ਰਹੀ। ਅਖੀਰ ਹਾਜ਼ੀਆਂ ਨੇ, ਸਾਰਿਆਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਨਮਸ਼ਕਾਰ ਕਰ ਦਿਤੀ। ਚਾਰੇ ਇਮਾਮਾਂ ਨੇ ਸਿਜਦਾ ਕਰ ਦਿੱਤਾ, ਕਹਿਣ ਲੱਗੇ, ਨਾਨਕ! ਤੂੰ ਵਲੀ ਪੁਰਸ਼ ਆਇਆ ਤੇ ਹੁਣ ਤੂੰ ਚਲੇ ਜਾਣੈ ਤੇ ਸਾਨੂੰ ਕੋਈ ਨਿਸ਼ਾਨੀ ਦੇ

ਜਾ। ਗੁਰੂ ਨਾਨਕ ਨੇ ਆਪਣੀ ਖੜਾਂਵ ਉਥੇ ਨਿਸ਼ਾਨੀ ਦੇ ਦਿਤੀ। ਉਸ ਤੋਂ ਬਾਅਦ ਬਗਦਾਦ ਵਿਚ ਪਹੁੰਚਦੇ ਨੇ, ਨਦੀ ਦਾ ਕਿਨਾਰਾ ਹੈ, ਓਸ ਥਾਂ 'ਤੇ ਬੈਠੇ ਅੰਮ੍ਰਿਤ ਵੇਲੇ ਤੋਂ ਸਮਾਧੀ ਸਥਿਤ, ਦਿਨ ਚੜ੍ਹ ਆਇਆ ਤਾਂ ਇੱਕ ਪੀਰ ਦਾ ਮੁਰੀਦ ਜੋ ਹਿੰਦੀ ਸਮਝਣ ਵਾਲਾ ਸੀ। ਉਹ ਜਿਸ ਥਾਂ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਬੈਠੇ ਸੀ, ਉਥੇ ਨੇੜੇ ਆ ਕੇ ਇਹ ਜਾਨਣ ਦੀ ਕੋਸ਼ਿਸ਼ ਕਰੀ ਕਿ ਇਹ ਫਕੀਰ ਕੌਣ ਨੇ। ਕਿਸ ਘਰਾਣੇ ਦੇ ਨੇ, ਇਨ੍ਹਾਂ ਕੋਲ ਰਬਾਬ ਹੈ ਤੇ ਇਹ ਕੁਛ ਪੜ੍ਹਦੇ ਨੇ, ਸੁਣਨ ਦੀ, ਕੋਸ਼ਿਸ਼ ਕਰੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਇਸ ਦੇ ਭਾਵ ਨਾਲ ਪੜ੍ਹ ਰਹੇ ਨੇ –

*ਧਾਰਨਾ – ਲੱਖਾਂ ਪਾਤਾਲ ਤੇ ਆਕਾਸ਼ ਕੁਦਰਤ ਤੇਰੀ,*
*ਆਵੇ ਨਾ ਕੋਈ ਅੰਤ ਮਾਲਕਾ।*

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ – ੫*

ਚੰਗੀ ਤਰ੍ਹਾਂ ਸਮਝ ਲਈ ਗੱਲ ਓਸ ਮੁਰੀਦ ਨੇ। ਹੈਰਾਨ ਹੋ ਗਿਆ ਇਕ ਇਹ ਕਾਫਰ ਮੁਸਲਮਾਨ ਦੇਸ਼ ਵਿਚ? ਤੇ ਆਇਆ ਵੀ ਉਥੇ ਹੈ ਜਿਥੇ ਇਸਲਾਮ ਦੀ ਜਗ੍ਹਾ ਹੈ। ਜਿਵੇਂ ਆਪਣੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਹੈ, ਬਗਦਾਦ ਇਸੇ ਤਰ੍ਹਾਂ ਮੁਸਲਮਾਨਾਂ ਲਈ ਸੀ, ਉਥੋਂ ਫਤਵੇ ਆਉਂਦੇ ਸੀ, ਉਥੋਂ ਹੀ ਸ਼ਰ੍ਹਾ ਦੀ ਤਸ਼ਰੀਹ ਆਇਆ ਕਰਦੀ ਸੀ। ਕੋਈ ਗੁੰਝਲ ਪੈ ਜਾਏ, ਓਸ ਥਾਂ ਨੂੰ ਲਿਖਦੇ ਸੀ। ਓਸ ਥਾਂ ਦਾ ਪੀਰ, ਓਸ ਨੂੰ ਦਸਤਗੀਰ ਕਹਿੰਦੇ ਸੀ। ਜਿਵੇਂ ਨਾਨਕ ਕਹਿੰਦੇ ਨੇ, ਇਸ ਤਰ੍ਹਾਂ ਉਨ੍ਹਾਂ ਨੂੰ ਦਸਤਗੀਰ ਕਹਿੰਦੇ ਸੀ। ਓਹ ਮੁਰੀਦ ਜਦੋਂ ਗਿਆ ਤਾਂ ਪੀਰ ਨੇ ਪੁੱਛਿਆ ਕਿ ਕੀ ਗੱਲ ਹੈ? ਅੱਜ ਦੇਰ ਕਰ ਦਿੱਤੀ। ਕਹਿੰਦਾ, ਮਹਾਰਾਜ ਦੇਰ ਕਾਹਦੀ ਕਰ ਦਿੱਤੀ। ਇੱਕ ਕਾਫਰ ਆਇਆ ਬੈਠਾ ਹੈ ਸ਼ਹਿਰ ਦੇ ਬਾਹਰ ਤੇ ਕੁਫਰ ਬੋਲ ਰਿਹਾ ਹੈ, ਕਹਿੰਦੇ ਕੀ ਕੁਫਰ ਬੋਲਦਾ ਹੈ? ਕਹਿੰਦਾ, ਲੱਖਾਂ ਆਕਾਸ਼, ਲੱਖਾਂ ਪਾਤਾਲ ਨੇ; ਮੈਂ ਧਿਆਨ ਨਾਲ ਸੁਣਿਆ ਹੈ। ਕਿਉਂਕਿ ਮੈਂ ਹਿੰਦੀ ਜਾਣਦਾ ਹਾਂ। ਇੱਕ ਗੱਲ ਨਹੀਂ ਦੂਸਰਾ ਉਹਨੇ ਸ਼ਰਾ ਦੀਆਂ ਧੱਜੀਆਂ ਉਡਾ ਦਿੱਤੀਆਂ, ਰਬਾਬ ਹੈ ਕੋਲ ਤੇ ਉਹਦੇ ਨਾਲ ਕੁਛ ਗਾ ਰਿਹਾ ਹੈ। ਕਹਿੰਦਾ ਹੈਂ! ਇਹ ਨਗਰੀ ਹੋਵੇ ਇਸਲਾਮ ਦੀ ਤੇ ਉਥੇ ਆ ਕੇ ਕੋਈ ਕੁਫਰ ਦਾ ਪ੍ਰਚਾਰ ਕਰੇ? ਕ੍ਰੋਧ ਵਿਚ ਆ ਗਿਆ, ਲਾਲ ਗੁਲਾਲ ਹੋ ਗਿਆ। ਅੱਗ ਬਗੋਲਾ ਹੋ ਗਿਆ। ਹੁਕਮ ਦਿੱਤਾ ਕਿ ਸਾਰੇ ਸ਼ਹਿਰ ਵਿਚ ਹੁਕਮ ਕਰ ਦਿਓ ਕਿ ਸਾਰੇ ਉਥੇ ਚਲੋ ਦਰਿਆ ਦੇ ਕੰਢੇ ਤੇ ਉਹ ਜੋ ਕਾਫਰ ਹੈ ਉਹਦੇ ਉਤੇ ਐਨੇ ਵੱਟੇ ਸੁੱਟੋ ਕਿ ਐਨੇ ਵੱਟੇ ਮਾਰੋ ਕਿ ਹੇਠਾਂ ਆ ਕੇ ਦਬ ਕੇ ਮਰ ਜਾਵੇ। ਹੁਕਮ ਹੋ ਗਿਆ, ਸਾਰੇ ਹੀ ਚੱਲ ਪਏ। ਮਰਦਾਨੇ ਨੇ ਦੇਖ ਲਏ, ਕਹਿੰਦਾ ਸੱਚੇ ਪਾਤਸ਼ਾਹ! ਆਹ ਜਿਹੜੇ ਲੋਕ ਆਉਂਦੇ ਨੇ ਸੁੱਖ ਨਹੀਂ ਹੈ। ਬੜੇ ਕ੍ਰੋਧ ਨਾਲ ਕਾਹਲੇ-ਕਾਹਲੇ ਤੁਰੇ ਆਉਂਦੇ ਨੇ, ਇੱਕ ਤੋਂ ਇੱਕ ਅੱਗੇ ਤੇ ਇਨ੍ਹਾਂ ਦੇ ਹੱਥਾਂ ਵਿਚ ਤਾਂ ਵੱਟੇ ਨੇ। ਕਹਿੰਦੇ, ਮਰਦਾਨਿਆਂ! ਕੋਈ ਗੱਲ ਨਹੀਂ। ਤੂੰ ਨਾ ਫਿਕਰ ਕਰ, ਜਦੋਂ ਨੇੜੇ ਆਏ ਉਸ ਵੇਲੇ ਗੁਰੂ ਮਹਾਰਾਜ ਨੇ ਇੱਕ ਜੈਕਾਰਾ ਬੁਲਾਇਆ। ਐਉਂ ਪੜ੍ਹ ਲਓ –

*ਧਾਰਨਾ – ਏਕੰਕਾਰ ਦਾ ਜੈਕਾਰਾ ਸੁਣ ਕੇ,*
*ਸੁੰਨ ਮੁੰਨ ਨਗਰੀ ਹੋ ਗਈ।*

ਐਨੀ ਜਦੋਂ ਆਵਾਜ਼ ਸੁਣੀ ਸਾਰਿਆਂ ਨੇ, ਐਸੀ ਆਵਾਜ਼ ਵਿਚ ਤਾਸੀਰ ਸੀ, ਸਾਰੇ ਜਿੱਥੇ ਕੋਈ ਖੜ੍ਹਾ ਹੈ ਖੜ੍ਹਾ ਹੀ ਰਹਿ ਗਿਆ। ਚੁੱਪ ਕਰੇ ਬੈਠੇ ਨੇ, ਸਮਾਧੀਆਂ ਲਗ ਗਈਆਂ। ਪੀਰ ਨੇ ਦੇਖਿਆ ਕਿ ਸਾਰੀ ਨਗਰੀ ਚੁੱਪ ਹੋ ਗਈ, ਕੀ ਹੋ ਗਿਆ ਇਹ? ਅੰਤਰ ਧਿਆਨ ਹੋਇਆ ਦੇਖਣ ਵਾਸਤੇ। ਕਰਾਮਾਤੀ ਪੀਰ ਬਹੁਤ ਵੱਡਾ ਸੀ, ਅਰ ਇਹ ਸਮਝਦਾ ਸੀ ਕਿ ਅੱਜ ਸੰਸਾਰ 'ਚ ਮੇਰੇ ਨਾਲੋਂ ਤਾਕਤ ਵਿਚ ਕੋਈ ਵੱਡਾ ਨਹੀਂ। ਮਾੜੇ ਮੋਟੇ ਦੇ ਪੈਰ ਨਹੀਂ ਸੀ ਲਗਣ ਦਿੰਦਾ। ਦੇਖਿਆ ਕਿ ਕੋਈ ਬਹੁਤ ਵੱਡਾ ਆ ਗਿਆ ਤੇ ਉਹਦੇ ਬੋਲ ਵਿਚ ਐਸੀ ਤਾਸੀਰ ਹੈ ਕਿ ਇਹ ਤਾਂ ਉਹਨੇ ਆਵਾਜ਼ ਦਿੱਤੀ ਹੈ, ਆਵਾਜ਼ ਦੇ ਨਾਲ ਹੀ ਲੋਕਾਂ ਦੀ ਸਮਾਧੀ ਲਾ ਦਿੱਤੀ। ਉਸ ਵੇਲੇ ਪੀਰ ਨੇ ਆਪਣੀ ਸ਼ਕਤੀ ਲਾਈ ਤੇ ਲਾ ਕੇ ਉਨ੍ਹਾਂ ਦੀ ਜੜ੍ਹਤਾ ਦੂਰ ਕਰ ਦਿਤੀ। ਲਿਖਦੇ ਨੇ –

*ਸ਼੍ਰੀ ਨਾਨਕ ਸੁਨਿਕੈ ਤਿਹ ਕਾਲਾ।*
*ਊਚੀ ਦੀਨੀ ਬਾਂਗ ਬਿਸਾਲਾ॥*
*ਨਿਰੰਕਾਰ ਸਤਿ ਸ਼੍ਰੀ ਅਕਾਲਾ।*
*ਗੁਰਬਰ ਏਕੰਕਾਰ ਕ੍ਰਿਪਾਲਾ।*
*ਸੁਨਿ ਕਰਿ ਬਾਂਗ ਸਰਬ ਨਰ ਨਾਰੀ।*
*ਸੁੰਨ ਮੁੰਨ ਹੋਏ ਇਕ ਵਾਰੀ॥*

*ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ ੧੦੪੭*

ਸੁੰਨ-ਮੁੰਨ ਹੋ ਗਏ। ਨਾ ਕੋਈ ਤੁਰਦਾ ਹੈ, ਨਾ ਕਿਸੇ ਨੂੰ ਧਿਆਨ ਹੈ ਕਿ ਵੱਟੇ ਮਾਰਨ ਆਏ ਸੀ। ਚੁੱਪ

*(ਬਾਕੀ ਪੰਨਾ 43 'ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-55)*

ਸਿਰੀਰਾਗੁ ਮਹਲਾ ੫॥

ਪੈ ਪਾਇ ਮਨਾਈ ਸੋਇ ਜੀਉ ॥

ਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਹੇ ਪਿਆਰੇ ਜੀ! ਪਹਿਲਾਂ ਗੁਰਾਂ ਦੇ ਪੈ=ਚਰਨਾਂ ਵਿਚ ਆਪਣੇ ਆਪ ਨੂੰ ਪਾ ਕੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਸੋਇ=ਉਸ ਤਤਪਦ ਦੇ ਲਖ ਅਰਥ ਸਰੂਪ ਪ੍ਰਮੇਸ਼ਰ ਦੇ ਤਾਈਂ ਮਨਾਈ=ਮਨਾਉਣਾ ਕਰੀਏ।

ਸਤਿਗੁਰ ਪੁਰਖਿ ਮਿਲਾਇਆ
ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ਰਹਾਉ ॥

ਪੂਰਨ ਸਤਿਗੁਰਾਂ ਦੇ ਅਕਾਲ ਪੁਰਖ ਦੇ ਨਾਲ ਮਿਲਾਇਆ=ਮਿਲਾਉਣਾ ਕੀਤਾ ਹੈ, ਤਿਸੁ=ਉਸ ਗੁਰੂ ਵਾ: ਪ੍ਰਮੇਸ਼ਰ ਦੇ ਜੇਵਡੁ=ਜਿੱਡਾ ਵੱਡਾ ਅਵਰੁ=ਹੋਰ ਕੋਈ ਨਹੀਂ ਹੈ। ਉਹ ਸਤਿਗੁਰੂ ਸਭ ਤੋਂ ਵੱਡਾ ਹੈ। ਉਸ ਦੇ ਸਮਾਨ ਅਵਤਾਰ, ਪੀਰ, ਪੈਗੰਬਰ ਦੇਵਤੇ ਆਦਿ ਨਹੀਂ ਹੋ ਸਕਦੇ।

ਗੋਸਾਈ ਮਿਹੰਡਾ ਇਠੜਾ ॥

ਗੋ=ਪ੍ਰਿਥਵੀ ਦਾ ਸਾਈ=ਮਾਲਕ ਭਾਵ ਧਰਤੀ ਦੀ ਪਾਲਣਾ ਕਰਨ ਵਾਲਾ ਅਕਾਲ ਪੁਰਖ ਵਾਹਿਗੁਰੂ ਮਿਹੰਡਾ=ਸਾਡਾ ਇਠੜਾ=ਪਿਆਰਾ ਹੈ।

ਅੰਮ ਅਬੇ ਥਾਵਹੁ ਮਿਠੜਾ ॥

ਉਹ ਅਕਾਲ ਪੁਰਖ ਵਾਹਿਗੁਰੂ ਸਾਨੂੰ ਅੰਮ=ਮਾਂ ਅਤੇ ਅਬੇ=ਪਿਓ ਥਾਵਹੁ=ਨਾਲੋਂ ਵੀ ਮਿਠੜਾ=ਪਿਆਰਾ ਲਗਦਾ ਹੈ ਵਾ: ਅੰਨਵੇਂ ਅਰਥ ਮ=ਮਿਰਤੁ ਅੰ=ਰਹਿਤ ਜੋ ਮਿਰਤੂ ਤੋਂ ਰਹਿਤ ਅਬੇ=ਅਬਿਨਾਸੀ ਪ੍ਰਮੇਸ਼ਰ ਹੈ, ਉਹ ਸਾਨੂੰ ਲੋਕ ਪਰਲੋਕ, ਬੈਕੁੰਠ ਦੀਆਂ ਚਾਰ ਮੁਕਤੀਆਂ ਬ੍ਰਹਮ ਲੋਕ, ਮਾਤ ਲੋਕ, ਇੰਦਰ ਦੀ ਪਦਵੀ, ਸਵਰਗ ਦੇ ਸੁਖ, ਭਿਸ਼ਤ ਦੀਆਂ ਹੂਰਾਂ ਆਦਿ ਸਾਰੇ ਸੁੱਖਾਂ ਥਾਵਹੁ=ਨਾਲੋਂ ਮਿਠੜਾ=ਪਿਆਰਾ ਹੈ।

ਭੈਣ ਭਾਈ ਸਭਿ ਸਜਣਾ
ਤੁਧੁ ਜੇਹਾ ਨਾਹੀ ਕੋਇ ਜੀਉ ॥੧॥

ਹੇ ਪਰਮੇਸ਼ਰ ਜੀ! ਜਿੰਨੇ ਵੀ ਭੈਣ, ਭਰਾ ਅਤੇ ਹੋਰ ਸਾਰੇ ਸੱਜਣ, ਮਿੱਤਰ, ਸਾਕ-ਸਬਧੀ ਹਨ, ਇਨ੍ਹਾਂ ਵਿਚੋਂ ਤੁਧੁ=ਤੁਹਾਡੇ ਜੇਹਾ=ਜੈਸਾ ਕੋਇ=ਕੋਈ ਵੀ ਨਹੀਂ ਹੈ। ਇਹ ਸਾਰੇ ਉਤਨਾ ਚਿਰ ਹੀ ਹਨ ਜਿਤਨਾ ਚਿਰ ਆਪ ਜੀ ਦੀ ਕ੍ਰਿਪਾ ਦੁਆਰਾ ਚੇਤਨ ਸੱਤਾ ਮਿਲੀ ਹੋਈ ਹੈ।

ਤੇਰੈ ਹੁਕਮੇ ਸਾਵਣੁ ਆਇਆ ॥

ਹੇ ਪਰਮੇਸ਼ਰ ਜੀ! ਤੇਰੈ=ਤੁਹਾਡੇ ਹੁਕਮੇ=ਹੁਕਮ ਅਨੁਸਾਰ ਹੀ ਸਾਵਣ ਦਾ ਮਹੀਨਾ ਆਇਆ ਹੈ ਵਾ: ਇਸੇ ਪ੍ਰਕਾਰ ਹੇ ਪਰਮੇਸ਼ਰ ਜੀ! ਤੁਹਾਡੇ ਹੁਕਮ ਅਨੁਸਾਰ ਹੀ ਸਾਨੂੰ ਚੌਰਾਸੀ ਲੱਖ ਜੂਨਾਂ ਭੋਗ ਕੇ ਮਨੁੱਖਾ ਜਨਮ, ਸ਼ੌਕ ਅਵਸਥਾ ਰੂਪੀ ਸਾਉਣ ਦਾ ਮਹੀਨਾ ਆ ਕੇ ਪ੍ਰਾਪਤ ਹੋਇਆ ਹੈ।

ਮੈ ਸਤ ਕਾ ਹਲੁ ਜੋਆਇਆ ॥

ਸਾਉਣ ਦੇ ਮਹੀਨੇ ਜ਼ਿੰਮੀਂਦਾਰ ਸਾਉਣੀ ਬੀਜਦੇ ਹਨ ਅਤੇ ਪੈਲੀਆਂ ਵਿਚ ਹਲ ਜੋੜਦੇ ਹਨ, ਉਸੇ ਤਰ੍ਹਾਂ ਅਸੀਂ ਆਪ ਜੀ ਦੇ ਹੁਕਮ ਦੁਆਰਾ ਸਤਿ ਪ੍ਰਤੱਗੀ ਹੋਣਾ, ਸੱਚ ਬੋਲਣਾ, ਸਤਿਪੁਰਖਾਂ ਨਾਲ ਮਿਲਾਪ ਰੱਖਣਾ, ਕੂੜ ਨਹੀਂ ਬੋਲਣਾ, ਸਚਾਈ ਵਾਲੇ ਕੰਮ ਕਰਨੇ, ਸੱਤਿਆ ਰੱਖਣੀ, ਵਿਕਾਰਾਂ ਵਿਚ ਨਾ ਪਰਚਣਾ, ਧਰਮ ਦਾ ਸਤਿ ਰੱਖਣਾ ਆਦਿ ਐਸਾ ਹਲ ਜੋਆਇਆ=ਜੋੜਨਾ ਕੀਤਾ ਹੈ। ਹੇ ਪ੍ਰਮੇਸ਼ਰ ਜੀ! ਮੈਂ ਸਤ ਸੰਤੋਖ ਨੂੰ ਬੈਲ ਬਣਾ ਕੇ ਬੁੱਧ ਰੂਪ ਧਰਤੀ ਵਿਚ ਗੁਰਾਂ ਦੁਆਰਾ ਸਤ=ਸੱਚ ਕਾ=ਦਾ ਉਪਦੇਸ਼ ਗ੍ਰਹਿਣ ਕਰਨ ਰੂਪ ਹੱਲ ਜੋ ਆਇਆ=ਜੋੜਨਾ ਕੀਤਾ ਹੈ -

ਨਾਉ ਬੀਜਣ ਲਗਾ ਆਸ ਕਰਿ
ਹਰਿ ਬੋਹਲ ਬਖਸ ਜਮਾਇ ਜੀਉ ॥ ੨ ॥

ਗਿਆਨ ਰੂਪੀ ਫਲ ਦੀ ਆਸ=ਉਮੀਦ ਕਰਿ=ਕਰ ਕੇ ਗੁਰਾਂ ਦੁਆਰਾ ਨਾਉ=ਨਾਮ ਰੂਪੀ ਬੀਜ ਬੀਜਣ ਲੱਗਾ ਹਾਂ ਇਸ ਕਰਕੇ ਹੇ ਪਰਮੇਸ਼ਰ ਜੀ! ਆਪ ਜੀ ਦਇਆ ਦ੍ਰਿਸ਼ਟੀ ਕਰ ਕੇ ਗਿਆਨ ਰੂਪੀ ਫਲ ਦਾ ਬਖਸ਼ਿਸ਼ ਰੂਪੀ ਬੋਹਲ ਜੰਮਾਇ=ਜਮਾਉਣਾ ਕਰੋ ਅਥਵਾ ਆਪ ਜੀ ਦੇ ਸਰੂਪ ਦੀ ਪ੍ਰਾਪਤੀ ਦੀ ਆਸ ਕਰਕੇ ਗੁਰਾਂ ਦੁਆਰਾ ਸਰਵਣ ਕਰਕੇ ਨਾਮ ਰੂਪੀ ਬੀਜ ਨੂੰ

ਬੀਜਣ ਲੱਗਾ ਹਾਂ, ਇਸ ਕਰਕੇ ਹੇ ਹਰਿ=ਪਰਮੇਸ਼ਰ ਜੀਉ=ਜੀ! ਆਪ ਜੀ ਕ੍ਰਿਪਾ ਕਰਕੇ ਮੰਨਣ ਰੂਪ ਖੇਤੀ ਦਾ ਜੰਮਣਾ, ਨਿਧਿਆਸਣ ਕਰਨ ਰੂਪ ਖੇਤ ਦਾ ਪੱਕਣਾ, ਤੱਤ ਤ੍ਵੰ ਪਦ ਦਾ ਸੰਸ਼ੋਧਨ ਕਰਨ ਰੂਪ ਖੇਤ ਦਾ ਖੜ ਪੱਕੇ ਹੋਣਾ, ਬ੍ਰਹਮ ਵਿਦਿਆ ਕਰਕੇ ਬ੍ਰਹਮਾਦਿਕ ਦੀ ਪ੍ਰਾਪਤੀ, ਸਰੂਪ ਦੀ ਸਖਿਆਤਤਾ ਆਦਿ ਬਖਸ਼ਿਸ਼ਾਂ ਰੂਪੀ ਬੋਹਲ ਨੂੰ ਜਮਾਉਣਾ ਕਰੋ।

ਹਉ ਗੁਰ ਮਿਲਿ ਇਕੁ ਪਛਾਣਦਾ ॥

ਹਉ=ਮੈਂ ਸਤਿਗੁਰਾਂ ਨਾਲ ਮਿਲ ਕੇ ਇਕ ਅਕਾਲ ਪੁਰਖ ਪ੍ਰਮਾਤਮਾ ਨੂੰ ਹੀ ਪਛਾਣਦਾ=ਪਹਿਚਾਣਦਾ ਹਾਂ।

ਦੁਯਾ ਕਾਗਲੁ ਚਿਤਿ ਨ ਜਾਣਦਾ ॥

ਮੈਂ ਦੁਯਾ=ਦਵੈਤ ਵਾਲੀ ਗੱਲ ਨੂੰ ਕਾਗਲੁ=ਕਾਗਜ਼ ਉਤੇ ਚਿਤਰਕਾਰੀ ਕਰਕੇ ਚਿੱਤ ਵਿਚ ਵਸਾਉਣਾ ਨਹੀਂ ਜਾਣਦਾ ਅਥਵਾ ਅੰਤਹਕਰਣ ਰੂਪੀ ਕਾਗਲੁ=ਕਾਗਜ਼ ਨੂੰ ਦੁਯਾ=ਦਵੈਤ ਦੇ ਸਹਿਤ ਚਿਤਿ=ਚਿਤਰਕਾਰੀ ਕਰ ਕੇ ਕਾਲਾ ਕਰਨਾ ਨਹੀਂ ਜਾਣਦਾ ਵਾ: ਮੈਂ ਦੁਯਾ=ਦਵੇਤ ਵਾਲੀ ਕਾਗਲੁ (ਕਾ+ਗਲੁ) ਕਾ=ਕੋਈ ਗਲੁ=ਬਾਤ ਨੂੰ ਚਿਤਿ=ਚੇਤੇ ਕਰਨ ਜਾਂ ਚਿਤ ਵਿਚ ਵਸਾਉਣਾ ਨਹੀਂ ਜਾਣਦਾ।

ਹਰਿ ਇਕਤੈ ਕਾਰੈ ਲਾਇਓਨੁ
ਜਿਉ ਭਾਵੈ ਤਿਂਵੈ ਨਿਬਾਹਿ ਜੀਉ ॥ ੩ ॥

ਮੈਨੂੰ ਤਾਂ ਗੁਰੂ ਸਾਹਿਬ ਜੀ ਨੇ ਇਕਤੈ=ਇਕ ਹਰਿ=ਅਕਾਲ ਪੁਰਖ ਦੇ ਸਿਮਰਨ ਦੀ ਕਾਰੈ=ਕਾਰ ਵਿਚ ਹੀ ਲਾਇਆ ਹੈ। ਹੁਣ ਜਿਉ=ਜਿਵੇਂ ਉਸ ਨੂੰ ਭਾਵੈ=ਭਾਉਂਦਾ ਹੈ, ਤਿਵੈ=ਉਸੇ ਤਰ੍ਹਾਂ ਇਸ ਕਾਰ ਨੂੰ ਨਿਬਾਹਿ=ਨਿਭਾਉਣਾ ਕਰਾਂਗਾ ਵਾ: ਹੇ ਹਰੀ ਜੀ! ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਹੀ ਨਿਭਾਉਣਾ ਕਰੋ।

ਤੁਸੀ ਭੋਗਿਹੁ ਭੁੰਚਹੁ ਭਾਈਹੋ ॥

ਹੇ ਭਾਈ! ਤੁਸੀਂ ਆਪਣੇ ਆਤਮਕ ਅਨੰਦ ਨੂੰ ਆਪ ਭੋਗਿਹੁ=ਮਾਨਣਾ ਕਰੋ ਤੇ ਹੋਰਨਾਂ ਨੂੰ ਭੁੰਚਹੁ=ਵਰਤਾਉਣਾ ਕਰੋ ਵਾ: ਹੇ ਭਰਾਵੋ! ਆਪ ਬ੍ਰਹਮਾਨੰਦ ਨੂੰ ਧਾਰਨ ਕਰੋ ਅਤੇ ਹੋਰਨਾਂ ਨੂੰ ਧਾਰਨ ਕਰਵਾਉ ਵਾ: ਆਪ ਸ੍ਰਵਨ ਕਰੋ ਅਤੇ ਹੋਰਨਾਂ ਨੂੰ ਭੁੰਚਹੁ=ਮੰਨਣ ਕਰਾਉ ਵਾ: ਤੁਸੀਂ ਜੀਵਨ ਮੁਕਤੀ ਦੇ ਅਨੰਦ ਨੂੰ ਆਪ ਮਾਨਣਾ ਕਰੋ ਅਤੇ ਹੋਰਨਾਂ ਨੂੰ ਸਰੂਪ ਦਾ ਗਿਆਨ ਦੇ ਕੇ ਭੁਚਾਉਣਾ ਕਰੋ।

ਗੁਰਿ ਦੀਬਾਣਿ ਕਵਾਇ ਪੈਨਾਈਓ ॥

ਗੁਰੂ ਸਾਹਿਬ ਜੋ ਸਾਰਿਆਂ ਦਾ ਆਸਰਾ ਰੂਪ ਹਨ, ਉਨ੍ਹਾਂ ਨੇ ਸਾਧ ਸੰਗਤ ਰੂਪ ਦੀਬਾਣਿ=ਸਭਾ ਦੇ ਆਸਰੇ ਭਗਤੀ ਰੂਪ ਵਾ: ਬ੍ਰਹਮ ਗਿਆਨ ਰੂਪੀ ਕਵਾਇ=ਪੁਸ਼ਾਕ ਪੈਨਾਈਓ=ਪਹਿਨਾਉਣਾ ਕੀਤੀ ਹੈ। ਵਾ: ਗੁਰੂ ਦੀ ਸੰਗਤ ਰੂਪੀ ਦੀਬਾਣ ਵਿਚੋਂ ਮੈਨੂੰ ਗੁਰਤਾ-ਗੱਦੀ, ਜੱਸ ਰੂਪੀ ਪੁਸ਼ਾਕ ਪਹਿਨਾਉਣਾ ਕੀਤੀ ਹੈ ਵਾ: ਗੁਰਾਂ ਦੀ ਬਾਣੀ, ਨਾਮ ਰੂਪੀ ਪੁਸ਼ਾਕ ਪਹਿਨਣਾ ਕੀਤੀ ਹੈ -

ਹਉ ਹੋਆ ਮਾਹਰੁ ਪਿੰਡ ਦਾ
ਬੰਨਿ ਆਦੇ ਪੰਜਿ ਸਰੀਕ ਜੀਉ ॥ ੪ ॥

ਹੁਣ ਹਉ=ਮੈਂ ਆਪਣੇ ਸਰੀਰ ਰੂਪੀ ਪਿੰਡ=ਨਗਰ ਦਾ ਮਾਹਰੁ=ਮੁਖੀ ਹੋਆ=ਹੋ ਗਿਆ ਹਾਂ ਵਾ: ਸਰੀਰ ਦੇ ਭੇਤ ਪਾਉਣ ਦੀ ਮਾਹਰੁ=ਯੋਗਤਾ ਵਾਲਾ ਹੋ ਗਿਆ ਹਾਂ, ਸਤਿਗੁਰੂ ਜੀਉ=ਜੀ ਨੇ ਮੈਨੂੰ ਐਸਾ ਪਹਿਲਵਾਨ ਬਣਾਇਆ ਹੈ, ਜੋ ਸਤੁ, ਸੰਤੋਖ, ਦਇਆ, ਧਰਮ, ਵੀਚਾਰ ਆਦਿ ਦਾ ਸ਼ਰੀਕਾ ਕਰਨ ਵਾਲੇ ਪੰਜੇ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਰੂਪੀ ਸ਼ਰੀਕ ਸਨ ਉਨ੍ਹਾਂ ਨੂੰ ਸਮ ਦਮ ਆਦਿ ਸਾਧਨ ਰੂਪ ਰੱਸੇ ਨਾਲ ਬੰਨ੍ਹ ਕੇ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆਦੇ=ਲਿਆਂਦਾ ਹੈ।

ਹਉ ਆਇਆ ਸਾਮ੍ਹੈ ਤਿਹੰਡੀਆ ॥

ਹੇ ਸੱਚੇ ਪਾਤਸ਼ਾਹ! ਹਉ=ਮੈਂ ਤਿਹੰਡੀਆ=ਤੁਹਾਡੀ ਓਟ ਤੱਕ ਕੇ ਸਾਮੈ=ਸ਼ਰਨ ਵਿਚ ਆਇਆ ਹਾਂ।

ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥

ਤਦੋਂ ਪੰਜੇ ਕਾਮ, ਕ੍ਰੋਧ ਆਦਿ ਵਾ: ਪੰਜੇ ਗਿਆਨ ਇੰਦਰੇ ਰੂਪੀ ਕਿਰਸਾਣ=ਜ਼ਿੰਮੀਂਦਾਰ ਮਿਹਡਿਆ=ਮੇਰੇ ਮੁਜੇਰੇ=ਮੁਜਾਰੇ ਭਾਵ ਖੇਤੀ ਕਰਨ ਵਾਲੇ ਕਾਮੇ ਹੋ ਗਏ ਹਨ, ਅਰਥਾਤ ਮੇਰੇ ਅਧੀਨ ਹੋ ਗਏ ਹਨ।

ਕੰਨੁ ਕੋਈ ਕਢਿ ਨ ਹੰਘਈ
ਨਾਨਕ ਵੁਠਾ ਘੁਘਿ ਗਿਰਾਉ ਜੀਉ ॥ ੫ ॥

ਪੰਜੇ ਕਾਮ, ਕ੍ਰੋਧ ਵਾ: ਪੰਜੇ ਗਿਆਨ ਇੰਦ੍ਰੀਏ ਰੂਪ ਕਿਰਸਾਣ ਹੁਣ ਕੋਈ ਵੀ ਮੰਦ ਕਿਰਿਆ ਕਰਨ ਰੂਪ ਕੰਨੁ=ਮੋਢਾ ਨਹੀਂ ਕੱਢ ਹੰਘਈ= ਸਕਦੇ, ਭਾਵ ਸਿਰ ਨਹੀਂ ਉੱਚਾ ਚੁੱਕ ਸਕਦੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਮਹਾਰਾਜ ਜੀ! ਆਪ ਜੀ ਦੀ ਕ੍ਰਿਪਾ ਸਦਕਾ ਸਰੀਰ ਰੂਪੀ ਗਿਰਾਉ=ਨਗਰ ਸਾਧਸੰਗਤ ਦੇ ਆਰੇ ਦੈਵੀ ਸੰਪਦਾ ਰੂਪੀ ਅਬਾਦੀ ਨਾਲ ਘੁਘਿ=ਸੰਗਣਾ ਹੋ ਕੇ (ਫਬ ਕੇ) ਵੁਠਾ=ਵਸ ਗਿਆ ਹੈ। ਪਹਿਲਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਜਾੜਾ ਪਾਈ ਜਾਂਦੇ ਸਨ।

*'ਚਲਦਾ............।'*

ਸਫਲ ਜੀਵਨ ਦੀ ਹੀ ਸਫਲ ਯਾਤਰਾ ਹੁੰਦੀ ਹੈ। ਗੁਰੂ ਦੇ ਸ਼ਬਦ ਦਾ ਰਸ, ਪ੍ਰਕਾਸ਼ ਤੇ ਅਨੰਦ ਉਨ੍ਹਾਂ ਦੇ ਵਿਚੋਂ ਝਲਕਾਰੇ ਮਾਰਦਾ ਹੈ। ਉਸ ਦਾ ਪ੍ਰਮਾਣ ਉਨ੍ਹਾਂ ਦੀ ਸੋਭਤ (ਨੇੜਤਾ) ਵਿਚ ਜਾਣ ਤੋਂ ਹੋ ਜਾਂਦਾ ਹੈ।

ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥
ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥ ਅੰਗ - ੫੨੦

ਸਮੁੱਚੀ ਵੀਚਾਰ ਦਾ ਕੇਂਦਰ ਮੇਰੀ ਮੁਰਾਦ ਪਿਆਰੇ ਮਹਾਂਪੁਰਸ਼ਾਂ/ਸਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਉਨ੍ਹਾਂ ਦੇ ਜੀਵਨ ਸਾਥੀ (ਮਾਤਾ ਰਣਜੀਤ ਕੌਰ ਜੀ) ਤੋਂ ਹੈ। ਉਨ੍ਹਾਂ ਦੇ ਜੀਵਨ ਨੂੰ ਪੜ੍ਹਿਆ ਤੇ ਸੁਣਿਆ ਤਾਂ ਜਾ ਸਕਦਾ ਹੈ ਪਰ ਲੇਖਣੀ ਵਿਚ ਲਿਆ ਕੇ ਕਲਮਬੰਦ ਕਰਨਾ ਔਖਾ ਹੈ। ਬੁੱਧੀ ਦਾ ਮੰਡਲ ਉਥੇ ਤਕ ਨਹੀਂ ਪਹੁੰਚ ਸਕਦਾ ਕਿਉਂਕਿ ਉਹ ਆਤਮਿਕ ਮੰਡਲ, ਰੂਹਾਨੀ ਪੈਂਡਿਆਂ ਦੇ ਪਾਂਧੀ ਹਨ। ਫਿਰ ਵੀ ਜੋ ਕੁਝ ਉਨ੍ਹਾਂ ਦੀ ਆਪਣੀ ਪਵਿੱਤਰ ਰਸਨਾ ਤੋਂ ਸੁਣਿਆ ਜਾਂ ਉਨ੍ਹਾਂ ਦੀ ਆਪਣੀ ਅਨੁਭਵੀ ਲੇਖਣੀ ਤੋਂ ਪੜ੍ਹਿਆ, ਉਨ੍ਹਾਂ ਵੀਚਾਰਾਂ ਨੂੰ ਇਸ ਕਲਮ ਦਾ ਭਾਗ ਬਣਾਉਣ ਦੀ ਅਰਦਾਸ ਕਰਦੇ ਹੋਏ ਆਰੰਭਤਾ ਕਰ ਰਹੇ ਹਾਂ।



ਐਸਾ ਕਰਨੀ ਕਮਾਈ ਵਾਲਾ ਜੀਵਨ, ਪਿਆਰਾ ਪ੍ਰੀਤਾਂ ਭਰਪੂਰ, ਦਿਲਾਂ ਦੇ ਸੌਦਿਆਂ ਬਦਲੇ ਨਾਮ ਬਾਣੀ ਦੀ ਜੀਵਨ ਜੁਗਤਿ ਦੇਣ ਵਾਲੇ, ਆਤਮ ਰਸੀਏ ਪਿਆਰੇ ਮਹਾਂਪੁਰਸ਼ਾਂ ਬਾਰੇ ਲਿਖਣ ਤੋਂ ਪਹਿਲਾਂ ਧਾਰਮਿਕ ਕੋਸ਼ਾਂ ਦਾ ਸਹਾਰਾ ਲੈਣਾ ਜ਼ਰੂਰੀ ਸਮਝਿਆ। ਮਹਾਨ ਕੋਸ਼ ਦੇ ਵਿਚ ਐਸੇ ਆਤਮ ਰਸੀਏ ਮਹਾਂਪੁਰਸ਼ ਨੂੰ 'ਸੰਤ' ਸ਼ਬਦ ਨਾਲ ਸੰਬੋਧਿਤ ਕੀਤਾ ਹੈ ਜਿਸ ਦੇ





ਅਰਥ ਹਨ ਸ਼ਾਂਤ, ਸੰਤ, ਸਾਂਤਾਤਮਾ, ਵਿਦਵਾਨ, ਸ਼ਾਂਤ ਰੂਪ ਉਤਮ ਪੁਰਖ (ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥ ਅੰਗ-੭੯) (ਮਹਾਨ ਕੋਸ਼) ਅਤੇ ਸੰਤ - ਭਾਵ ਸ਼ਾਂਤ ਚਿਤ, ਬੀਤਰਾਗ ਮਹਾਤਮਾ ਜਿਸ ਨੇ ਵਿਸ਼ੇ ਜਿੱਤ ਲਏ ਹਨ ਤੇ ਬ੍ਰਹਮ ਦੇ ਧਿਆਨ ਵਿਚ ਲੀਨ ਰਹਿੰਦਾ ਹੈ। ਸੰਤ ਸਿੱਧ ਹੁੰਦਾ ਹੈ। ਵਾਹਿਗੁਰੂ ਦੇ ਪਿਆਰ ਵਿਚ ਰਹਿਣ ਵਾਲਾ, ਸਿਮਰਨ ਕਰਕੇ ਇਕ ਰਸ ਪ੍ਰਵਾਹ ਸਾਂਈ ਦੇ ਧਿਆਨ ਵਿਚ ਜਾਰੀ ਰਹੇ। ਜਿਸ ਦਾ ਇਹ ਰੂਪ ਸੰਤ ਦਾ ਗੁਰੂ ਜੀ ਨੇ ਆਪਿ ਦਸਿਆ ਹੈ -

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - ੩੧੯
(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼)



**ਪਰਿਵਾਰਕ ਵਿਰਾਸਤ ਅਤੇ ਸਰੀਰਕ ਪਰਾਲਭਧ** - ਪਿਤਾ ਜਥੇਦਾਰ ਬਾਬਾ ਕਰਤਾਰ ਸਿੰਘ ਜੀ ਅਤੇ ਮਾਤਾ ਇੰਦ ਕੌਰ ਜੀ ਦੇ ਗ੍ਰਹਿ ਵਿਖੇ ਸਰੀਰਕ ਆਗਮਨ ਮਿਤੀ 17 ਜੂਨ ਸੰਨ 1917 ਨਗਰ ਧਮੋਟ (ਜ਼ਿਲ੍ਹਾ ਲੁਧਿਆਣਾ) ਵਿਖੇ ਹੋਇਆ। ਜਨਮ ਤੋਂ ਪਹਿਲਾਂ ਸਤਿਕਾਰਯੋਗ ਦਾਦਾ ਜੀ ਨੂੰ ਦ੍ਰਿਸ਼ਟਾਂਤ ਦਿਖਾਏ। ਇਸੇ ਘਰ ਵਿਚ ਜਨਮ ਲੈ ਕੇ ਹਰਨਾਮ ਸਿੰਘ ਨਾਮ ਰਖਾਇਆ। ਕੁਝ ਸਮੇਂ ਬਾਅਦ ਚੜ੍ਹਾਈ ਕਰਕੇ ਫਿਰ ਦੁਬਾਰਾ ਆਉਣਾ ਹੋਇਆ ਤੇ ਸੰਬੋਧਿਤ ਨਾਮ ਰਖਾਇਆ 'ਵਰਿਆਮ ਸਿੰਘ (ਸੰਤ)।' ਦੂਸਰੇ ਪਾਸੇ ਨਗਰ ਦਾਉਦਪੁਰ, ਨੇੜੇ ਖੰਨਾ, ਜ਼ਿਲ੍ਹਾ ਲੁਧਿਆਣਾ, ਬੀਬੀ ਰਣਜੀਤ ਕੌਰ ਜੀ ਦਾ ਜਨਮ, ਸੰਤ ਹੀਰਾ ਸਿੰਘ ਜੀ ਦਾਉਦਪੁਰੀ ਦੇ ਗ੍ਰਹਿ ਵਿਖੇ ਹੋਇਆ। ਪਿਛਲੇ ਜਨਮਾਂ ਦੀਆਂ ਘਾਲਣਾ ਕਮਾਈਆਂ ਅਤੇ ਸਾਧੂਆਂ ਦੀ ਸੇਵਾ ਸਦਕਾ ਬਖਸ਼ਿਸ਼ ਹੋਈ। ਪਿਤਾ ਜੀ ਸੰਤ ਤੇ ਪਤੀ ਵੀ ਸੰਤ ਪ੍ਰਾਪਤ ਹੋਏ।



**ਆਤਮਿਕ ਜੀਵਨ ਦੀ ਆਰੰਭਤਾ ਤੇ ਅਗੰਮੀ ਭਵਿੱਖਤ ਬਚਨ** - ਸਤਿਕਾਰਯੋਗ ਪਿਤਾ ਜੀ ਤੇ ਦਾਦਾ ਜੀ ਨੂੰ ਕਰਣੀ ਕਮਾਈ ਵਾਲੇ ਮਹਾਂਪੁਰਸ਼ਾਂ ਨੇ ਜਿਨ੍ਹਾਂ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਸਾਹਿਬ ਵਾਲੇ ਅਤੇ ਹੋਰ ਸਾਧੂਆਂ ਨੇ ਆ ਕੇ ਇਸ ਅਗੰਮੀ ਆਤਮਾ ਬਾਰੇ ਰਮਜ਼ਾਂ ਮਾਰਨੀਆਂ ਕਿ ਤੁਹਾਡੇ ਘਰ ਤਪੱਸਵੀ ਬਾਲਕ ਆਇਆ ਹੈ ਇਸ ਦਾ ਕਦੇ ਮੂੰਹ ਨਾ ਫਿਟਕਾਰਿਓ। ਇਸ ਦੇ ਚਰਨ ਵਿਚ ਪਦਮ ਰੇਖਾ ਹੈ। ਇਹ ਕਰਨੀ ਕਮਾਈ ਵਾਲਾ ਸੰਤ ਬਣੇਗਾ ਤੇ ਇਸ ਦਾ ਵੱਡਾ ਪ੍ਰਤਾਪ ਹੋਵੇਗਾ। ਐਸੇ ਭਵਿੱਖਤ ਬਚਨ ਆਪ ਜੀ ਦੇ ਜੀਵਨ ਦਾ ਲਿਸ਼ਕਦਾ





ਸ਼ੀਸ਼ਾ ਹਨ। ਜਨਮ ਤੋਂ ਪਹਿਲਾਂ ਹੀ ਦਾਦਾ ਜੀ ਨੇ ਤੇ ਮਾਤਾ ਜੀ ਨੂੰ ਦ੍ਰਿਸ਼ਟਾਂਤ ਸੁਪਨੇ 'ਚ ਦਿਤਾ ਕਿ ਮੈਂ 17 ਜੂਨ ਨੂੰ, 10 ਵਜੇ ਜਨਮ ਲੈਣਾ ਹੈ ਕਿ ਪਿਤਾ ਜੀ ਨੂੰ ਬਾਹਰ ਨਾ ਜਾਣ ਦਿਉ। ਸੋ ਉਸੇ ਤਰ੍ਹਾਂ ਹੋਇਆ ਜਨਮ ਹੋਣ 'ਤੇ ਖੁਸ਼ੀਆਂ ਹੋਈਆਂ –

ਸਤਿਗੁਰ ਸਾਚੈ ਦੀਆ ਭੇਜਿ ॥
ਚਿਰੁ ਜੀਵਨੁ ਉਪਜਿਆ ਸੰਜੋਗਿ ॥ਅੰਗ-੩੯੬



ਉਸ ਵੇਲੇ ਪਿਤਾ ਜੀ ਨੇ ਗਰੀਬਾਂ (ਲੋੜਵੰਦਾਂ) ਨੂੰ ਧਨ ਵੰਡਿਆ। ਥੋੜ੍ਹੀ ਹੋਸ਼ ਸੰਭਾਲਣ 'ਤੇ ਆਪਣੇ ਪਿਛਲੇ ਜਨਮ ਵਾਲੇ (ਜਦੋਂ ਨਾਮ ਹਰਨਾਮ ਸਿੰਘ ਸੀ)। ਸੰਦੂਕ ਵਿਚੋਂ ਪਏ ਕੱਪੜੇ (ਝੱਗਾ) ਤੇ ਲੱਕੜ ਦਾ ਗੱਡਾ (ਖਿਡੌਣਾ) ਆਪ ਹੀ ਲੱਭ ਲਏ।

ਇਸ ਤੋਂ ਸਿੱਧ ਹੁੰਦਾ ਹੈ ਕਿ ਆਪ ਜੀ ਨੂੰ ਪਿਛਲੀਆਂ ਕਰਨੀਆਂ ਕਮਾਈਆਂ ਕਰਕੇ ਹੀ ਬਚਪਨ ਤੋਂ ਪਿਛਲੇ ਜਨਮਾਂ ਦੀ ਸੋਝੀ ਸੀ। ਆਪ ਜੀ ਦਾ ਸਾਰਾ ਪਰਿਵਾਰ ਗੁਰਮੁਖ ਸੀ। ਪਿਤਾ ਜੀ ਨੂੰ ਜਥੇਦਾਰ ਦੀ ਉਪਾਧੀ ਪੰਥ ਅਤੇ ਸੰਗਤ ਵਲੋਂ ਮਿਲੀ ਹੋਈ ਸੀ। ਆਪ ਜੀ ਦੇ ਪਰਿਵਾਰ ਨੂੰ ਅਕਾਲੀਆਂ ਦਾ ਘਰ ਕਿਹਾ ਜਾਂਦਾ ਸੀ। ਸਾਧੂਆਂ, ਸੰਤਾਂ ਦੀਆਂ ਮੰਡਲੀਆਂ ਅਕਸਰ ਆਪ ਜੀ ਦੇ ਖੂਹ ਅਤੇ ਘਰ ਠਹਿਰਦੀਆਂ। ਉਨ੍ਹਾਂ ਦੀ ਸੇਵਾ ਕਰਕੇ ਖੁਸ਼ੀਆਂ ਲੈਣੀਆਂ। ਗੁਰੂ ਕੇ ਲੰਗਰਾਂ ਦਾ ਪ੍ਰਵਾਹ ਨਿਰੰਤਰ ਘਰ ਵਿਚ ਚਲਦਾ ਰਹਿੰਦਾ। ਆਪ ਜੀ ਦੇ ਪਿਤਾ ਜੀ ਗੁਰਮਤਿ ਸਿਧਾਤਾਂ ਦੇ ਇਤਨੇ ਪਰਪੱਕ ਸਨ ਕਿ 'ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥' (ਅੰਗ-੧੨੪੫) ਅਤੇ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥' (ਅੰਗ-੧੪੧) ਭਾਵ ਪਰਾਈ ਕਮਾਈ ਕਦੇ ਵੀ ਆਪਣੇ ਗ੍ਰਿਹਿ ਵਿਚ ਨਾ ਵੜਨ ਦਿੰਦੇ। ਕਿਸੇ ਦੇ ਖੇਤ ਦਾ ਗੰਨਾ, ਛੱਲੀ ਜਾਂ ਸਾਗ (ਨਹੀਂ ਛਕਣਾ)। ਪੱਕੀ ਫਸਲ ਦੀਆ ਵੱਟਾਂ ਤੋਂ ਦੂਜੇ ਦੀਆਂ ਬੱਲੀਆਂ ਚੁੱਕ ਕੇ ਉਸ ਦੇ ਖੇਤ ਵਿਚ ਕਰ ਦੇਣੀਆਂ। ਭਾਵ ਇਕ ਦਾਨਾ ਵੀ ਕਿਸੇ ਦਾ ਆਪ ਜੀ ਦੇ ਦਾਣਿਆਂ ਵਿਚ ਨਾ ਰਲੇ। ਐਸੀ ਸੱਚੀ-ਸੁੱਚੀ ਕਿਰਤ ਦੇ ਧਾਰਨੀ ਆਪ ਜੀ ਦੇ ਪਿਤਾ ਜੀ ਸਨ। ਨੇਕ ਇਨਸਾਨ ਹੀ ਨੇਕ ਕਮਾਈਆਂ ਦੇ ਮੁਜੱਸਮੇ ਹੁੰਦੇ ਹਨ।





ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੀ ਪਰਿਵਾਰਕ ਵਿਰਾਸਤ – ਦੂਜੇ ਪਾਸੇ



ਸਤਿਕਾਰਯੋਗ ਬੀਜੀ ਦੇ ਪਿਤਾ ਜੀ ਇਤਨੀ ਕਰਨੀ ਕਮਾਈ ਦੇ ਮਾਲਕ, ਇਨ੍ਹਾਂ ਦੋਨਾਂ ਸੁਭਾਗ ਜੋੜੀਆਂ ਦੇ ਜਨਮ ਤੋਂ ਪਹਿਲਾਂ ਹੀ ਰਿਸ਼ਤੇ ਦਾ (ਸਾਕ ਦਾ) ਰੁਪਈਆ ਮਹਾਂਪੁਰਸ਼ਾਂ ਦੇ ਪਿਤਾ ਜੀ ਜਥੇਦਾਰ ਬਾਬਾ ਕਰਤਾਰ ਸਿੰਘ ਜੀ) ਨੂੰ ਸੌਂਪ ਦਿਤਾ ਕਿ ਸਾਡੇ ਘਰ ਬੇਟੀ ਨੇ ਜਨਮ ਲੈਣਾ ਹੈ ਤੇ ਤੁਹਾਡੇ ਘਰ ਬੇਟੇ ਨੇ। ਦੋਹਾਂ ਦਾ ਦਰਗਾਹ ਤੋਂ ਸੰਜੋਗ ਹੈ। ਆਪ ਜੀ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਰੰਗਲੇ ਸੱਜਣ' ਵਿਚ ਸੰਤ ਹੀਰਾ ਸਿੰਘ ਲਿਖ ਕੇ ਸੰਬੋਧਿਤ ਕੀਤਾ ਹੈ। ਆਪ ਜੀ ਦੀ ਆਤਮਿਕ ਅਵਸਥਾ ਇਤਨੀ ਉਚੀ ਤੇ ਸੁੱਚੀ ਸੀ ਕਿ ਆਪਣੀ ਚਾਚੀ ਜੀ 'ਤੇ ਬਖਸ਼ਿਸ਼ ਕਰਕੇ 24 ਘੰਟੇ ਸਮਾਧੀ ਵਿਚ ਲੀਨ ਕਰ ਦਿਤਾ। ਆਪ ਜੀ ਦੇ ਸਿਰ ਤੋਂ 'ਪੰਡ' ਇਕ ਗਿੱਠ ਉਚੀ ਰਹਿੰਦੀ। ਇਕ ਬੰਬਈ ਤੋਂ ਆਏ ਪ੍ਰੇਮੀ ਨੂੰ ਤਾੜਨਾ ਕੀਤੀ ਕਿ ਕੀ-ਕੀ ਕੁਕਰਮ ਕਰਦਾ ਰਿਹਾ ਹੈਂ ਉਥੇ? ਜੇ ਮੈਂ ਸੱਚੇ ਪਾਤਸ਼ਾਹ ਦਾ ਅਦਨਾ ਜਿਹਾ ਸਿਖ ਦੇਖ ਸਕਦਾ ਹਾਂ ਤਾਂ ਦਸ਼ਮੇਸ਼ ਪਿਤਾ ਜੀ ਵੀ ਦੇਖਦੇ ਹੋਣਗੇ। ਉਸ ਨੂੰ ਤਾੜਨਾ ਕਰਕੇ ਸਿੱਧੇ ਰਸਤੇ ਪਾਇਆ।



ਆਪ ਜੀ ਦੇ ਆਤਮਿਕ ਉਚਤਾਈ ਦਾ ਪ੍ਰਗਟਾਵਾ ਉਦੋਂ ਹੋਰ ਵਧੇਰੇ ਝਲਕਾਰੇ ਮਾਰਦਾ ਹੈ ਜਦੋਂ ਨਗਰ ਫੱਲੇਵਾਲ (ਲੁਧਿਆਣਾ) ਦੇ ਦਸਵੀਂ 'ਚ ਪੜ੍ਹਦੇ ਬੱਚੇ ਨੂੰ ਅੰਮ੍ਰਿਤ ਛਕਾਉਣ ਵੇਲੇ ਹੀ 56 ਘੰਟੇ ਦੀ ਸਮਾਧੀ ਵਿਚ ਪਹੁੰਚਾ ਦਿਤਾ।



**ਰੂਹਾਨੀ ਜੀਵਨ ਦੀਆਂ ਝਲਕਾਂ** - ਪਿਆਰੇ ਮਹਾਂਪੁਰਸ਼ਾਂ ਦੀ ਪਿਛਲੀਆਂ ਕਰਨੀਆਂ ਕਮਾਈਆਂ ਦਾ ਸਦਕਾ ਜ਼ੋਰ ਬਚਪਨ ਤੋਂ ਹੀ ਨਾਮ ਬਾਣੀ 'ਤੇ ਰਿਹਾ। ਆਪ ਜੀ ਨੇ 5 ਸਾਲ ਦੀ ਉਮਰ ਵਿਚ ਹੀ ਸ੍ਰੀ ਅਨੰਦਪੁਰ ਸਾਹਿਬ ਤੋਂ ਅੰਮ੍ਰਿਤ ਪਾਨ ਕੀਤਾ। ਇਕਾਂਤ 'ਚ ਬਹਿਣੀ (ਜਿਥੇ ਗੁੜ ਸ਼ੱਕਰ ਲਈ ਰਸ ਕਾੜ੍ਹਿਆ ਜਾਂਦਾ ਹੈ) ਵਿਚ ਬੈਠ ਕੇ ਘੰਟਿਆਂ ਬੱਧੀ ਨਾਮ ਜਪਣਾ। ਐਸਾ ਅੰਦਰ ਪਰਪੱਕ ਸੀ -

ਰਾਮ ਜਪਉ ਜੀ ਐਸੇ ਐਸੇ ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ਅੰਗ - ੩੩੭



ਬਚਪਨ ਤੋਂ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਆਪ ਜੀ ਨੂੰ ਆ ਗਿਆ ਸੀ। ਨਗਰ ਵਿਚ ਸਹਿਜ ਪਾਠ, ਅਖੰਡਪਾਠਾਂ ਵਿਚ ਰੌਲਾਂ 'ਤੇ ਗੁਰਦੁਆਰਾ ਸਾਹਿਬ ਵਿਚ ਸਵੇਰੇ ਸ਼ਾਮੀ ਨਿਤਨੇਮ ਕਰਨਾ। ਆਪ ਜੀ ਦੀ ਬਚਪਨ ਤੋਂ ਹੀ ਰਹੁਰੀਤ ਸੀ। ਅੰਮ੍ਰਿਤ ਵੇਲੇ ਜਾਗ ਕੇ








ਉਚੀ-ਉਚੀ ਸ਼ਬਦ ਪੜ੍ਹਨੇ ਗੁਰਦੁਆਰਾ ਸਾਹਿਬ ਨੂੰ ਜਾਣਾ, ਅਵਾਜ਼ ਸੁਣ ਕੇ ਬੀਬੀਆਂ ਨੇ ਉਠਣਾ ਕਿ ਉਹ (ਸੰਤ ਵਰਿਆਮ ਸਿੰਘ ਜੀ) ਜਾ ਰਹੇ ਹਨ। ਇਹ ਆਪ ਜੀ ਦੇ ਆਤਮਿਕ ਜੀਵਨ ਦੀਆਂ ਝਲਕਾਂ ਹਨ। ਕਿੰਨੀਆਂ ਹੀ ਬਾਣੀਆਂ ਆਪ ਜੀ ਨੂੰ ਬਚਪਨ ਤੋਂ ਹੀ ਕੰਠ ਸਨ। ਸਰੀਰ ਅਲੋਪ ਕਰਨ ਤੋਂ 2-3 ਦਿਨ ਪਹਿਲਾਂ ਦਾਸ ਨਾਲ ਬਚਨ ਸਾਂਝੇ ਕਰਦਿਆਂ ਦਸਿਆ ਕਿ ਸਾਡਾ ਬਚਪਨ ਤੋਂ ਹੀ ਨਿਤਨੇਮ ਦਾ ਪਹਿਰਾ ਤਕੜਾ ਸੀ। ਪੰਜ ਬਾਣੀਆਂ, ਦੋਨੋਂ ਸ਼ਬਦ ਹਜ਼ਾਰੇ, ਬਾਰਹ ਮਾਹਾ, ਸੁਖਮਨੀ ਸਾਹਿਬ, ਆਸਾ ਕੀ ਵਾਰ, ਦੱਖਣੀ ਓਅੰਕਾਰ, ਨੌਵੇਂ ਪਾਤਸ਼ਾਹ ਦੇ ਸਲੋਕ ਤੇ ਹੋਰ ਬਾਣੀਆਂ ਭਾਵ ਪੰਜ ਗ੍ਰੰਥੀ ਪੂਰੀ ਦਾ ਨਿਤਨੇਮ ਸੀ। ਇਸ ਤੋਂ ਇਲਾਵਾ ਵਾਹਿਗੁਰੂ ਮੰਤਰ ਤੇ ਗੁਰਮੰਤ੍ਰ ਦਾ ਅਭਿਆਸ ਵੀ ਬਹੁਤ ਸੀ।

ਆਪ ਜੀ ਬਚਪਨ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੁੜਵੇਂ ਅੱਖਰਾਂ ਵਾਲੇ ਸਰੂਪ ਤੋਂ ਵੀ ਪਾਠ ਕਰ ਲੈਂਦੇ ਸਨ। ਆਪ ਜੀ ਦੀ ਪਾਠ ਕਰਦਿਆਂ ਸੁਰੀਲੀ ਤੇ ਰਸ ਭਰੀ ਅਵਾਜ਼ ਹਰ ਇਕ ਨੂੰ ਰਸ ਤੇ ਅਨੰਦ ਨਾਲ ਸਰਸ਼ਾਰ ਕਰ ਦਿੰਦੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਮਿਲਾਪ ਹੋਣ ਉਪਰੰਤ ਆਪ ਜੀ ਜਦੋਂ ਆਤਮਿਕ ਅਵਸਥਾ ਵਿਚ ਹੁਲਾਰੇ ਲੈ ਰਹੇ ਸਨ ਪੁੱਛਣ ਤੇ ਦਸਿਆ ਕਿ ਮੈਂ ਅੰਦਰ ਸ਼ਬਦ ਸੁਣ ਰਿਹਾ ਹਾਂ। ਸ਼ਬਦ ਸੀ - 'ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥' (ਅੰਗ-੫੦) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇਖ ਕੇ ਅਸਚਰਜ ਹੋਏ, ਨਾਲੇ ਆਪਣੇ ਜਥੇ ਵਾਲਿਆਂ ਨੂੰ ਦਸਿਆ ਕਿ ਦੇਖੋ ਇਸ ਬੱਚੇ ਦੀ ਆਤਮਿਕ ਅਵਸਥਾ ਕਿੰਨੀ ਉਚੀ ਹੈ।

ਸਾਧੂ ਸੰਤਾਂ ਦੀ ਸੰਗਤ ਕਰਨ ਦਾ ਸ਼ੌਂਕ ਬਚਪਨ ਤੋਂ ਹੀ ਸੀ। ਕੋਈ ਵੀ ਸੰਤ ਮਿਲਦਾ, ਉਸ ਦੀ ਸੰਗਤ ਕਰਦੇ ਰਹਿਣਾ, ਕਿਉਂਕਿ ਜੇਕਰ ਸਤਿਪੁਰਸ਼ ਦੀ ਸੰਗਤ ਪ੍ਰਾਪਤ ਹੋ ਜਾਵੇ ਭਾਈ ਨੰਦ ਲਾਲ ਜੀ ਫੁਰਮਾਨ ਕਰਦੇ ਹਨ ਕਿ -

ਸੁਹਬਤੇ ਨੇਕਾਂ ਅਗਰ ਬਾਸ਼ਿਦ ਨਸੀਬ।
ਦੌਲਤੇ ਜਾਵੇਦ ਯਾਬੀ ਦੇ ਹਬੀਬ।

ਭਾਵ – ਬੈਠੀਐ ਪਾਸ ਬਡਨ ਕੇ ਹੋਤ ਬਡਨ ਸਿਉਂ ਮੇਲ।
ਸਭੀ ਜਾਨਤ ਕੇ ਬਡਤ ਹੈ ਬਿਰਖ ਬਰਾਬਰ ਬੋਲ।



ਰੱਬ ਦੇ ਪਿਆਰਿਆਂ ਦੀ ਸੰਗਤ ਮਿਲਣੀ ਦੋ ਜਹਾਨਾਂ ਦੀ ਦੌਲਤ ਮਿਲਣ ਦੇ ਬਰਾਬਰ ਹੈ।

ਆਪ ਜੀ ਦੀ ਆਤਮਿਕ ਅਵਸਥਾ ਤੇ ਗੁਰਮਤਿ ਦੀ ਰਹਿਣੀ ਬਹਿਣੀ ਦਾ ਅੰਦਾਜ਼ਾ ਉਦੋਂ ਹੋਰ ਲਗ ਜਾਂਦਾ ਹੈ ਜਦੋਂ ਆਪ ਜੀ ਨੂੰ ਪਾਇਲ ਸਕੂਲ ਵਿਚ ਪੜ੍ਹਦੇ ਹੋਏ ਤੰਮਾਕੂ ਅੱਖਰ (ਜਗਤ ਜੂਠ) ਕਾਪੀ 'ਤੇ ਨਾ ਲਿਖਿਆ, ਸਗੋਂ ਮਾਸਟਰ ਦੇ ਗੁੱਸੇ ਦਾ ਸ਼ਿਕਾਰ ਹੋ ਗਏ ਕਿਉਂਕਿ ਆਪ ਜੀ ਦਾ ਇਹ ਵਿਸ਼ਵਾਸ਼ ਸੀ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾ ਤੰਮਾਕੂ ਵਾਲੇ ਖੇਤ ਵਿਚ ਦੀ ਵੀ ਨਾ ਲੰਘਿਆ। ਇਸ ਕਰਕੇ ਇਹ ਬਹੁਤ ਹੀ ਮਾੜੀ ਚੀਜ਼ ਹੈ। ਮੈਂ ਆਪਣੀ ਜ਼ੁਬਾਨ 'ਤੇ ਕਾਪੀ ਉਤੇ ਇਹ ਅੱਖਰ ਲਿਆ ਕੇ ਅਪਵਿੱਤਰ ਨਹੀਂ ਕਰਨੀਆਂ।



**ਭਜਨ ਬੰਦਗੀ ਵਿਚ ਲਗਨ ਅਤੇ ਦ੍ਰਿੜ੍ਹਤਾ** – ਆਪ ਜੀ ਨੇ ਘਰ ਵਿਚ ਰਹਿੰਦੇ ਪਿਤਾ ਜੀ ਨਾਲ ਖੇਤੀਬਾੜੀ ਵਿਚ ਹੱਥ ਵਟਾਉਣਾ। ਆਪ ਜੀ ਦਸਿਆ ਕਰਦੇ ਸਨ ਕਿ ਖੇਤਾਂ ਵਿਚ ਪਾਣੀ ਲਾਉਣ ਸਮੇਂ ਅਸੀਂ ਨੱਕੇ ਵੱਢ ਕੇ ਆਖਰੀ ਕਿਆਰੇ ਦੇ ਅਖੀਰ 'ਚ ਚੌਂਕੜੀ ਮਾਰ ਕੇ ਬੈਠ ਜਾਣਾ ਜਦੋਂ ਪੈਰ ਦੇ ਅਗੂੰਠੇ ਨੂੰ ਪਾਣੀ ਲਗ ਜਾਣਾ ਤਾਂ ਫਿਰ ਅੱਗੇ ਜਾ ਕੇ ਬਹਿ ਜਾਣਾ। ਇਸ ਤਰ੍ਹਾਂ ਆਪ ਜੀ ਨੂੰ ਭਜਨ ਬੰਦਗੀ ਦਾ ਸ਼ੌਂਕ ਬਚਪਨ ਤੋਂ ਹੀ ਸੀ। ਨਾਮ ਬਾਣੀ ਦੇ ਸਿਧਾਂਤ 'ਤੇ ਵੀ ਪਹਿਰਾ ਦਿੰਦੇ ਕਿ–

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥
ਅੰਗ – ੧੩੭੬



ਆਪ ਨੇ ਬਲਦਾਂ ਨੂੰ ਹੱਕਣ ਲੱਗੇ ਕਦੇ ਬੈਂਤ ਦੀ ਛਟੀ ਨਹੀਂ ਮਾਰਨੀ ਸਗੋਂ ਕੱਚਾ ਕਾਨਾ ਲੈ ਕੇ ਬਲਦਾਂ ਨੂੰ ਹੱਕਣਾ। ਇਸੇ ਤਰ੍ਹਾਂ ਆਪ ਜੀ ਖੇਤੀਬਾੜੀ ਕਰਦੇ, ਨਾਲ ਸਕੂਲੀ ਪੜ੍ਹਾਈ ਜਾਰੀ ਰਖਦੇ ਤੇ ਸਾਧੂਆਂ ਦੀ ਸੰਗਤ ਕਰਦੇ-ਕਰਦੇ ਜੁਆਨ ਹੋਏ।



**ਅਗੰਮੀ ਤੇ ਨੂਰਾਨੀ ਮਿਲਾਪ** – ਸਾਧੂ ਸੰਤ ਤਾਂ ਮਿਲਦੇ ਰਹੇ ਪਰ ਦਿਲ ਦਾ ਸੌਦਾ ਕਿਸੇ ਨਾਲ ਨਹੀਂ ਹੋਇਆ। ਅਖੀਰ ਸਾਵੇ 16 ਸਾਲ ਦੀ ਉਮਰ ਵਿਚ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਮਿਲਾਪ ਹੋਇਆ। ਸੰਤ ਮਹਾਰਾਜ ਜੀ ਦੀ ਉਸ ਵੇਲੇ ਸਰੀਰਕ ਉਮਰ 30 ਸਾਲ ਦੀ ਸੀ। ਆਪ ਜੀ ਦੀ ਪਹਿਲੀ ਮਿਲਣੀ 'ਤੇ ਹੀ ਦਿਲਾਂ ਦੇ ਸੌਦੇ ਹੋ ਗਏ। ਪੂਰੇ ਦਾ ਪੂਰੇ ਨਾਲ

ਮਿਲਾਪ ਦੀ ਇਕ ਝਲਕ ਇਹ ਸੀ ਕਿ ਸੰਤ ਮਹਾਰਾਜ ਜੀ ਦਾ ਅਗੰਮੀ ਬਚਨ ਆਇਆ ਤੇ ਕੌਣ ਹੈ? ਕਿਥੋਂ ਆਇਆ? ਭਾਵ -

ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥
ਏਤੀ ਨ ਜਾਨਉ ਕੇਤੀਕ ਮੁਦਤਿ
ਚਲਤੇ ਖਬਰਿ ਨ ਪਾਇਓ ॥ ਅੰਗ - ੯੯੯

ਕੁਝ ਮਿੰਟ ਜਵਾਬ ਨਾ ਆਉਣ 'ਤੇ ਪੂਰੇ 45 ਮਿੰਟ ਆਪ ਜੀ ਸਮਾਧੀ ਸਥਿਤ ਹੋਏ। ਸਮਾਧੀ ਉਥਾਨ ਹੋਣ 'ਤੇ ਬਚਨ ਕੀਤਾ ਕਿ ਅੱਜ ਸੁਹਾਗਣ ਨੂੰ ਸੁਹਾਗਣ ਮਿਲੀ ਹੈ। ਜੀ, ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਸੌ ਹੱਥ ਰੱਸਾ ਸਿਰੇ 'ਤੇ ਗੰਢ, ਮੈਂ ਇਕ ਪੂਰਨ ਜੋਤਿ ਵਿਚੋਂ ਅੱਡ ਹੋਇਆ ਹਾਂ।'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥'(ਅੰਗ-੪੪੧) ਬਸ ਇਕ ਕਦਮ ਹੋਰ ਰਹਿੰਦਾ ਹੈ, ਪੁੱਟ ਲਵੋ। ਜੀਵ ਭਾਵ ਖਤਮ ਕਰਕੇ ਆਤਮ ਸਰੂਪ ਵਿਚ ਲੱਖਤਾ ਕਰ ਲਵੋ। ਐਸੀ ਬਖਸ਼ਿਸ਼ ਹੋਈ ਕਿ ਅਗੰਮੀ ਬਚਨਾਂ ਨੇ ਅਗੰਮੀ ਆਨੰਦ ਵਿਚ ਪਹੁੰਚਾ ਦਿਤਾ। ਐਸਾ ਬਾਨ ਵਜਿਆ ਸਤਿਗੁਰਾਂ ਦੀ ਬਾਨੀ ਦਾ -

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥
ਅੰਗ - ੧੩੭੪



ਨਾਮ ਬਾਣੀ ਦਾ ਪਹਿਰਾ ਹੋਰ ਸਖ਼ਤ - ਆਪ ਜੀ ਦੇ ਆਪਣੇ ਮੁਖਾਰਬਿੰਦ ਤੋਂ ਨਿਕਲੇ ਬਚਨਾਂ ਅਨੁਸਾਰ ਆਪ ਜੀ 22-22 ਘੰਟੇ ਮਾਨਸਾ ਦੀ ਢੱਕੀ ਵਿਚ ਨਾਮ ਵਿਚ ਲੀਨ ਰਹਿੰਦੇ। ਸੰਤ ਮਹਾਰਾਜ ਜੀ ਵਲੋਂ ਖਿੱਚ ਪਾਉਣ 'ਤੇ ਆਪ ਜੀ ਦੀ ਬਿਰਤੀ ਉਥਾਨ ਹੋਈ ਤੇ ਉਸੇ ਵਕਤ ਧਮੋਟ ਨਗਰ ਵਿਚ ਚਲਦੇ ਦੀਵਾਨ ਵਿਚ ਪਹੁੰਚ ਗਏ।

ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਬਚਨਾਂ ਦੀ ਪਾਲਣਾ ਕਰਦਿਆਂ ਹੁਣ ਆਪ ਜੀ ਨੇ ਗ੍ਰਿਹਸਤ ਜੀਵਨ ਵਿਚ ਰਹਿਣਾ ਸ਼ੁਰੂ ਕੀਤਾ। ਮਹਾਂਪੁਰਸ਼ਾਂ ਨੇ ਆਪ ਜੀ ਨੂੰ ਗੁਰਬਾਣੀ ਦੇ ਉਸ ਪਵਿੱਤਰ ਸਿਧਾਂਤ ਤੇ ਪਹਿਰਾ ਦੇਣ ਦੀ ਤਾਗੀਦ ਕੀਤੀ ਕਿ -

ਸੋ ਗਿਰਹੀ ਜੋ ਨਿਗ੍ਰਹੁ ਕਰੈ ॥
ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ - ੯੫੨

ਬੀਜੀ ਨੇ ਵੀ ਬਚਨ ਦਿਤਾ ਕਿ ਮੈਂ ਤੁਹਾਡੀ ਭਗਤੀ 'ਚ ਵਿਘਨ ਨਹੀਂ ਪਾਵਾਂਗੀ ਪਰ ਆਪਾਂ ਕਿਸੇ ਅੱਗੇ ਹੱਥ ਨਹੀਂ ਅੱਡਣੇ। ਬਸ ਵੱਧ ਤੋਂ ਵੱਧ ਭਜਨ ਬੰਦਗੀ ਕਰੋ। ਦੂਜਾ ਆਪਾਂ ਸੰਤ ਨਹੀਂ ਬਣਨਾ, ਸੇਵਕ ਬਣ ਕੇ ਰਹਿਣਾ

ਹੈ। ਇਨ੍ਹਾਂ ਬਚਨਾਂ 'ਤੇ ਪਿਆਰੇ ਮਹਾਂਪੁਰਸ਼ਾਂ ਨੇ ਤਮਾਮ ਜ਼ਿੰਦਗੀ ਪਹਿਰਾ ਦਿਤਾ।

**ਗੁਰਮਤਿ ਦਾ ਪ੍ਰਚਾਰ ਸਿੰਧ ਵਿਚ** – ਸੰਨ 1937 ਵਿਚ ਆਪ ਸਿੰਧ ਵਿਚ ਗਏ। ਉਸ ਵੇਲੇ ਉਮਰ 20 ਸਾਲ ਦੀ ਸੀ। ਪੁਲਿਸ ਦੀ ਨੌਕਰੀ ਵਿਚ ਭਰਤੀ ਹੋਣਾ ਚਾਹਿਆ ਪਰ ਉੱਚ ਅਫ਼ਸਰ ਵਲੋਂ ਆਪ ਜੀ ਦੀ ਸੁਰਤੀ ਬਿਰਤੀ ਦੇਖਦੇ ਹੋਏ ਫੁਰਮਾਇਆ ਕਿ ਆਪ ਫੌਜ ਮੇਂ ਭਰਤੀ ਹੋ ਜਾਓ।

ਉਥੇ ਆਪ ਜੀ ਨੇ ਕਠਨ ਘਾਲਣਾ ਕੀਤੀ। ਕੇਵਲ ਪ੍ਰਮੇਸ਼ਰ ਵਲੋਂ ਭੇਜਿਆ ਪ੍ਰਸ਼ਾਦਾ ਹੀ ਛਕਿਆ। ਪ੍ਰਣ ਕਰ ਲਿਆ ਕਿ ਜਦੋਂ ਉਹ ਆਪ ਭੇਜੇਗਾ, ਉਦੋਂ ਹੀ ਛਕਣਾ ਹੈ। ਤਿੰਨ ਦਿਨ ਬਾਅਦ ਇਕ ਮਾਈ ਨੂੰ ਪਰੇਰ ਕੇ ਪ੍ਰਮੇਸ਼ਰ ਨੇ ਪ੍ਰਸ਼ਾਦਾ ਦਿਤਾ। ਉਥੇ ਗੁਰਦੁਆਰਾ ਸਾਹਿਬ ਕਥਾ ਕੀਰਤਨ ਆਰੰਭ ਕੀਤਾ। ਪਰਿਵਾਰਾਂ ਦੇ ਪਰਿਵਾਰਾਂ ਨੂੰ ਸਿੱਖੀ ਦੇ ਲੜ ਲਾਇਆ। ਬੀਜੀ ਨੇ ਬੀਬੀਆਂ ਨੂੰ ਗੁਰਮੁਖੀ ਪੜ੍ਹਾਈ ਤੇ ਨੁਸ਼ਆਰ ਦੇ ਨਸ਼ੇ ਦੀਆਂ ਆਦੀਆਂ ਨੂੰ ਨਸ਼ੇ ਤੋਂ ਵਰਜ ਕੇ ਗੁਰਮਤਿ ਜੀਵਨ ਦੇ ਧਾਰਨੀ ਬਣਾਇਆ। ਅਖੌਤੀ ਨੀਵੀਂ ਜਾਤ ਵਾਲੇ ਦੇ ਘਰ ਪ੍ਰਸ਼ਾਦਾ ਛਕ ਕੇ ਜਾਤ-ਪਾਤ ਦਾ ਬੰਧਨ ਤੋੜਿਆ।

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥

ਅੰਗ - ੧੩੩੦

ਉਨ੍ਹਾਂ ਸੋਝੀ ਕਰਾਈ ਕਿ –

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥<br>
ਨਾਨਕੁ ਤਿਨ ਕੈ ਸੰਗਿ ਸਾਥਿ<br>
ਵਡਿਆ ਸਿਉ ਕਿਆ ਰੀਸ ॥ ਅੰਗ - ੧੫

ਭਾਵ –

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥<br>
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥

ਅੰਗ - ੪੬੯

ਉਥੇ ਕਿੰਨੇ ਹੀ ਰੋਗੀ ਬਾਣੀ ਨਾਲ ਜੁੜ ਕੇ ਅਰੋਗ ਹੋਏ। ਕਿਉਂਕਿ ਬਾਣੀ ਦਾ ਫੁਰਮਾਨ ਹੈ –

ਜੀਉ ਤਪਤੁ ਹੈ ਬਾਰੋ ਬਾਰ ॥<br>
ਤਪਿ ਤਪਿ ਖਪੈ ਬਹੁਤੁ ਬੇਕਾਰ ॥<br>
ਜੈ ਤਨਿ ਬਾਣੀ ਵਿਸਰਿ ਜਾਇ ॥<br>
ਜਿਉ ਪਕਾ ਰੋਗੀ ਵਿਲਲਾਇ ॥ ਅੰਗ - ੬੬੧

ਤਿੰਨ ਸਾਲ ਆਪ ਜੀ ਨੇ ਸਿੰਧ ਵਿਚ ਬੰਦਗੀ ਕੀਤੀ। ਉਥੇ ਗੁਰਮਤਿ ਦਾ ਪ੍ਰਚਾਰ ਕੀਤਾ। ਕਿੰਨੇ ਹੀ ਪ੍ਰੇਮੀਆਂ ਨੂੰ ਗੁਰਮਤਿ ਦੇ ਧਾਰਨੀ ਬਣਾਇਆ। ਸਿੰਧ ਤੋਂ ਵਾਪਸ ਆਪਣੇ ਨਗਰ ਧਮੋਟ ਆਏ।









ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਕਹਿਣ 'ਤੇ ਦਿੱਲੀ ਵਿਚ ਕੋਕਾ ਕੋਲਾ ਵਾਲਿਆਂ ਦੇ ਸਰਵਿਸ ਆਪ ਜੀ ਨੇ ਕੀਤੀ ਅਤੇ ਸੱਚੀ ਸੁੱਚੀ ਕਿਰਤ 'ਤੇ ਪਹਿਰਾ ਦਿਤਾ।

ਪਟਿਆਲੇ ਫੌਜ ਵਿਚ ਸਰਵਿਸ ਕਰਦਿਆਂ ਆਪ ਜੀ ਨੇ ਧਰਮ ਦੀ ਕਿਰਤ 'ਤੇ ਪਹਿਰਾ ਦਿਤਾ। ਉਥੇ ਫੌਜੀ ਸਮਾਨ ਦੀ ਖਰੀਦ ਵਿਚ ਹੋਣ ਵਾਲੇ ਘਪਲੇ ਨੂੰ ਰੋਕਿਆ। ਅੱਧੇ ਦਿਨ ਦੀ ਛੁੱਟੀ ਵੀ ਨਾ ਲਈ ਕਿ ਕਿਤੇ ਘਪਲਾ ਨਾ ਹੋ ਜਾਵੇ। ਫੌਜ ਦੇ ਘੋੜੇ ਖਰੀਦਣ ਵਿਚ ਰਿਸ਼ਵਤ ਲੈਣੋਂ ਅਫ਼ਸਰਾਂ ਨੂੰ ਤਾੜਨਾ ਕਰਕੇ, ਵਰਜ ਕੇ ਰਿਸ਼ਵਤ ਲੈਂਦੇ ਹਟਾਇਆ। ਉਸ ਵੇਲੇ ਰਿਸ਼ਵਤ ਦੀ ਪੇਸ਼ਕਸ਼ ਕਰਦੇ ਅਫ਼ਸਰ ਕਹਿੰਦੇ ਸਰਦਾਰ ਜੀ, ਤਿੰਨ ਕੋਠੀਆਂ ਚੰਡੀਗੜ੍ਹ ਵਿਚ ਬਣ ਸਕਦੀਆਂ ਹਨ। ਆਪ ਜੀ ਨੇ ਉਨ੍ਹਾਂ ਦੀ ਪੇਸ਼ਕਸ਼ ਠੁਕਰਾ ਕੇ ਉਨ੍ਹਾਂ ਨੂੰ ਵੀ ਤਾੜਨਾ ਕੀਤੀ ਕਿ ਇਹ ਮਾੜਾ ਕੰਮ ਹੈ। ਅਰਥਾਤ –

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥* *ਅੰਗ – ੬੫੬*

ਦੇ ਸਿਧਾਂਤ 'ਤੇ ਪਹਿਰਾ ਦਿਤਾ।

**ਚੰਡੀਗੜ੍ਹ ਸੈਕਟਰੀਏਟ ਸਰਵਿਸ ਤੇ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਦੀਵਾਨ ਲਵਾਉਣੇ –** ਫੌਜ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਪ ਜੀ ਨੇ ਚੰਡੀਗੜ੍ਹ ਸੈਕਟਰੀਏਟ ਸਰਵਿਸ ਕੀਤੀ। ਜਿਥੇ ਆਪ ਜੀ ਨੇ ਸਾਰੇ ਮਜ਼੍ਹਬਾਂ/ ਧਰਮਾਂ ਦੇ ਪ੍ਰੇਮੀਆਂ ਨੂੰ ਲੰਚ ਟਾਈਮ ਵੇਲੇ ਨਾਮ ਬਾਣੀ ਦੀ ਵਿਚਾਰ ਸ੍ਰਵਣ ਕਰਾਉਣੀ। ਇਹ ਸਮਾਂ 1956 ਦਾ ਸੀ। ਇਸੇ ਸਮੇਂ ਦੌਰਾਨ ਆਪ ਜੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਦੀਵਾਨ ਚੰਡੀਗੜ੍ਹ ਲਵਾਏ।

**ਯੂ.ਪੀ ਵਿਚ ਸਫ਼ਲ ਕਿਸਾਨੀ (ਫਾਰਮਿੰਗ) ਤੇ ਗੁਰਮਤਿ ਦਾ ਪ੍ਰਚਾਰ –** ਇਸ ਤੋਂ ਬਾਅਦ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਬਚਨਾਂ 'ਤੇ ਪਹਿਰਾ ਦਿੰਦਿਆਂ ਆਪ ਜੀ ਨੇ ਯੂ.ਪੀ ਵਿਚ ਸਫਲ ਫਾਰਮਿੰਗ ਕੀਤੀ। ਜ਼ਮੀਨਾਂ ਅਬਾਦ ਕੀਤੀਆਂ ਇਥੇ ਹੀ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦਾ ਮਿਲਾਪ ਆਪ ਜੀ ਨਾਲ ਹੋਇਆ। ਪਹਿਲੀ ਮਿਲਣੀ ਵਿਚ ਹੀ ਦਿਲਾਂ ਦੇ ਸੌਦੇ ਹੋ ਗਏ। ਬਚਨ ਹੋਇਆ ਕਿ ਪਿਛਲੀ ਵੀ ਬਹੁਤ ਕਮਾਈ ਹੈ, ਹੁਣ ਵੀ ਗੁਰੂ ਦੀ ਬਖਸ਼ਿਸ਼ ਹੈ ਇਹ ਗੁਰਮਤਿ ਦੀ ਲਹਿਰ ਤੁਸੀਂ ਹੀ ਸੰਭਾਲਣੀ ਹੈ। ਇਨ੍ਹਾਂ ਭਵਿੱਖਤ ਬਚਨਾਂ ਵਿਚ ਹੀ ਸਾਰਾ ਜ਼ਿੰਦਗੀ ਦਾ ਸਾਰ ਖੋਲ੍ਹ ਕੇ ਰਖ ਦਿਤਾ। ਅੱਜ ਉਹੀ ਬਚਨ ਸਫਲ ਹੋ ਰਹੇ ਹਨ। ਗੁਰੂ ਮਹਾਰਾਜ ਆਪ ਜੀ ਰਾਹੀਂ ਗੁਰਮਤਿ ਪ੍ਰਚਾਰ ਦੇਸ਼ ਵਿਦੇਸ਼ਾਂ ਵਿਚ ਅਤੇ ਟਰੱਸਟ ਰਤਵਾੜਾ ਸਾਹਿਬ ਦੇ ਮੁਖੀ (ਮੁਖ ਸੇਵਾਦਾਰ) ਦੇ ਤੌਰ 'ਤੇ ਸੇਵਾਵਾਂ ਲੈ ਰਹੇ ਹਨ। ਯੂ.ਪੀ ਵਿਚ ਆਪ ਜੀ ਦੀ ਫਸਲ ਸਭ ਤੋਂ ਵਧ ਹੁੰਦੀ। ਧਾਰਮਿਕ ਪ੍ਰਚਾਰ ਦੀਵਾਨਾਂ ਰਾਹੀਂ ਕਰਨਾ। ਤਰਾਈ ਦੇ ਏਰੀਏ ਵਿਚ ਮਾੜੀਆਂ ਅਲਾਮਤਾਂ, ਚੋਰੀਆਂ, ਧਾੜਿਆਂ, ਨਸ਼ਿਆਂ ਤੋਂ ਹਟਾ ਕੇ ਗੁਰਸਿੱਖੀ ਜੀਵਨ ਦੇ ਧਾਰਨੀ ਬਣਾਇਆ। ਸੰਨ 1973 ਵਿਚ ਹੀ ਤਰਾਈ ਏਰੀਏ ਵਿਚ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਦੀਵਾਨ ਲਵਾਏ। ਉਸ ਵੇਲੇ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਆਪ ਜੀ ਦੇ ਫਾਰਮ ਹਾਊਸ 'ਤੇ ਗਏ ਅਤੇ ਉਥੇ ਨਾਮ ਦੀ ਖੁਸ਼ਬੂ ਦਾ ਅਨੁਭਵ ਕਰਦੇ ਹੋਏ ਬਚਨ ਕੀਤਾ ਕਿ **ਫਕੀਰੀ ਤੇਰੀ-ਫਕੀਰੀ ਤੇਰੀ-ਫਕੀਰੀ ਤੇਰੀ।** ਇਸ ਉਪਰੰਤ ਯੂ.ਪੀ. ਵਿਚ ਕੀਰਤਨ ਦੀ ਸੇਵਾ ਟਰੱਸਟ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਨੂੰ ਸਉਂਪੀ ਤੇ ਉਥੋਂ ਦੀ ਸਾਰੀ ਸੰਗਤ ਨੂੰ ਇਨ੍ਹਾਂ ਦਾ ਸਾਥ ਦੇਣ ਦਾ ਬਚਨ ਕੀਤਾ।

ਇਸ ਉਪਰੰਤ ਆਪ ਜੀ ਆਪਣਾ ਫਾਰਮ ਵੇਚ ਕੇ ਚੰਡੀਗੜ੍ਹ ਆ ਗਏ।

**ਰਤਵਾੜਾ ਸਾਹਿਬ ਦੀ ਸਥਾਪਨਾ –** ਚੰਡੀਗੜ੍ਹ 1978 ਵਿਚ ਆਪ ਜੀ ਵਾਪਸ ਆਏ। ਚੰਡੀਗੜ੍ਹ ਦੇ ਨੇੜਲੇ ਇਲਾਕਿਆਂ ਜੋ ਸਿੱਖੀ ਤੋਂ ਦੂਰ ਸਨ, ਗੁਰਮਤਿ ਦਾ ਪ੍ਰਚਾਰ ਨਾ-ਬਰਾਬਰ ਸੀ। ਲੋਕ ਤੰਮਾਕੂ ਦੀ ਖੇਤੀ ਕਰਦੇ। ਲੋਕਾਂ ਦੇ ਕਹਿਣ 'ਤੇ ਕਿ ਜੀ ਅਸੀਂ ਪਛੜੇ ਹੋਏ ਹਾਂ ਤਾਂ ਬਚਨ ਕਰਨਾ ਕਿ ਲਿਸਟ ਪੁੱਠੀ ਕਰ ਲਓ ਇਕ ਦਿਨ ਆਏਗਾ ਤੁਸੀਂ ਹਰ ਪੱਖੋਂ ਸਭ ਤੋਂ ਉਪਰ ਹੋਵੋਗੇ। ਇਥੇ ਸੰਨ 1980 ਵਿਚ ਘਰ-ਘਰ, ਨਗਰ-ਨਗਰ ਆਪਣੇ ਖਰਚੇ 'ਤੇ ਗੁਰਮਤਿ ਦਾ ਪ੍ਰਚਾਰ ਆਰੰਭ ਕੀਤਾ। 29 ਜੁਲਾਈ 1986 ਨੂੰ ਰਤਵਾੜਾ ਸਾਹਿਬ ਅਸਥਾਨ ਦੀ ਕਾਰ ਸੇਵਾ

ਸ਼ੁਰੂ ਹੋਈ।

ਸਹਿਜੇ-ਸਹਿਜੇ ਕਾਫਲਾ ਵਧਦਾ ਗਿਆ। ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵੀ ਪੱਕੇ ਤੌਰ 'ਤੇ ਯੂ.ਪੀ ਤੋਂ ਘਰ-ਬਾਰ, ਨੌਕਰੀ ਛੱਡ ਕੇ ਸਦਾ ਲਈ ਗੁਰੂ ਦੀ ਸੇਵਾ ਵਿਚ ਅਰਪਨ ਹੋ ਗਏ। ਇਸ ਤੋਂ ਇਲਾਵਾ ਡੇਰੇ ਵਿਚ ਹੋਰ ਵੀ ਸਿੰਘਾਂ ਨੇ ਸਮੇਂ-ਸਮੇਂ ਸਿਰ ਸੇਵਾਵਾਂ ਅਰਪਣ ਕੀਤੀਆਂ ਜਿਨ੍ਹਾਂ ਵਿਚ ਸ੍ਰੀ ਮਾਨ ਕਰਨੈਲ ਸਿੰਘ ਜੀ, ਬਾਬਾ ਹਰਪਾਲ ਸਿੰਘ ਜੀ ਅਤੇ ਹੋਰ ਵੀ ਬਹੁਤ ਸਿੰਘ ਕਾਫਲੇ 'ਚ ਆ ਰਲੇ। ਕਾਫਲਾ ਵੱਡਾ ਹੁੰਦਾ ਗਿਆ। ਰੋਪੜ ਜ਼ਿਲੇ ਵਿਚ ਗੁਰਮਤਿ ਦਾ ਪ੍ਰਚਾਰ ਜ਼ੋਰ ਫੜ ਗਿਆ। ਇਹ ਪ੍ਰਚਾਰ ਵਧਦਾ-ਵਧਦਾ ਪੂਰੇ ਪੰਜਾਬ, ਦਿੱਲੀ, ਬੰਬਈ, ਹਿਮਾਚਲ ਪ੍ਰਦੇਸ, ਹਰਿਆਣਾ, ਆਸਾਮ, ਕਲੱਕਤੇ ਤੇ ਵਿਦੇਸ਼ਾਂ ਦੀ ਧਰਤੀ ਤਕ ਪਹੁੰਚਿਆ।

**ਡਾ. ਸਵਾਮੀ ਰਾਮ ਜੀ ਦਾ ਮਿਲਣਾ –** ਜੌਲੀ ਗਰਾਂਟ ਡੇਹਰਾਦੂਨ ਹਸਪਤਾਲ ਦਾ ਉਦਘਾਟਨ ਆਪ ਜੀ ਦੇ ਕਰ ਕਮਲਾਂ ਦੁਆਰਾ ਕਰਵਾਇਆ ਗਿਆ ਜੋ ਆਪ ਜੀ ਦੀ ਆਤਮਿਕ ਉਚਤਾਈ ਦਾ ਪ੍ਰਮਾਣ ਹੈ। ਸਵਾਮੀ ਜੀ ਦੇ ਬਚਨ ਸਨ; 'ਆਜ ਹਮਨੇ ਖਜ਼ਾਨਾ ਲੂਟਾ ਹੈ, ਯੇ ਪਿਆਰ ਕੇ ਸਾਗਰ ਹੈਂ।' ਸੰਸਾਰ ਭਰ ਦੇ ਧਾਰਮਿਕ ਅਕੀਦਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਉਨ੍ਹਾਂ ਨੂੰ ਆਤਮਿਕ ਸਤੁੰਸ਼ਟੀ ਗੁਰੂ ਨਾਨਕ ਦੇ ਘਰ ਤੋਂ ਵਰੋਸਾਏ ਮਹਾਂਪੁਰਸ਼ਾਂ ਨੂੰ ਮਿਲ ਕੇ ਹੋਈ।

**1986 ਤੋਂ 2001 ਤੱਕ ਦਾ ਅਗੰਮੀ ਪੈਂਡਾ –** ਆਪ ਜੀ ਨੇ ਰਤਵਾੜਾ ਸਾਹਿਬ ਵਿਖੇ, ਸੁੰਦਰ ਗੁਰਦੁਆਰਾ ਸਾਹਿਬ ਜਿਸ ਦਾ ਨਾਮ ਗੁਰਦੁਆਰਾ ਈਸ਼ਰ ਪ੍ਰਕਾਸ਼ ਰੱਖਿਆ, ਸਸ਼ੋਭਿਤ ਕੀਤਾ। ਜੋ ਕਿ ਆਪਣੇ ਪਰਮ ਪਿਆਰੇ ਮਹਾਂਪੁਰਸ਼ਾਂ ਰਾੜਾ ਸਾਹਿਬ ਵਾਲਿਆਂ ਨੂੰ ਸਮਰਪਿਤ ਹੈ। ਹੋਰ ਰਿਹਾਇਸ਼ੀ ਇਮਾਰਤਾਂ ਹੋਂਦ ਵਿਚ ਆਈਆਂ।

ਇਸ ਤੋਂ ਇਲਾਵਾ ਸਕੂਲਾਂ ਤੇ ਕਾਲਜਾਂ ਦੀ ਸਥਾਪਨਾ ਕੀਤੀ। ਪਰਾ ਵਿਦਿਆ ਦੇ ਨਾਲ-ਨਾਲ ਅਪਰਾ ਵਿਦਿਆ ਦਾ ਵੀ ਪ੍ਰਚਾਰ ਜਾਰੀ ਰਖਿਆ। ਧਾਰਮਿਕ ਦੀਵਾਨਾਂ ਤੋਂ ਇਲਾਵਾ ਦੋ ਜਥੇ ਬੀਬੀਆਂ ਦੇ ਤਿਆਰ ਹੋਏ ਜੋ ਚੰਡੀਗੜ੍ਹ, ਪੰਚਕੁਲਾ, ਮੋਹਾਲੀ ਅਤੇ ਖਰੜ ਸ਼ਹਿਰ ਦੇ ਨੇੜਲੇ ਇਲਾਕਿਆਂ ਵਿਚ ਅੰਮ੍ਰਿਤ ਵੇਲੇ 2 ਵਜੇ ਤੋਂ 5 ਵਜੇ ਤਕ ਆਸਾ ਕੀ ਵਾਰ ਦਾ ਕੀਰਤਨ ਕਰਦੇ। ਭੋਗ ਸਮੇਂ ਆਪ ਖੁਦ ਜਾ ਕੇ ਸੱਚੇ ਪਾਤਸ਼ਾਹ ਵਲੋਂ ਬਖਸ਼ਿਸ਼ ਕੀਤੇ ਹੁਕਮਨਾਮੇ ਦੀ ਵਿਚਾਰ ਸੰਗਤਾਂ ਨੂੰ ਸਰਵਣ ਕਰਾਉਂਦੇ।

**ਕੀਰਤਨ ਦੀਆਂ ਵੀਡੀਓ ਫਿਲਮਾਂ ਅਤੇ 1995 ਵਿਚ 'ਆਤਮ ਮਾਰਗ' ਮੈਗਜ਼ੀਨ ਅਤੇ ਸੈਂਕੜੇ ਪੁਸਤਕਾਂ ਦੀ ਸੰਪਾਦਨਾ –** ਸੰਨ 1995 ਵਿਚ ਆਪ ਜੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ 'ਆਤਮ ਮਾਰਗ' ਰੂਹਾਨੀ ਮੈਗਜ਼ੀਨ ਦਾ ਸੰਚਾਲਨ ਸੰਗਤ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਕੇ ਸੰਗਤ ਦੀ ਪ੍ਰਵਾਨਗੀ ਹਿਤ ਸਤਿਕਾਰਯੋਗ ਮਾਤਾ ਜੀ ਦੇ ਹਸਤ ਕਮਲਾਂ ਦੁਆਰਾ ਰੀਲੀਜ਼ ਕਰਵਾਇਆ ਜੋ ਕਿ ਅੱਜ 30ਵੇਂ ਸਾਲ 'ਚ ਪ੍ਰਵੇਸ਼ ਕਰ ਚੁੱਕਿਆ ਹੈ। ਰੂਹਾਨੀ ਮਹਿਕਾਂ ਵੰਡਦਾ ਇਹ ਮੈਗਜ਼ੀਨ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ। ਇਸ ਦੀ ਮਾਇਕ ਸਥਿਤੀ ਦਾ ਘਾਟਾ ਨਹੀਂ ਵਿਚਾਰਿਆ ਜਾਂਦਾ ਸਗੋਂ ਲੱਖਾਂ ਰੁਪਏ ਟਰੱਸਟ ਵਲੋਂ ਹਰ ਮਹੀਨੇ ਇਸ ਦੀ ਛਪਾਈ, ਪ੍ਰਿੰਟਿੰਗ ਤੇ ਕਾਗਜ਼ ਤੇ ਦਫ਼ਤਰੀ ਖਰਚਿਆਂ 'ਤੇ ਲਾਏ ਜਾਂਦੇ ਹਨ। ਕੀਰਤਨ ਦੀਆਂ ਵੀਡੀਓ ਬਣੀਆਂ ਹੋਈਆਂ ਹਨ।

**ਸੰਤ ਸਮਾਗਮ ਦੀ ਆਰੰਭਤਾ –** 1990 ਤੋਂ ਹੀ ਸੰਤ ਸਮਾਗਮਾਂ ਦੀ ਆਰੰਭਤਾ ਹੋਈ। ਵੱਖ-ਵੱਖ ਵਿਸ਼ਿਆਂ 'ਤੇ ਸੰਤ ਮਹਾਂਪੁਰਸ਼, ਸੁਬੁੱਧੀਜੀਵੀ (ਵਿਦਵਾਨ) ਕਥਾਵਾਚਕ ਬੁਲਾਏ ਜਾਂਦੇ।

**ਕੁਦਰਤੀ ਆਫ਼ਤਾਂ ਵਿਚ ਲੋੜਵੰਦਾਂ ਦੀ ਸਹਾਇਤਾ –** ਪਰਉਪਕਾਰੀ ਸੁਭਾਅ ਕਰਕੇ ਆਪ ਜੀ ਨੇ ਕੁਦਰਤੀ ਆਫ਼ਤਾਂ ਵੇਲੇ ਲੋੜਵੰਦਾਂ ਦੀ ਵੱਡੇ ਪੱਧਰ 'ਤੇ ਸਹਾਇਤਾ ਕਰਕੇ ਇਕ ਪ੍ਰਪਾਟੀ ਕਾਇਮ ਕਰ ਦਿਤੀ। ਭਾਵੇਂ ਉਹ ਪੰਜਾਬ ਵਿਚ 1988 ਅਤੇ 1993 ਦੇ ਹੜ੍ਹ ਹੋਣ, 2001 ਵਿਚ ਗੁਜਰਾਤ ਦੇ ਭੁਚਾਲ ਹੋਣ, ਭਾਵੇਂ ਹੋਰ ਲੋੜਵੰਦਾਂ ਦੀ ਸਹਾਇਤਾ ਹੋਏ। ਉਨ੍ਹਾਂ ਦੀ ਚਲਾਈ ਪ੍ਰਪਾਟੀ 'ਤੇ ਚਲਦਿਆਂ ਟਰੱਸਟ ਵਲੋਂ ਉੜੀਸਾ ਦੀਆਂ ਸੁਨਾਮੀਆਂ, ਯੂ.ਪੀ. ਉਤਰਾਖੰਡ, ਹਿਮਾਚਲ ਪ੍ਰਦੇਸ ਦੇ ਹੜ੍ਹ, ਨੇਪਾਲ ਵਿਚ ਭੁਚਾਲ (2015), ਰੋਪੜ, ਸੁਲਤਾਨਪੁਰ ਲੋਧੀ (ਪੰਜਾਬ) ਵਿਚ ਹੜ੍ਹ, ਕਿਸਾਨੀ ਅੰਦੋਲਨ ਅਤੇ ਕਰੋਨਾ ਕਾਲ

ਵਿਚ ਵੱਧ ਚੜ੍ਹ ਕੇ ਸੇਵਾਵਾਂ ਨਿਭਾਈਆਂ ਗਈਆਂ।

**ਮਾਇਆ ਤੋਂ ਨਿਰਲੇਪ ਬਿਰਤੀ ਤੇ ਗੁਰੂ 'ਤੇ ਭਰੋਸੇ ਦੀ ਮਿਸਾਲ –** ਕਿਸੇ ਸਮੇਂ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਆਪ ਜੀ ਨੂੰ ਕੀਰਤਨ ਦੀਵਾਨ ਦੀਆਂ ਫਿਲਮਾਂ ਬਣਾ ਕੇ ਪ੍ਰਚਾਰ ਕਰਨ ਦਾ ਬਚਨ ਕੀਤਾ, ਨਾਲ ਕੁਝ ਮਾਇਆ ਦੇਣ ਦੀ ਪੇਸ਼ਕਸ਼ ਕੀਤੀ। ਆਪ ਜੀ ਨੇ ਸਿਰ ਝੁਕਾ ਕੇ ਬਚਨ ਤਾਂ ਮੰਨ ਲਿਆ ਪਰ ਮਾਇਕ ਮਦਦ ਨਹੀਂ ਲਈ ਤੇ ਬੇਨਤੀ ਕੀਤੀ ਕਿ ਮਹਾਰਾਜ ਜੀ! ਮੇਰੀ ਹੀ ਕਮਾਈ ਵਿਚ ਬਰਕਤਾਂ ਪਾ ਦਿਉ ਤੇ ਇਹ ਕਾਰਜ ਆਪਣੀ ਕ੍ਰਿਪਾ ਨਾਲ ਕਰਵਾ ਲਿਉ। ਉਨ੍ਹਾਂ ਵਲੋਂ ਆਪਣੀ ਨਿਜੀ ਡਾਇਰੀ ਵਿਚ ਇਹ ਲਿਖਿਆ ਮਿਲਦਾ ਹੈ ਕਿ ਤਿਆਗ ਤੇ ਪਕੜ ਦੀ ਵਿਚਾਰ। ਉਹਨਾਂ ਲਿਖਿਆ ਕਿ (ਸੰਤ) ਵਰਿਆਮ ਸਿੰਘ ਨੇ ਮਾਇਆ ਦਾ ਤਿਆਗ ਦਿਖਾਇਆ। ਪਰ ਕੁਝ ਕੁ ਪ੍ਰੇਮੀਆਂ ਨੇ ਮਾਇਆ ਲੈ ਕੇ ਮੋੜੀ ਵੀ ਨਹੀਂ। ਇਸ ਤਰ੍ਹਾਂ ਦੇਸਾਂ-ਵਿਦੇਸਾਂ ਵਿਚ ਕਥਾ ਕੀਰਤਨ, ਦੀਵਾਨਾਂ ਸਮੇਂ ਗੁਰਦੁਆਰਾ ਸਾਹਿਬ ਤੋਂ ਮਾਇਆ ਦਾ ਸਿਰੋਪਾਉ ਨਹੀਂ ਲਿਆ। ਨਾ ਹੀ ਹਰਮੋਨੀਅਮ 'ਤੇ ਆਈ ਕੀਰਤਨ ਭੇਟਾ ਸਵੀਕਾਰ ਕੀਤੀ। ਅੱਜ ਵੀ ਇਸੇ ਪ੍ਰਪਾਟੀ 'ਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਚੱਲ ਰਹੇ ਹਨ।

ਉਨ੍ਹਾਂ ਦੇ ਰੂਹਾਨੀ ਜੀਵਨ ਅਤੇ ਪਰਉਪਕਾਰੀ ਕਾਰਜਾਂ ਤੋਂ ਸਹਿਜੇ ਹੀ ਅੰਦਾਜ਼ਾ ਲਗ ਜਾਂਦਾ ਹੈ ਕਿ ਉਨ੍ਹਾਂ ਵਲੋਂ ਮਾਨਵਤਾ ਦੀ ਭਲਾਈ ਲਈ ਪਾਏ ਗਏ ਯੋਗਦਾਨ ਭਾਵੇਂ ਉਹ ਸਮਾਜਿਕ ਵਿਦਿਅਕ ਅਤੇ ਧਾਰਮਿਕ ਖੇਤਰ ਨਾਲ ਸਬੰਧਿਤ ਹਨ, ਲਾ-ਮਿਸਾਲ ਹਨ ਤੇ ਅੱਜ ਮਨੁੱਖਤਾ ਲਈ ਵਰਦਾਨ ਸਿੱਧ ਹੋ ਰਹੇ ਹਨ।

**ਰਤਵਾੜਾ ਸਾਹਿਬ ਨੇੜੇ ਨਗਰ ਚਾਹੜਮਾਜਰਾ ਵਿਖੇ ਮਸਜਿਦ ਦਾ ਨਿਰਮਾਣ – *'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥' (ਅੰਗ-੧੩੪੯)*** ਦੇ ਸਿਧਾਂਤ 'ਤੇ ਚਲਦਿਆਂ ਇਸਲਾਮੀ ਅਕੀਦਿਆਂ ਦੀ ਕਦਰ ਕਰਦਿਆਂ ਮੁਸਲਮਾਨ ਭਾਈਚਾਰੇ ਲਈ ਮਸਜਿਦ ਦਾ ਨਿਰਮਾਣ ਨਗਰ ਚਾਹੜ ਮਾਜਰਾ (ਨਿਊ ਚੰਡੀਗੜ੍ਹ) ਵਿਖੇ ਕਰਵਾਇਆ ਜੋ ਕਿ 'ਸਭੇ ਸਾਝੀਵਾਲ ਸਦਾਇਨਿ' ਦੀ ਇਕ ਮਿਸਾਲ ਕਾਇਮ ਹੋਈ।

**ਆਖਰੀ ਰਮਜ਼ੀ ਸੰਦੇਸ਼ –** 31 ਅਕਤੂਬਰ 2001 ਨੂੰ ਦੁਪਹਿਰ ਦੇ 1.13 ਮਿੰਟ 'ਤੇ ਭਾਣਾ ਵਰਤਿਆ। ਉਸ ਤੋਂ ਕੁਝ ਸਮਾਂ ਪਹਿਲਾਂ ਆਪ ਜੀ ਨੇ ਕੁਝ ਰੂਹਾਨੀ ਤੇ ਕੁਝ ਪ੍ਰਬੰਧਕੀ ਬਚਨ ਕੀਤੇ ਟਰੱਸਟ ਦੇ ਪ੍ਰਬੰਧ ਦੀ ਵਾਗਡੋਰ ਯੋਗ ਹੱਥਾਂ ਵਿਚ ਸੌਂਪਣਾ ਕੀਤੀ। ਆਪ ਜੀ ਨੇ ਪੀ.ਜੀ.ਆਈ ਵਿਚ ਬੈੱਡ ਦੇ ਨਾਲ ਸਰੀਰ ਦੀ (ਪਿੱਠ) ਢੋਹ ਲਾਈ ਹੋਈ ਸੀ। ਚੌਂਕੜਾ ਮਾਰ ਕੇ ਸਮਾਧੀ 'ਚ ਸਥਿਤ ਸਨ। ਅਚਾਨਕ ਬਚਨ ਕੀਤਾ ਕਿ ਹੁਣ ਤੁਸੀਂ ਥੋੜ੍ਹੀ ਦੇਰ ਨੂੰ ਕਹੋਂਗੇ ਕਿ '***ਬਾਬਾ ਬੋਲਤੇ ਥੇ ਕਹਾਂ ਗਏ'*** ਫਿਰ ਥੋੜ੍ਹੀ ਦੇਰ ਬਾਅਦ ਧੀਮੀ ਅਵਾਜ਼ ਵਿਚ ਫੁਰਮਾਇਆ ਕਿ ***'ਪੈ ਜੂ ਅੰਚਿਤਾ ਜਾਲ ਇਕ ਦਿਨ ਪੈ ਜੂ-ਇਕ ਦਿਨ ਪੈ ਜੂ।' ਫਿਰ ਜਪਿਆ 'ਸਤਿਨਾਮੁ ਵਾਹਿਗੁਰੂ-ਸਤਿਨਾਮੁ ਵਾਹਿਗੁਰੂ।'*** ਨਾਲੋਂ ਨਾਲ ਬਾਬਾ ਲਖਬੀਰ ਸਿੰਘ ਜੀ ਵਲੋਂ ਸੁਖਮਨੀ ਸਾਹਿਬ ਦਾ ਪਾਠ ਚਲ ਰਿਹਾ ਸੀ। ਜਦੋਂ ਚਲ ਰਹੇ ਪਾਠ ਦੀ 20ਵੀਂ ਅਸਟਪਦੀ ***'ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥'*** ਆਈ ਤਾਂ ਆਤਮਾ ਪ੍ਰਮਾਤਮਾ ਵਿਚ ਅਲੋਪ ਹੋ ਗਈ। ਨੇਤਰ ਖੁਲ੍ਹੀ ਸਮਾਧੀ ਵਿਚੋਂ ਨਿਕਲ ਕੇ ਨੇਤਰ ਮੁੰਦੀ ਸਮਾਧੀ ਵਿਚ ਸਦਾ ਲਈ ਲੀਨ ਹੋ ਗਏ।

**ਚਲਦਾ-ਚਲਦਾ ਸਮਾਂ ਰੁਕਿਆ –** ਸਮਾਂ ਆਪਣੀ ਚਾਲ ਚਲਦਾ ਗਿਆ। ਪਰ ਚਲਦਾ-ਚਲਦਾ ਉਥੇ ਰੁਕਿਆ ਜਦੋਂ ਇਹ ਸੰਨ 2001 ਵਿਚ 31 ਅਕਤੂਬਰ ਦੇ ਦਿਨ ਵਿਚ ਪ੍ਰਵੇਸ਼ ਹੋਇਆ। ਐਸਾ 31 ਅਕਤੂਬਰ ਦਾ ਦਿਨ ਚੜ੍ਹਿਆ ਜਦੋਂ ਦੁਪਹਿਰ 1.13 ਮਿੰਟ 'ਤੇ ਭਾਣਾ ਵਰਤ ਗਿਆ। ਸਿਖਰ ਦੁਪਹਿਰ ਹਨ੍ਹੇਰ ਪੈ ਗਿਆ। ਹਾਲਾਤ ਕੀ ਬਣੀ ਸਾਰਿਆਂ ਦੀ-

*ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥*
*ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ*
*ਜਿਨਿ ਹਉ ਪਿਰਹੁ ਵਿਛੋੜੀ ॥* *ਅੰਗ – ੫੫੮*

ਦੁਨੀਆਂ ਵਸ ਰਹੀ ਸੀ ਪਰ ਦਿਸਦੀ ਨਹੀਂ ਸੀ। ਦਿਸਦਾ ਕੀ ਸੀ? –

*ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥*
*ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥*
*ਅੰਗ – ੧੩੬੫*

ਇਕ ਰਾਮ ਦੇ ਪਿਆਰੇ ਤੋਂ ਬਿਨਾਂ ਉਜਾੜ ਨਜ਼ਰ

ਆਇਆ। ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਸਰੀਰ ਦੇ ਸਸਕਾਰ ਤੋਂ ਪਹਿਲਾਂ ਧਾਰਨਾ ਪੜ੍ਹੀ, ਜਿਸਨੂੰ ਸੁਣਦੇ ਸਾਰ ਪਿਆਰੇ ਦੇ ਵਿਛੋੜੇ ਵਿਚ ਸੰਗਤਾਂ ਦੀਆਂ ਆਪ-ਮੁਹਾਰੇ ਭੁੱਬਾਂ ਨਿਕਲ ਗਈਆਂ-

*ਧਾਰਨਾ - ਨਾ ਰੋਵੋ, ਨਾ ਰੋਵੋ ਪਿਆਰਾ*
*ਚਲਿਆ ਆਪਣੇ ਦੇਸ ਨੂੰ।*

*ਕਬੀਰ ਸੰਤ ਮੂਏ ਕਿਆ ਰੋਈਐ*
*ਜੋ ਅਪੁਨੇ ਗ੍ਰਿਹਿ ਜਾਇ ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥*
*ਅੰਗ - ੧੩੬੫*

*ਧਾਰਨਾ - ਕਿਵੇਂ ਧੀਰਜ ਆਵੇ ਸੰਗਤਾਂ ਨੂੰ*
*ਬਾਝ ਪਿਆਰੇ ਆਪਣੇ।*
*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
*ਅੰਗ - ੧੧੦੦*

*ਧਾਰਨਾ - ਕਾਹਦਾ ਜੀਵਨਾ ਬਾਝ ਪਿਆਰੇ ਆਪਣੇ।*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ - ੮੩*

ਉਸ ਦਿਨ ਪਤਾ ਲੱਗਾ ਕਿ ਪਿਆਰੇ ਦਾ ਵਿਛੋੜਾ ਕੀ ਹੁੰਦਾ ਹੈ। ਲੱਖਾਂ ਸੰਗਤਾਂ ਰਤਵਾੜਾ ਸਾਹਿਬ ਜੁੜੀਆਂ 'ਤੇ ਸੇਜਲ ਨੇਤਰਾਂ ਨਾਲ ਧਾਹਾਂ ਮਾਰਦੀਆਂ ਸੰਗਤਾਂ ਨੇ ਪਿਆਰ ਵੈਰਾਗ ਵਿਚ ਆਪਣੇ ਪਿਆਰੇ ਨੂੰ ਅੰਤਿਮ ਸਰੀਰਕ ਵਿਦਾਇਗੀ ਦੇ ਦਿਤੀ। ਉਹ ਬਚਨ ਸੱਚ ਕਰ ਦਿਤੇ, ਜੋ ਆਪ ਜੀ ਨੇ 29 ਅਕਤੂਬਰ ਨੂੰ ਕੀਤੇ ਕਿ ਪਰਸੋਂ ਭਾਵ 31 ਅਕਤੂਬਰ ਨੂੰ ਆਪਣੇ ਘਰ ਚਲੇ ਜਾਣਾ ਹੈ। ਘਰ ਕਿਹੜਾ ਸੀ ਇਕ ਰਮਜ਼ ਸੀ ਜੋ ਬਾਅਦ ਵਿਚ ਸਮਝ ਆਈ -

*ਨਾਨਕ ਬਧਾ ਘਰੁ ਤਹਾਂ*
*ਜਿਥੈ ਮਿਰਤੁ ਨ ਜਨਮੁ ਜਰਾ ॥ ਅੰਗ - ੪੪*

ਅਹਿਸਾਸ ਹੁੰਦਾ ਹੈ ਗਏ ਨਹੀਂ, ਨਾਲ ਹਨ। ਅੰਗ-ਸੰਗ ਹਨ। ਕੇਵਲ ਸਰੀਰ ਉਹਲੇ ਕੀਤਾ ਹੈ। ਪਿਆਰ ਕਰਨ ਵਾਲਿਆਂ ਨੂੰ ਅੱਜ ਵੀ ਅੰਗ-ਸੰਗ ਭਾਸ ਰਹੇ ਹਨ। ਹੁਣ ਤਾਂ ਅਰਦਾਸ ਹੀ ਬਚਦੀ ਹੈ-

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ਅੰਗ - ੭੨੯*

ਭਾਵ ਲੋਚਾ ਹੈ, ਕਰੀਏ ਅਰਦਾਸ ਮਿਲ ਜੁਲ ਕੇ -

*ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥*
*ਅੰਗ - ੧੨*

ਸਦਾ ਲਈ ਅਮਰ ਹਨ। ਚਲਾਏ ਹੋਏ ਕਾਰਜਾਂ ਕਰਕੇ, ਆਪਣੇ ਵਰੋਸਾਇਆਂ ਵਿਚੋਂ ਦੀ ਹੋ ਕੇ ਸੰਭਾਲ ਕਰ ਰਹੇ ਹਨ ਸੰਗਤਾਂ ਦੀ। ਜਾਰੀ ਹੈ ਗੁਰਮਤਿ ਪ੍ਰਚਾਰ ਤੇ ਪ੍ਰਸਾਰ ਉਸੇ ਤਰ੍ਹਾਂ। ਪਰਉਪਕਾਰ ਦੇ ਕਾਰਜਾਂ ਨੂੰ ਗਤੀਸ਼ੀਲਤਾ ਪ੍ਰਦਾਨ ਕਰ ਰਹੇ ਹਨ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸਮੂੰਹ ਟਰੱਸਟ ਮੈਂਬਰਾਂ ਤੇ ਸੰਗਤਾਂ ਦੇ ਸਹਿਯੋਗ ਨਾਲ। ਚਲ ਰਹੇ ਹਨ ਦੋ ਸਕੂਲ, ਦੋ ਕਾਲਜ, ਫਰੀ ਹਸਪਤਾਲ, ਫਰੀ ਸਿਲਾਈ ਸੈਂਟਰ, ਫਰੀ ਬਿਰਧ ਆਸ਼ਰਮ, ਅਦਾਰਾ ਆਤਮ ਮਾਰਗ ਮੈਗਜ਼ੀਨ, 24 ਘੰਟੇ ਰਿਹਾਇਸ਼ ਫਰੀ ਤੇ ਗੁਰੂ ਕੇ ਲੰਗਰ ਅਸਥਾਨ ਵਿਖੇ ਅਤੇ ਹੋਰ ਵੀ ਬਰਾਚਾਂ ਰਾਹੀਂ ਦੇਸ਼ ਵਿਦੇਸ਼ ਵਿਚ ਹੋ ਰਿਹਾ ਹੈ ਗੁਰਮਤਿ ਦਾ ਪ੍ਰਚਾਰ ਦਿਨ ਰਾਤ। ਗੁਰੂ ਕ੍ਰਿਪਾ ਕਰੇ ਉਹ ਆਪ ਹੀ ਆਰੰਭੇ ਕਾਰਜਾਂ ਨੂੰ ਚੜ੍ਹਦੀਆਂ ਕਲਾਂ ਬਖਸ਼ਣ। ਪਿਆਰੇ ਮਹਾਂਪੁਰਸ਼ਾਂ ਨੂੰ ਇਹੀ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ ਕਿ ਉਹਨਾਂ ਦੇ ਬਚਨਾਂ 'ਤੇ ਪਹਿਰਾ ਦਿੰਦੇ ਹੋਏ ਨਾਮ ਬਾਣੀ ਵਾਲੀ ਗੁਰਮਤਿ ਦੀ ਜੀਵਨ ਜੁਗਤਿ ਅਪਨਾ ਕੇ ਜੀਵਨ ਸਫਲ ਕਰੀਏ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੀਏ।

ਉਨ੍ਹਾਂ ਤੋਂ ਠੀਕ 12 ਸਾਲ ਬਾਅਦ ਸਤਿਕਾਰਯੋਗ ਮਾਤਾ ਜੀ ਨੇ ਵੀ 1 ਨਵੰਬਰ 2013 ਨੂੰ ਪੰਜ ਭੂਤਕ ਸਰੀਰ ਦਾ ਪ੍ਰਤੀਤਿਆਗ ਕੀਤਾ। ਸਾਰੀ ਜ਼ਿੰਦਗੀ ਮਹਾਂਪੁਰਸ਼ਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਗੁਰਮਤਿ ਦੇ ਪ੍ਰਚਾਰ ਵਿਚ ਯੋਗਦਾਨ ਪਾਇਆ। ਐਸੇ ਸੰਤ ਜਨਾਂ ਵਾਸਤੇ ਫੁਰਮਾਨ ਹੈ -

*ਐਸੇ ਜਨ ਵਿਰਲੇ ਸੰਸਾਰੇ ॥*
*ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥*
*ਆਪਿ ਤਰਹਿ ਸੰਗਤਿ ਕੁਲ ਤਾਰਹਿ*
*ਤਿਨ ਸਫਲ ਜਨਮੁ ਜਗਿ ਆਇਆ ॥ ਅੰਗ - ੧੦੩੯*

ਵੀਚਾਰਾਂ ਦੀ ਲੜੀ ਦਾ ਵਹਿਣ ਦਰਿਆ ਰੂਪ ਹੈ ਵਿਸਰਾਮ ਦੇਣਾ ਮੁਨਾਸਿਬ ਸਮਝਦਾ ਹਾਂ। ਫਿਰ ਕਦੇ ਉਹ ਆਪ ਰਹਿਮਤ ਦੀ ਬਾਰਿਸ਼ ਕਰਨਗੇ, ਨਮਸ਼ਕਾਰ ਕਰਨ ਦਾ ਸੁਭਾਗ ਪ੍ਰਾਪਤ ਹੋਵੇਗਾ

ਭੁਲਾਂ ਚੁਕਾਂ ਦੀ ਖਿਮਾ।

*(ਪੰਨਾ 26 ਦੀ ਬਾਕੀ)*

ਕਰੇ ਬੈਠੇ ਨੇ। ਪੀਰ ਉਠ ਕੇ ਆ ਗਿਆ, ਦੇਖਿਆ ਉਨ੍ਹਾਂ ਵਲ, ਉਨ੍ਹਾਂ ਦੀ ਜੜ੍ਹਤਾ ਦੂਰ ਕਰਕੇ ਕਹਿਣ ਲੱਗਿਆ, ਤੁਹਾਨੂੰ ਵੱਟੇ ਮਾਰਨ ਭੇਜਿਆ ਹੈ, ਤੁਸੀਂ ਇਹ ਕੀ ਕਰਦੇ ਓਂ। ਕਹਿੰਦੇ ਆਵਾਜ਼ ਦੀ ਤਾਸੀਰ ਐਸੀ ਹੈ ਅਸੀਂ ਸਭ ਕੁਛ ਭੁੱਲ ਗਏ। ਅਫੁਰ ਅਵਸਥਾ 'ਚ ਪਹੁੰਚਾ ਦਿਤੇ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਐਸ ਤਰ੍ਹਾਂ ਹੋ ਵੀ ਜਾਂਦਾ ਹੈ?

ਬਾਬਾ ਰਾਮ ਸਿੰਘ ਜੀ ਨਾਮਧਾਰੀ, ਇਕ ਵਾਰੀ ਦੀਵਾਨ ਵਿਚ ਕੀਰਤਨ ਕਰ ਰਹੇ ਨੇ। ਇੱਕ ਤਰਕਬਾਜ਼ ਨੇ ਉੱਠ ਕੇ ਤਰਕ ਕਰ ਦਿੱਤੀ ਕਿ ਤੁਸੀਂ ਵਾਹਿਗੁਰੂ ਨਹੀਂ ਕਦੇ ਵੀ ਕਹਿੰਦੇ, ਸਤਿਨਾਮੁ ਕਹਿੰਦੇ ਓਂ। ਕਹਿਣ ਲੱਗੇ, ਪ੍ਰੇਮੀਆਂ! ਇਹ ਜਿਹੜਾ ਤੂੰ ਮੰਤਰ ਕਹਿੰਦਾ ਹੈਂ ਇਹ ਗੋਪ ਮੰਤਰ ਹੈ, ਅੰਦਰ ਰੱਖਿਆ ਫਲ ਦਿੰਦਾ ਹੈ, ਬਾਹਰ ਰੱਖਿਆ ਨਹੀਂ ਦਿੰਦਾ। ਇਹਨੂੰ ਜਿੰਨਾਂ ਗੁਪਤ ਰੱਖ ਲਓ, ਓਨਾਂ ਹੀ ਫਲ ਹੈ ਇਹਦਾ। ਕਹਿੰਦੇ, ਸਾਨੂੰ ਕੀ ਪਤਾ ਤੁਹਾਡਾ ਖਿਆਲ ਹੈ ਇਹ। ਕਹਿੰਦੇ, ਚੰਗਾ! ਸਵੇਰੇ ਆ ਜਾਇਓ, ਇੱਕ ਰੱਸੀ ਲੈ ਆਇਓ, ਸਾਰੇ ਜਣੇ ਲੰਮੀ ਰੱਸੀ, ਬਾਣ ਦੀ। ਰੱਸੀ ਲੈ ਆਂਦੀ, ਬਾਬਾ ਜੀ ਖੜ੍ਹੇ ਨੇ, ਕੀਰਤਨ ਕਰਦੇ ਨੇ, ਲਓ ਕਹਿੰਦੇ ਪ੍ਰੇਮੀਓਂ ਹੁਣ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਛੱਤੀ ਜੁਗ ਦਾ ਜਪਿਆ ਹੋਇਆ ਨਾਮ, ਉੱਚੀ ਬੋਲਣ ਲੱਗਿਆ ਹਾਂ ਹੋਸ਼ ਸੰਭਾਲੋ। ਰੱਸੀ ਫੜਾ ਦਿੱਤੀ ਸਾਰਿਆਂ ਨੂੰ। ਉਚੀ ਆਵਾਜ਼ 'ਚ ਪੂਰੇ ਗਲੇ ਦੇ ਨਾਲ 'ਵਾਹਿਗੁਰੂ' ਆਵਾਜ਼ ਬੋਲ ਦਿੱਤੀ। ਬੋਲਣ ਦੀ ਦੇਰ ਸੀ, ਸਾਰੀ ਸੰਗਤ ਸੁੰਨ ਮੁੰਨ ਹੋ ਗਈ। ਇੱਕ ਵੀ ਨਾ ਬੋਲੇ। ਚੁੱਪ ਕਰਕੇ ਸਮਾਧੀ ਲਗ ਗਈ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਜਿਸ ਵਕਤ ਜੈਕਾਰਾ ਦਿੱਤਾ, ਉਸੇ ਵੇਲੇ ਸੁੰਨ ਮੁੰਨ ਹੋ ਗਏ, ਭਾਈ ਗੁਰਦਾਸ ਜੀ ਲਿਖਦੇ ਨੇ ਕਿ –

*ਫਿਰਿ ਬਾਬਾ ਗਇਆ ਬਗਦਾਦ ਨੋ*
*ਬਾਹਰ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।*

*ਭਾਈ ਗੁਰਦਾਸ ਜੀ, ਵਾਰ ੧/੩੫*

ਅੰਮ੍ਰਿਤ ਵੇਲੇ ਜਪੁਜੀ ਸਾਹਿਬ ਪੜ੍ਹਨ ਤੋਂ ਬਾਅਦ, ਨਮਾਜ਼ ਕਹਿ ਲਓ, ਪੂਜਾ ਕਹਿ ਲਓ; ਗੱਲ ਇੱਕੋ ਹੀ ਹੋਇਆ ਕਰਦੀ ਹੈ –

*ਦਿਤੀ ਬਾਂਗਿ ਨਿਵਾਜਿ ਕਰਿ*
*ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।*

*ਭਾਈ ਗੁਰਦਾਸ ਜੀ, ਵਾਰ ੧/੩੫*

ਹੈਰਾਨ ਹੋ ਗਿਆ।

*ਵੇਖੈ ਧਿਆਨੁ ਲਗਾਇ ਕਰਿ*
*ਇਕੁ ਫਕੀਰੁ ਵਡਾ ਮਸਦਾਨਾ।*

*ਭਾਈ ਗੁਰਦਾਸ ਜੀ, ਵਾਰ ੧/੩੫*

ਕਹਿਣ ਲੱਗਿਆ, ਇੱਕ ਫਕੀਰ ਆ ਗਿਆ ਤੇ ਜਿਹਦੀ ਗੱਲ ਕਰਦੇ ਨੇ, ਉਹ ਤਾਂ ਬਹੁਤ ਸ਼ਕਤੀ ਵਾਲਾ ਹੈ ਤੇ ਉਸ ਵੇਲੇ ਪੀਰ ਉਨ੍ਹਾਂ 'ਚ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ, ਵੱਟੇ ਮਾਰੋ। ਸਾਰੇ ਫੇਰ ਵੱਟੇ ਮਾਰਨ ਤੁਰ ਜਾਂਦੇ ਨੇ। ਪੀਰ ਮੂਹਰੇ ਹੈ, ਬਾਕੀ ਸਭ ਪਿੱਛੇ ਨੇ। ਜਦੋਂ ਹੱਥ ਉਚੇ ਕਰਕੇ ਲੱਗੇ ਮਾਰਨ, ਗੁਰੂ ਮਹਾਰਾਜ ਨੇ ਉਪਰ ਨੂੰ ਦ੍ਰਿਸ਼ਟੀ ਕਰ ਦਿਤੀ, ਉਥੇ ਹੀ ਰੁਕ ਗਏ ਸਾਰੇ, ਨਾ ਕੋਈ ਵੱਟਾ ਮਾਰਦਾ ਹੈ, ਨਾ ਕੋਈ ਹਿਲਦਾ ਹੈ, ਨਾ ਕਿਸੇ ਦਾ ਪੈਰ ਪੁੱਟ ਹੁੰਦਾ ਹੈ। ਜਿਹਨੇ ਪੈਰ ਚੁੱਕਿਆ ਹੋਇਆ ਹੈ, ਚੁਕਿਆ ਹੀ ਖੜ੍ਹਾ ਹੈ। ਜਿਹਨੇ ਧਰਤੀ 'ਤੇ ਰੱਖ ਕੇ ਪਿਛਲਾ ਚੁੱਕ ਲਿਆ ਉਹਨੇ ਪਿਛਲਾ ਹੀ ਚੁੱਕਿਆ ਹੈ। ਜਿਹਨੇ ਵੱਟਾ ਘੁੰਮਾਉਣ ਵਾਸਤੇ ਬਾਂਹ ਘੁੰਮਾਈ ਹੈ, ਉਹਦੀ ਬਾਂਹ ਘੁੰਮ ਹੀ ਰਹੀ ਹੈ। ਜੜ੍ਹ ਬਣੇ ਖੜ੍ਹੇ ਨੇ। ਪੀਰ ਨੇ ਸਾਰਾ ਹੀ ਜ਼ੋਰ ਲਾ ਲਿਆ, ਨਾ ਆਪ ਹਿਲਦਾ ਹੈ, ਨਾ ਕੋਈ ਦੂਜਿਆਂ ਨੂੰ ਹਿਲਾਉਂਦਾ ਹੈ। ਉਸ ਵੇਲੇ ਅੰਦਰ ਹੀ ਅੰਦਰ ਹੰਕਾਰ ਢਲ ਗਿਆ ਤੇ ਅੰਦਰ ਹੀ ਅੰਦਰ ਅਰਦਾਸ ਕਰੀ ਕਿ ਪੀਰ ਜੀ, ਮੈਂ ਗੱਲ ਕਰਨੀ ਹੈ ਤੁਹਾਡੇ ਨਾਲ। ਮੰਨਿਆ ਨਹੀਂ ਹੈ, ਇਹ ਤਾਂ ਮੰਨ ਲਿਆ ਕਿ ਸ਼ਕਤੀ ਇਹਦੀ ਮੇਰੇ ਨਾਲੋਂ ਵੱਧ ਹੈ, ਪਰ ਮੈਂ ਚਰਚਾ 'ਚ ਹਰਾ ਦੇਣਾ ਹੈ ਇਹ। ਅੰਦਰ ਹੀ ਕਰੀ ਅਰਦਾਸ ਕਿ ਮੈਂ ਗੱਲ ਕਰਨੀ ਚਾਹੁੰਦਾ ਹਾਂ, ਗੁਰੂ ਨਾਨਕ ਪਾਤਸ਼ਾਹ ਨੇ ਮਿਹਰ ਕਰ ਦਿੱਤੀ, ਪੀਰ ਗੁਰੂ ਨਾਨਕ ਦੇਵ ਜੀ ਦੇ ਪਾਸ ਆ ਕੇ ਬਹਿ ਗਿਆ।

ਮਹਾਰਾਜ ਕਹਿਣ ਲੱਗੇ, ਕੀ ਗੱਲ ਪੀਰ ਜੀ, ਐਨਾ ਕ੍ਰੋਧ?

ਕਹਿੰਦਾ ਕ੍ਰੋਧ? ਤੁਸੀਂ ਤਾਂ ਸ਼ਰ੍ਹਾ ਦੀਆਂ ਧੱਜੀਆਂ ਉਡਾ ਦਿੱਤੀਆਂ।

ਕਹਿੰਦੇ, ਫੇਰ ਮਾਰੀਦਾ ਹੁੰਦਾ ਹੈ ਕਿ ਵਿਚਾਰ ਕਰੀਦੀ ਹੁੰਦੀ ਹੈ? ਸਿਆਣਾ ਬੰਦਾ ਵਿਚਾਰ ਕਰਦਾ ਹੈ, ਕਮਲਾ ਬੰਦਾ ਦੰਡ ਦਿੰਦਾ ਹੈ।

ਤੇ ਤੁਸੀਂ ਵਿਚਾਰ ਕਰੋ, ਵਿਚਾਰ ਵਾਲੀ ਗੱਲ 'ਤੇ ਤੁਹਾਨੂੰ ਕੀ ਇਤਰਾਜ਼ ਹੈ? ਨਾ ਕਿ ਪੱਥਰ ਚੁੱਕ ਲਓ।

ਕਹਿੰਦਾ, ਮਹਾਰਾਜ! ਇਨ੍ਹਾਂ 'ਤੇ ਕ੍ਰਿਪਾ ਕਰੋ, ਪੱਥਰ ਸੁੱਟ ਦਿੰਦੇ ਨੇ। ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਕਹਿੰਦਾ ਸੁੱਟ ਦਿਓ ਪੱਥਰ। ਆ ਜਾਓ, ਬਹਿ ਜਾਓ ਸਾਰੇ। ਸਾਰੇ ਘੇਰਾ ਘੱਤ ਕੇ ਬੈਠ ਗਏ। ਵਿਚਾਲੇ ਗੁਰੂ ਨਾਨਕ ਪਾਤਸ਼ਾਹ ਨੇ, ਸਾਮ੍ਹਣੇ ਪੀਰ ਬੈਠਾ ਹੈ। ਉਹਦਾ ਲੜਕਾ ਬੈਠਾ ਹੈ, ਹੋਰ ਮੁਖੀ-ਮੁਖੀ ਚੇਲੇ ਬੈਠੇ ਨੇ। ਬਾਕੀ ਸ਼ਹਿਰ ਬੈਠਾ ਹੈ। ਪੂਰਨ ਸ਼ਾਂਤੀ (Pin drop silence) ਹੋਈ-ਹੋਈ ਹੈ ਕਿ ਦੋਹਾਂ ਦੇ ਬਚਨ ਸੁਣੀਏ ਕਿ ਕੀ ਕਹਿੰਦੇ ਨੇ। ਉਸ ਵੇਲੇ ਮਹਾਰਾਜ ਕਹਿੰਦੇ ਕੀ ਇਤਰਾਜ਼ ਹੈ? ਕਹਿੰਦੇ, ਸਰੋਦ ਵਜਾਉਂਦੇ ਓਂ। ਤੁਸੀਂ ਸਾਜ ਵਜਾਉਂਦੇ ਓਂ। ਮਹਾਰਾਜ ਕਹਿੰਦੇ, ਇਹ ਕੋਈ ਮਾੜੀ ਗੱਲ ਹੈ ਇਹ ਰੂਹ ਦੀ ਖੁਰਾਕ ਹੈ। ਇਹਦੀ ਜੇ ਦੁਰਵਰਤੋਂ ਕਰੀ ਜਾਵੇ ਤਾਂ ਇਹ ਮਾੜਾ ਹੈ। ਜੇ ਵਿਸ਼ੇ ਵਿਕਾਰ, ਇਸ਼ਕੀਏ ਮਜਾਜ਼ੀ ਗੀਤ ਇਹਦੇ ਨਾਲ ਗਾਏ ਜਾਣ ਤਾਂ ਇਹ ਬੁੱਧੀ ਨੂੰ ਵਿਚਿਲਤ ਕਰਦੀ ਹੈ। ਲੇਕਿਨ ਜੇ ਹਰੀ ਦਾ ਜਸ ਕਰਿਆ ਜਾਵੇ ਤਾਂ ਆਤਮਾ ਨੂੰ ਚੁੱਕ ਕੇ ਆਪਣੇ ਘਰ ਵਿਚ ਲੈ ਜਾਂਦੀ ਹੈ। ਕਹਿੰਦੇ, ਤੁਹਾਡੇ ਇਸਲਾਮ ਵਿਚ ਹੀ ਲਿਖਿਆ ਹੋਇਆ ਹੈ ਕਿ ਜਦੋਂ ਖੁਦਾ ਨੇ ਜੁੱਸਾ ਬਣਾਇਆ, ਇਹਦੇ 'ਚ ਰੂਹ ਪਾਈ, ਰੂਹ ਟਿਕੀ ਨਾ। ਬਾਹਰ ਨਿਕਲ ਗਈ, ਖੁਦਾ ਨੇ ਕਿਹਾ ਕਿ ਕੀ ਗੱਲ ਤੂੰ ਟਿਕਦੀ ਨਹੀਂ। ਕਹਿੰਦੀ ਉਥੇ ਤਾਂ, ਸੁੰਨ-ਮੁੰਨ ਪਿਆ ਹੈ, ਮੈਂ ਕੀ ਟਿਕਾਂ। ਕਹਿੰਦੇ ਜਾਹ, ਆਪਣੀ ਦਰਗਾਹ ਦੇ ਨਾਦ ਇਹਦੇ ਵਿਚ ਪਾ ਦੇਹ। ਅਨਹਦ ਨਾਦ ਪਾ ਦਿੱਤੇ, ਜਦੋਂ ਗਈ ਤਾਂ ਅਨਹਦ ਨਾਦਾਂ ਦੀ ਮਸਤੀ ਚੜ੍ਹ ਗਈ। ਲੇਕਿਨ ਫੇਰ ਬਾਹਰ ਆ ਗਈ। ਕਹਿੰਦੇ ਹੁਣ ਕਿਉਂ ਬਾਹਰ ਆ ਗਈ? ਕਹਿੰਦੀ, ਹਨ੍ਹੇਰ ਗੁਬਾਰ ਪਿਆ ਹੈ। ਕਹਿੰਦੇ ਚੰਗਾ ਮੈਂ ਦਰਗਾਹ ਦਾ ਚਾਨਣਾ ਵੀ ਇਹਦੇ 'ਚ ਪਾ ਦਿੰਦਾ ਹਾਂ। ਜਿਹੜਾ ਸਾਡੇ ਵਿਚ ਹੈ ਸਾਧਸੰਗਤ ਜੀ, ਓਹੀ ਦਰਗਾਹ ਵਿਚ ਹੈ। ਇੱਥੇ ਵੀ ਛੋਟੀ ਜਿਹੀ ਦਰਗਾਹ ਹੈ ਦਸਵੇਂ ਦੁਆਰ 'ਚ। ਕਹਿੰਦੇ ਓਸ ਵੇਲੇ ਤੋਂ ਰੂਹ ਉਸ ਰਾਗ ਨੂੰ ਸੁਣ ਕੇ ਆਹ ਸਰੀਰ 'ਚ ਰਹੀ ਹੈ, ਰਾਗ ਤਾਂ ਮਾੜਾ ਨਹੀਂ। ਇਹ ਥੱਲੇ ਉਤਰ ਆਈ, ਇਹਦੇ ਵਾਪਸ ਲਿਜਾਣ ਦਾ ਕੇਵਲ ਇੱਕੋ ਸਾਧਨ ਹੈ।

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ - ੧੦੭੫*

ਪੀਰ ਮੰਨ ਗਿਆ ਤੇ ਦੂਸਰਾ ਕੀ ਇਤਰਾਜ਼ ਹੈ। ਕਹਿਣ ਲੱਗਿਆ, ਦੂਸਰਾ ਇਹ ਹੈ ਕਿ ਤੁਸੀਂ ਕੁਫਰ ਬੋਲਿਆ ਹੈ। ਝੂਠ ਬੋਲਿਆ ਹੈ -

*ਧਾਰਨਾ - ਸੱਤ ਪਤਾਲ ਤੇ ਆਕਾਸ਼ ਸਾਰੇ ਆਖਦੇ,*
*ਦੱਸ ਕਾਹਨੂੰ ਕੁਫਰ ਬੋਲਦੈਂ।*

ਕਹਿਣ ਲੱਗਿਆ, ਨਾਨਕ ਜੀ! ਸਾਰਾ ਸੰਸਾਰ ਹਿੰਦੂ ਧਰਮ ਚੌਦਾਂ, ਸੱਤ ਆਕਾਸ਼ ਤੇ ਸੱਤ ਪਾਤਾਲ; ਅਤਲ, ਬਿਤਲ, ਸਤਲ ਨਾਉਂ ਨੇ ਉਨ੍ਹਾਂ ਦੇ। ਭਵ, ਭੂਤ ਇਹ ਸਾਰੇ ਆਕਾਸ਼ਾਂ ਦੇ ਨਾਉਂ। ਅਸੀਂ ਵੀ ਸੱਤ ਕਹਿੰਦੇ ਹਾਂ ਉਹ ਵੀ ਸੱਤ ਕਹਿੰਦੇ ਨੇ। ਤੂੰ ਲੱਖਾਂ ਕਿਵੇਂ ਬੋਲਦਾ ਹੈਂ? ਝੂਠ ਬੋਲਦਾ ਹੈਂ ਤੂੰ ਇਹ ਗੱਲ। ਕੁਫਰ ਬੋਲਦਾ ਹੈਂ, ਗੁਮਰਾਹ ਕਰੇਂਗਾ ਸੁਣਨ ਵਾਲਿਆਂ ਨੂੰ। ਮਹਾਰਾਜ ਮੁਸਕਰਾ ਪਏ, ਕਹਿੰਦੇ ਪੀਰ ਜੀ! ਇਹ ਤਾਂ ਨਿਗ੍ਹਾ ਦੀ ਗੱਲ ਹੈ। ਜਿਹਦੀ ਨਿਗ੍ਹਾ 'ਚ ਸੱਤ ਆਉਂਦੇ ਨੇ ਉਹ ਸੱਤ ਕਹਿੰਦਾ ਹੈ। ਜਿਹਦੀ ਨਿਗ੍ਹਾ 'ਚ ਲੱਖਾਂ ਆਉਂਦੇ ਨੇ ਉਹ ਲੱਖਾਂ ਬੋਲਦਾ ਹੈ -

*ਧਾਰਨਾ - ਜਿਹਨੂੰ ਲੱਖਾਂ ਹੀ ਆਕਾਸ਼ ਨਜ਼ਰ ਆਏ*
*ਲੱਖਾਂ ਦੀ ਉਹ ਗੱਲ ਕਰਦਾ।*
*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ - ੫*

ਪੀਰ ਜੀ! ਲੱਖਾਂ ਦੀ ਕੀ ਗੱਲ ਕਰਦੇ ਓਂ। ਇਹ ਤਾਂ ਲੇਖੇ ਤੋਂ ਅੱਗੇ ਦੀਆਂ ਗੱਲਾਂ ਨੇ। ਇਹਦਾ ਲੇਖਾ ਨਹੀਂ ਹੋ ਸਕਦਾ। ਕੋਈ ਇਹਦਾ ਹਿਸਾਬ ਕਿਤਾਬ ਨਹੀਂ। ਬੇਅੰਤ ਜਿਹਨੂੰ ਕਹਿ ਦਿੱਤਾ ਉਹਦਾ ਅੰਤ ਕਿਵੇਂ ਲੈ ਲਓਂਗੇ ਤੁਸੀਂ। ਕਹਿੰਦੇ ਦੇਖੋ, ਤੁਹਾਡਾ ਪੈਗੰਬਰ ਜਿਸ ਵਕਤ ਇਹਨੂੰ ਬੁਲਾਇਆ। ਜ਼ਬਰਾਈਲ ਇਹਨੂੰ ਲੈਣ ਵਾਸਤੇ ਆਉਂਦਾ ਹੈ, ਜਦੋਂ ਦਰਗਾਹ ਨੂੰ ਜਾਂਦਾ ਹੈ ਤਾਂ ਰਸਤੇ ਦੇ ਵਿਚ ਇੱਕ ਊਠਾਂ ਦੀ ਕਤਾਰ ਆ ਗਈ। ਉਹਨੂੰ ਦੇਖ ਕੇ ਪੈਗੰਬਰ ਖੜ੍ਹਾ ਹੋ ਗਿਆ। ਹੈ ਨਾ ਤੁਹਾਡੇ ਲਿਖਿਆ ਹੋਇਆ। ਕਹਿੰਦਾ, ਉਥੇ ਉਹ ਕਹਿਣ ਲੱਗੇ ਕਿ ਲੰਘ ਗਿਆ ਉਹ। ਇੱਕ ਦੀ ਜਿਹੜੀ ਮੁਹਾਰ ਹੈ ਇਹਨੂੰ ਚੁੱਕੋ ਤੇ ਥੱਲੇ ਦੀ ਲੰਘ ਆਓ। ਕਹਿੰਦਾ ਇਹ ਮੁੱਕੇ ਤਾਂ ਲੰਘ ਆਵਾਂਗੇ। ਕਹਿੰਦਾ, ਇਹ ਤਾਂ ਮੈਂ ਜਦੋਂ ਪੈਦਾ ਹੋਇਆ ਸੀ ਉਸ ਵੇਲੇ ਵੀ ਚਲਦੀ ਸੀ। ਮੇਰੇ ਤੋਂ ਜਿਹੜਾ ਪਹਿਲਾਂ ਜ਼ਬਰਾਈਲ ਸੀ ਉਹ ਵੀ ਚਲਦਾ

ਸੀ। ਮੇਰੀ ਉਮਰ ਸੋਲਾਂ ਕਰੋੜ, ਖਰਬ ਸਾਲ ਦੀ ਹੈ। ਮੇਰੇ ਤੋਂ ਪਹਿਲਾਂ ਵੀ ਇਹ ਚਲਦੀ ਸੀ, ਪਤਾ ਨਹੀਂ ਕਿਹੜੇ ਵੇਲੇ ਦੇ ਇਹ ਚਲਦੇ ਨੇ ਉੱਠ।ਕਹਿੰਦੇ ਇਹਦੇ ਉਤੇ ਕੀ ਹੈ, ਕਹਿੰਦੇ ਇੱਕ ਲਾਈਨ 'ਚੋਂ ਕੱਢ ਕੇ ਦੇਖ ਲੈਂਦੇ ਹਾਂ। ਇੱਕ ਉਠ ਕੱਢ ਲਿਆ, ਜਿਸ ਵਕਤ ਬਿਠਾਇਆ, ਉਹਦੇ ਉਤੇ ਦੋ ਬਕਸੇ ਲੱਦੇ ਹੋਏ ਸੀ, ਇਕ ਬਕਸਾ ਖੋਲ੍ਹਿਆ ਤਾਂ ਇੱਕ ਆਂਡਾ ਵਿਚੋਂ ਕੱਢ ਲਿਆ। ਆਂਡਾ ਭੰਨਿਆਂ ਤਾਂ ਕੀ ਦੇਖਦੇ ਨੇ ਕਿ ਇੱਕ ਬ੍ਰਹਿਮੰਡ ਦਿਸਿਆ ਸਾਰਾ। ਕਹਿੰਦਾ ਐਨੇ ਬ੍ਰਹਿਮੰਡ ਨੇ, ਪ੍ਰਮੇਸ਼ਰ ਦਾ ਕੋਈ ਅੰਤ ਨਹੀਂ ਹੈ, ਕਿੰਨੀ ਕੁਦਰਤ ਹੈ ਉਹਦੀ, ਇਥੇ ਤਾਂ ਵਾਹ-ਵਾਹ ਤੋਂ ਬਗੈਰ ਹੋਰ ਕੋਈ ਗੱਲ ਨਹੀਂ। ਵਾਹਿਗੁਰੂ-ਵਾਹਿਗੁਰੂ। ਇਹੀ ਅੰਤਮ ਨਾਮ ਹੈ। ਪੀਰ ਚੁੱਪ ਕਰ ਗਿਆ, ਕਹਿੰਦਾ ਫੇਰ ਅਸੀਂ ਤਾਂ, ਤਾਂ ਮੰਨਦੇ ਹਾਂ ਜੇ ਸਾਨੂੰ ਦਿਖਾਵੇਂ। ਭਾਈ ਗੁਰਦਾਸ ਜੀ ਲਿਖਦੇ ਨੇ -

*ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।*
*ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।*
*ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰਿ ਸੁਣਾਈ।*
*ਫੇਰਿ ਦੁਰਾਇਣ ਦਸਤਗੀਰ*
*ਅਸੀ ਭਿ ਵੇਖਾ ਜੋ ਤੁਹਿ ਪਾਈ।*

*ਭਾਈ ਗੁਰਦਾਸ ਜੀ, ਵਾਰ ੧/੩੬*

ਸਾਨੂੰ ਦਿਖਾਲ, ਮਹਾਰਾਜ ਕਹਿੰਦੇ ਚੱਲ ਪੀਰ ਜੀ! ਤੈਨੂੰ ਦਿਖਾਲੀਏ। ਲੱਖਾਂ ਹੀ ਆਕਾਸ਼ ਪਾਤਾਲ, ਪੀਰ ਕਹਿੰਦਾ ਮੇਰੀ ਉਮਰ ਬੁਢਾਪੇ ਦੀ ਹੈ। ਦੇਖਦੇ-ਦੇਖਦੇ ਮੈਂ ਉਥੇ ਹੀ ਨਾ ਚੜ੍ਹਾਈ ਕਰ ਜਾਵਾਂ। ਐਉਂ ਕਰੋ ਮੇਰੇ ਲੜਕੇ ਨੂੰ ਲੈ ਜਾਓ। ਕਹਿੰਦੇ ਇਤਬਾਰ ਹੈ ਤੈਨੂੰ ਇਸ ਲੜਕੇ 'ਤੇ। ਕਹਿੰਦੇ ਹਾਂ, ਇਹ ਲੜਕਾ ਬਿਲਕੁਲ ਕਾਬਲ ਹੈ, ਜਿਵੇਂ ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਅੰਗਦ ਸਾਹਿਬ ਸੀ, ਉਹਦਾ ਨਾਉਂ ਬਹਿਲੋਲ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਤੁਸੀਂ ਇੱਥੇ ਹੀ ਬੈਠਿਓ, ਆਏ ਅਸੀਂ। ਉਸ ਵੇਲੇ ਬਾਂਹ ਫੜ ਲਈ, ਕਹਿੰਦੇ ਮੀਚ ਅੱਖਾਂ। ਨੇਤਰ ਬੰਦ ਕਰ ਲਏ, ਦੇਖ ਆਕਾਸ਼, ਦੇਖ ਆਕਾਸ਼, ਦੇਖਦਾ ਹੀ ਤੁਰਿਆ ਜਾਂਦਾ ਹੈ, ਦੇਖਦਾ ਹੀ ਤੁਰਿਆ ਜਾਂਦਾ ਹੈ। ਦਿਨ ਰਾਤ ਮੁਕਦੇ ਜਾਂਦੇ ਨੇ। ਥੱਕ ਗਿਆ। ਕਹਿੰਦਾ, ਇਹ ਤਾਂ ਅੰਤ ਹੀ ਨਹੀਂ ਆਉਂਦਾ। ਕਹਿੰਦਾ, ਚੱਲ ਤੈਨੂੰ ਪਾਤਾਲ ਦਿਖਾਈਏ। ਫੇਰ ਪਾਤਾਲ ਦਿਖਾਉਣੇ ਸ਼ੁਰੂ ਕਰ ਦਿਤੇ। ਕਹਿੰਦਾ ਮਹਾਰਾਜ! ਇਹ ਤਾਂ ਪਤਾ ਨਹੀਂ ਕਿੰਨੇ ਕੁ ਸਾਲ ਆਪਾਂ ਨੂੰ ਹੋ ਗਏ, ਉਹ ਤਾਂ ਮਰ-ਮੁਰ ਵੀ ਗਏ ਹੋਣੇ, ਜਿਹਨੂੰ ਅਸੀਂ ਜਾ ਕੇ ਦਸਣਾ ਸੀ। ਹੁਣ ਕ੍ਰਿਪਾ ਕਰੋ ਆਪਾਂ ਵਾਪਸ ਚੱਲੀਏ। ਕਹਿੰਦੇ, ਮਰੇ ਨਹੀਂ ਹੈਗੇ ਇਹ ਸਮੇਂ ਦਾ ਹੇਰ ਫੇਰ ਹੈ। ਇਹ ਗੱਲ ਸਮਝ 'ਚ ਨਹੀਂ ਆਉਂਦੀ, ਦੁਨੀਆਂ ਦੇ, ਸਮੇਂ ਦਾ ਹੇਰ ਫੇਰ ਹੈ। ਇਸ ਤਰ੍ਹਾਂ ਕਰ ਤੇਰੇ ਅੱਬਾ ਜਾਨ ਨੇ ਨਹੀਂ ਮੰਨਣਾ, ਆਹ ਦੇਖ ਆਪਣੀ ਸੰਗਤ। ਅੱਗੇ ਗਏ ਤਾਂ ਇਕ ਸੰਗਤ ਹਰੀ ਦਾ ਜਸ ਕਰ ਰਹੀ ਹੈ, ਜਿਸ ਵਕਤ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੇ, ਉਸੇ ਵੇਲੇ ਸਾਰੀ ਸੰਗਤ ਸਤਿਕਾਰ ਵਾਸਤੇ ਨਮਸ਼ਕਾਰਾਂ ਕਰਨ ਲਗ ਗਈ। ਮਹਾਰਾਜ ਸੰਗਤ 'ਚ ਬੈਠ ਗਏ। ਪ੍ਰਸ਼ਾਦ ਵਰਤਾਓ ਭਾਈ, ਪ੍ਰਸ਼ਾਦ ਵਰਤਾਇਆ, ਬਰਤਨ ਲਿਆ, ਉਹਦੇ ਵਿਚ ਉਹਨੂੰ ਪ੍ਰਸ਼ਾਦ ਪਾ ਦਿੱਤਾ। ਫੇਰ ਅਗਲੇ ਪਾਤਾਲ 'ਚ ਗਏ, ਫੇਰ ਪ੍ਰਸ਼ਾਦ। ਜਿੱਥੇ ਦੇਖੇ ਗੁਰੂ ਨਾਨਕ ਦੀ ਸੰਗਤ, ਕਹਿਣ ਲੱਗਿਆ ਹੈਂ, ਕ੍ਰੋੜਾਂ ਬ੍ਰਹਿਮੰਡਾਂ ਵਿਚ ਇੱਕੋ ਗੁਰੂ ਨਾਨਕ ਪਾਤਸ਼ਾਹ ਨੇ। ਜੇ ਮੈਂ ਧੋਖਾ ਨਾ ਖਾਵਾਂ ਇਹ ਤਾਂ ਅੱਲਾਹ ਤਾਲਾਹ ਆਪ ਆ ਗਿਆ। ਬੋਲਦਾ ਨਹੀਂ ਹੁਣ, ਵਿਸਮਾਦ 'ਚ ਹੋ ਗਿਆ। ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਚੱਲ ਆ ਹੁਣ ਚੱਲੀਏ। ਭਾਂਡਾ ਭਰਿਆ ਹੋਇਆ ਹੈ ਪ੍ਰਸ਼ਾਦ ਦਾ। ਥਾਂ-ਥਾਂ 'ਤੇ ਕੜਾਹ ਪ੍ਰਸ਼ਾਦ, ਥਾਂ-ਥਾਂ ਤੋਂ ਕੜਾਹ ਪ੍ਰਸ਼ਾਦ। ਕਹਿਣ ਲੱਗਿਆ, ਪਾਤਸ਼ਾਹ! ਇਹ ਸਾਰੀਆਂ ਸੰਗਤਾਂ, ਏਸ ਵੇਲੇ ਸਾਰੇ ਬ੍ਰਹਿਮੰਡਾਂ 'ਚ ਅਕਾਲ ਪੁਰਖ ਨੇ ਸਾਡੀ ਡਿਊਟੀ ਲਾਈ ਹੈ।

ਸਾਧਸੰਗਤ ਜੀ! ਸਾਡਾ ਹੀ ਨਹੀਂ ਇਕੱਲਿਆਂ ਦਾ ਸ੍ਰੀ ਗੁਰੂ ਨਾਨਕ ਦੇਵ ਜੀ। ਉਹ ਤਾਂ ਸਾਰੇ ਖੰਡਾਂ ਬ੍ਰਹਿਮੰਡਾਂ ਦੀਆਂ ਜਿੰਨੀਆਂ ਅਬਾਦੀਆਂ ਨੇ ਸਭ ਦਾ ਹੀ ਹੈ। ਹੋ ਸਕਦਾ ਹੈ ਸਾਡੇ ਨਾਲੋਂ ਜ਼ਿਆਦਾ ਉਨ੍ਹਾਂ ਦੀ ਕਦਰ ਪਾ ਲਈ ਹੋਵੇ। ਅਸੀਂ ਤਾਂ ਪਾਈ ਨਹੀਂ ਹੈ, ਅਸੀਂ ਤਾਂ ਸ਼ਰਾਬ ਹੀ ਨਹੀਂ ਛੱਡਦੇ, ਉਹਦੇ ਕਹਿਣ 'ਤੇ। ਨਾਮ ਹੀ ਨਹੀਂ ਜਪਦੇ। ਸੋ ਉਸ ਵੇਲੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਏਧਰ ਥੋੜ੍ਹਾ ਜਿਹਾ ਸਮਾਂ ਲੰਘਿਆ। ਭਾਈ ਗੁਰਦਾਸ ਜੀ ਲਿਖਦੇ ਨੇ ਕਿ-

*ਨਾਲਿ ਲੀਤਾ ਬੇਟਾ ਪੀਰ ਦਾ*
*ਅਖੀ ਮੀਟਿ ਗਇਆ ਹਾਵਾਈ।*
*ਲਖ ਆਕਾਸ ਪਤਾਲ ਲਖ*
*ਅਖਿ ਫੁਰਕ ਵਿਚਿ ਸਭਿ ਦਿਖਲਾਈ।*
*ਭਰਿ ਕਚਕੌਲ ਪ੍ਰਸਾਦਿ ਦਾ*
*ਧੁਰੋ ਪਤਾਲੋ ਲਈ ਕੜਾਹੀ।*
*ਜਾਹਰ ਕਲਾ ਨ ਛਪੈ ਛਪਾਈ।*

*ਭਾਈ ਗੁਰਦਾਸ ਜੀ, ਵਾਰ ੧/੩੬*

ਹੁਣ ਕਿਵੇਂ ਛੁਪ ਜਾਵੇ। ਉਹਨੇ ਸਿਜਦਾ ਕਰਨਾ ਸ਼ੁਰੂ ਕਰ ਦਿਤਾ, ਕਹਿੰਦਾ ਅੱਬਾ ਜਾਨ! ਸਿਜਦਾ ਕਰੋ ਇਹ ਤਾਂ ਖੁਦਾਵੰਦ ਤਾਲਾ ਆਪ ਆ ਗਿਆ। ਆਪ ਹੀ ਹੈ, ਮੈਂ ਸਭ ਕੁਛ ਦੇਖ ਲਿਆ। ਜੋ ਕਹਿੰਦੇ ਨੇ ਠੀਕ ਹੈ ਇਸਦਾ ਕੋਈ ਅੰਤ ਨਹੀਂ ਆਉਣਾ, ਤੇ ਹੁਣ ਕੌਣ ਹੈ ਜਿਹੜਾ ਇਹ ਚੀਜ਼ ਕਰ ਦੇਵੇ -

*ਧਾਰਨਾ - ਵਾਹਵਾ ਵਾਹਵਾ ਬਈ*
*ਝੱਲੇ ਕਿਹੜਾ ਝਾਲ ਗੁਰਾਂ ਦੀ।*

ਲੱਖਾਂ ਆਕਾਸ਼ ਪਾਤਾਲ ਦਿਖਾਏ।

*ਜਾਹਰ ਕਲਾ ਨ ਛਪੈ ਛਪਾਈ।*

*ਭਾਈ ਗੁਰਦਾਸ ਜੀ, ਵਾਰ ੧/੩੬*

ਕੌਣ ਸੀ ਦੁਨੀਆਂ ਦੇ ਅੰਦਰ, ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਝਾਲ ਝੱਲ ਸਕਦਾ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਵਾਹਿਗੁਰੂ ਨਾਮ ਦਾ ਸਤਿਨਾਮੁ ਦਾ ਡੰਕਾ ਸਾਰੇ ਸੰਸਾਰ 'ਚ ਵਜਾ ਕੇ, ਸਾਰਾ ਸੰਸਾਰ ਜਿੱਤ ਲਿਆ -

*ਧਾਰਨਾ - ਸਤਿਨਾਮ ਵਾਲਾ ਡੰਕਾ ਵਜਾ ਕੇ,*
*ਬਾਬੇ ਜਿੱਤੀ ਸਾਰੀ ਦੁਨੀਆਂ।*

*ਗੜ ਬਗਦਾਦੁ ਨਿਵਾਇਕੈ*
*ਮਕਾ ਮਦੀਨਾ ਸਭੇ ਨਿਵਾਇਆ।*
*ਸਿਧ ਚਉਰਾਸੀਹ ਮੰਡਲੀ*
*ਖਟਿ ਦਰਸਨਿ ਪਾਖੰਡਿ ਜਿਣਾਇਆ।*
*ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।*
*ਜੀਤੀ ਨਉਖੰਡਿ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।*
*ਦੇਵ ਦਾਨੋ ਰਾਕਸਿ ਦੈਤ ਸਭ*
*ਚਿਤਿ ਗੁਪਤਿ ਸਭ ਚਰਨੀ ਲਾਇਆ।*
*ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।*
*ਭਇਆ ਅਨੰਦੁ ਜਗਤੁ ਵਿਚਿ*
*ਕਲਿਤਾਰਨ ਗੁਰ ਨਾਨਕ ਆਇਆ।*
*ਹਿੰਦੂ ਮੁਸਲਮਾਣਿ ਨਿਵਾਇਆ।*

*ਭਾਈ ਗੁਰਦਾਸ ਜੀ, ਵਾਰ ੧/੩੭*

*ਧਾਰਨਾ - ਵਾਹਵਾ-ਵਾਹਵਾ ਬਈ ਕਲਜੁਗ ਤਾਰਨੇ ਨੂੰ।*
*ਸਤਿਗੁਰ ਨਾਨਕ ਜਗ ਵਿਚ ਆਇਆ।*

ਸੋ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਸ਼ਬਦ ਸੁਰਤਿ ਦਾ ਨਾਮ ਮਾਰਗ ਪ੍ਰਚਲਤ ਕੀਤਾ। ਗ੍ਰਿਹਸਤ ਵਿਚ ਰਹਿੰਦੇ ਹੋਏ, ਕਾਰੋਬਾਰ ਕਰਦੇ ਹੋਏ, ਨੇਕ ਨੀਤ ਹੋ ਕੇ, ਪ੍ਰਮੇਸ਼ਰ ਦੇ ਦਰ 'ਤੇ ਪਹੁੰਚਣ ਦੀ ਜਾਂਚ ਦੱਸੀ। ਜ਼ਿੰਦਗੀ ਨੂੰ ਸੁਖਾਲਾ ਕਰ ਦਿੱਤਾ, ਭਰਮਾਂ-ਭੁਲੇਖਿਆਂ ਵਿਚੋਂ ਕੱਢ ਦਿੱਤਾ। ਮਨੁੱਖ ਕਿਹੋ ਜਿਹਾ ਹੀ ਹੈ, ਜਿਹੋ ਜਿਹਾ ਵੀ ਹੈ, ਜੇ ਉਹਦਾ ਪ੍ਰਮੇਸ਼ਰ ਵਲ ਉਸ ਦਾ ਚਿੱਤ ਹੋ ਜਾਵੇ ਤਾਂ ਪ੍ਰਮੇਸ਼ਰ ਦੇ ਦਰ 'ਤੇ ਪ੍ਰਵਾਨ ਹੁੰਦਾ ਹੈ। ਸਾਨੂੰ ਰੂਪ-ਰੇਖਾਂ 'ਚੋਂ, ਭੇਖਾਂ 'ਚੋਂ ਕੱਢ ਦਿੱਤਾ, ਨਿਰਾਰਥਕ ਰਸਮਾਂ ਵਿਚੋਂ ਕੱਢ ਦਿੱਤਾ। ਜੇ ਜਨੇਊ ਨੂੰ ਦੇਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਕਹਿ ਦਿੱਤਾ ਕਿ ਇਹ ਜਨੇਊ ਸੱਚ ਦਾ ਨਹੀਂ ਹੈ। ਜਨੇਊ ਉਹ ਪਾਇਆ ਜਿਹੜਾ ਦਰਗਾਹ ਵਿਚ ਨਾਲ ਜਾਵੇ। ਮੱਥੇ 'ਤੇ ਚਿੰਨ੍ਹ ਉਹ ਲਾ, ਜਿਹੜਾ ਦਰਗਾਹ ਦੇ ਵਿਚ ਨਿਸ਼ਾਨ ਬਣ ਜਾਵੇ, ਉਹ ਨਾਮ ਦਾ ਹੈ। ਇਸੇ ਤਰ੍ਹਾਂ ਜੇ ਨਮਾਜ਼ ਪੜ੍ਹਨੀ ਹੈ ਤਾਂ ਚਿੱਤ ਨੂੰ ਇਕਾਗਰ ਕਰਕੇ ਹਰੀ ਦੀ ਹਜ਼ੂਰੀ ਵਿਚ ਪੜ੍ਹ। ਅੱਖਰ ਨਾ ਗਿਣ, ਅੱਖਰ ਗਿਣਨ ਤੋਂ ਹਟਾ ਦਿੱਤਾ, ਜਿੰਦ ਪਾ ਦਿੱਤੀ ਧਰਮ ਦੇ ਅੰਦਰ ਤੇ ਨਵੀਂ ਰੌ ਦੇ ਕੇ ਨਵੇਂ ਖਿਆਲ ਦੇ ਕੇ, ਨਰੋਏ ਮਨੁੱਖ ਪੈਦਾ ਕਰਕੇ ਉਹਨੂੰ ਖਾਲਸੇ ਦੀ ਪਦਵੀ ਦੇ ਦਿਤੀ। ਬ੍ਰਹਮਗਿਆਨੀ ਦੀ ਤੇ ਸੰਸਾਰ ਦੇ ਉਧਾਰ ਵਾਸਤੇ ਜੁਗੋ ਜੁਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਸਾਰ ਨੂੰ ਸੇਧ ਦੇ ਦਿਤੀ। ਹੁਣ ਅਸੀਂ ਲੋਕ ਹਾਂ ਸਾਡਾ ਫਰਜ਼ ਬਣ ਜਾਂਦਾ ਹੈ। ਅਸੀਂ ਆਪ ਕਿੰਨਾ ਬਾਣੀ ਦੇ ਉਤੇ ਚੱਲ ਕੇ ਕਮਾਈ ਕਰਦੇ ਹਾਂ। ਕਿੰਨਾ ਕੁ ਸਾਧਨ ਕਰਦੇ ਹਾਂ। ਪਹਿਲਾਂ ਆਪਣੇ ਆਪ ਨੂੰ ਸਮਝਾਵੋ -

*ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥*

*ਅੰਗ - ੩੧*

ਪਹਿਲਾਂ ਆਪਣੇ ਆਪ ਨੂੰ ਸ਼ੁੱਧ ਕਰੋ, ਫੇਰ ਕਿਸੇ ਨੂੰ ਕੋਈ ਗੱਲ ਕਹੋ। ਜੇ ਗੱਲ ਦੂਜੀ ਕਹੀ ਜਾਵੇ ਉਹਦਾ ਅਸਰ ਨਹੀਂ ਹੋਇਆ ਕਰਦਾ, ਅਸਰ ਉਸੇ ਗੱਲ ਦਾ ਹੁੰਦਾ ਹੈ, ਜੋ ਮਨੁੱਖ ਆਪ ਕਰਦਾ ਹੈ। ਗੁਰੂ ਨਾਨਕ ਨੇ ਨਿਰੰਕਾਰ ਦੀ ਆਵਾਜ਼ ਮਾਰੀ ਸੁੰਨ ਮੁੰਨ ਨਗਰੀ ਹੋ ਗਈ। ਅਸੀਂ ਜਿੰਨੀਆਂ ਜੀਅ ਕਰਦਾ ਹੈ ਮਾਰੀ ਜਾਈਏ, ਚਿੜੀ ਵੀ ਨਹੀਂ ਉਡਦੀ। ਸੋ ਫਰਕ ਹੈ ਸਾਡੀ ਕਮਾਈ ਦੇ ਵਿਚ। ਸੋ ਸਾਧਸੰਗਤ ਜੀ! ਗੁਰੂ ਨਾਨਕ ਨੂੰ ਪਛਾਣੋ।

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*ਅੰਗ - ੧੩੯੫*

ਹਾਜ਼ਰ ਨਾਜ਼ਰ ਨੇ ਉਨ੍ਹਾਂ ਦਾ ਧਿਆਨ ਕਰੋ, ਧਿਆਨ ਕਰਕੇ ਪ੍ਰਮੇਸ਼ਰ ਦਾ ਨਾਮ ਜਪੋ ਤੇ ਆਪਣਾ ਜੀਵਨ ਸਫਲਾ ਕਰੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ*

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਮੈਂ ਬੇਨਤੀ ਇਹ ਕਰਦਾ ਸੀ ਕਿ ਜਿਹੜੇ ਬੰਦਿਆਂ ਦਾ ਇਹ ਖਿਆਲ ਹੈ ਕਿ ਪੈਦਾ ਹੋਣ ਤੋਂ ਪਹਿਲਾਂ ਅਸੀਂ ਹੈ ਨਹੀਂ ਸੀ, ਮਰਨ ਤੋਂ ਬਾਅਦ ਹੋਣਾ ਨਹੀਂ। ਭਾਈ! ਗੁਰੂ ਦਸ਼ਮੇਸ਼ ਪਿਤਾ ਦਾ ਲਿਖਿਆ ਹੋਇਆ ਹੀ ਪੜ੍ਹ ਲਓ ਕਿ ਅਸੀਂ ਆਏ ਸੀਗੇ ਆਹ ਕੰਮ ਕਰਨ ਵਾਸਤੇ, ਇਹ ਕੰਮ ਕਰਕੇ ਅਸੀਂ ਚਲੇ ਜਾਵਾਂਗੇ। ਜੇ ਭਲਾ ਮਰਨ ਤੋਂ ਬਾਅਦ ਆਦਮੀ ਖਤਮ ਹੋ ਜਾਂਦਾ ਹੈ, ਫੇਰ ਅਰਦਾਸ ਕਿਹੜੇ ਕੰਮ ਦੀ ਕਰਦੇ ਹਾਂ? ਮਦਦ ਕਿਹੜੀ ਗੱਲ ਦੀ ਮੰਗਦੇ ਹਾਂ? ਸੋ ਇਹ ਗੱਲ ਸਾਨੂੰ ਸਮਝਣੀ ਚਾਹੀਦੀ ਹੈ। ਸਾਧਸੰਗਤ ਜੀ! ਮੈਂ ਜੋ ਬੇਨਤੀ ਕਰਨੀ ਹੈ ਉਹ ਇਹ ਹੈ ਕਿ ਆਪਣਾ ਪਿਛੋਕੜ ਦੇਖੋ ਕਿ ਆਪਾਂ ਕਿਥੋਂ ਆਏ ਹਾਂ। ਮਹਾਰਾਜ ਕਹਿੰਦੇ ਤੂੰ ਦੇਖ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥* *ਅੰਗ – ੯੯੯*

ਅਜੇ ਇਹ ਪਤਾ ਨਹੀਂ ਲੱਗਿਆ ਕਿ ਮੈਂ ਕਦੋਂ ਦਾ ਚਲਦਾ ਹਾਂ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਗੱਲ ਦਸਦੇ ਨੇ ਕਿ ਦੇਖ ਤੂੰ ਕਦੋਂ ਦਾ ਚਲਦਾ ਹੈਂ, ਦੱਸੀਏ ਅਸੀਂ ਤੈਨੂੰ। ਕਹਿੰਦੇ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥* *ਅੰਗ – ੬੩੧*

ਥੋੜ੍ਹਾ ਸਮਾਂ ਨਹੀਂ, ਚਾਰ ਜੁਗਾਂ ਦੀ ਗਿਣਤੀ ਜੇ ਦਸ ਜਾਂਦੇ ਤਾਂ ਅਸੀਂ ਕਹਿੰਦੇ ਕਿ 43 ਲੱਖ 20 ਹਜ਼ਾਰ ਸਾਲ ਤੋਂ ਅਸੀਂ ਸੰਸਾਰ 'ਤੇ ਚਲ ਰਹੇ ਹਾਂ। ਮਹਾਰਾਜ ਜੀ ਕਹਿੰਦੇ ਨੇ – ਬਹੁਤੇ ਜੁਗ, ਸੈਂਕੜੇ ਜੁਗ, ਹਜ਼ਾਰਾਂ ਜੁਗ। ਜੇ ਹਜ਼ਾਰ ਕਹਿ ਦੇਣ ਮਹਾਰਾਜ, ਹਜ਼ਾਰ ਕਹਿਣ ਦੇ ਨਾਲ ਚਾਰ ਅਰਬ 32 ਕਰੋੜ ਸਾਲ ਹੁੰਦਾ ਹੈ। ਇਹ ਵੀ ਗਿਣਤੀ ਨਹੀਂ ਉਨ੍ਹਾਂ ਨੇ ਦਿਤੀ। ਜੇ ਪੁੱਛਿਆ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕਿ ਸੱਚੇ ਪਾਤਸ਼ਾਹ! ਐਂ ਤਾਂ ਦਸ ਦਿਓ ਕਿ ਸੰਸਾਰ ਦੀ ਕਿੰਨਾ ਕੁ ਚਿਰ ਦੀ ਉਮਰ ਹੈ, ਜੀਵ ਕਦ ਕੁ ਦਾ ਹੋਇਆ ਹੈ? ਮਹਾਰਾਜ ਜੀ ਕਹਿੰਦੇ ਇਹ ਨਹੀਂ ਕੋਈ ਜਾਣਦਾ –

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥*
*ਅੰਗ – ੪*

ਇਹ ਕੋਈ ਗਿਣਤੀ-ਮਿਣਤੀ ਨਹੀਂ ਕਿਉਂਕਿ ਉਸ ਵੇਲੇ ਸਮਾਂ ਨਹੀਂ ਸੀ ਬਣਿਆ। ਸੂਰਜ ਤਾਂ ਬਾਅਦ ਵਿਚ ਬਣਿਆ ਹੈ, ਚੰਦਰਮਾ ਬਾਅਦ ਵਿਚ ਬਣਿਆ, ਤਾਰੇ ਬਾਅਦ ਵਿਚ ਬਣੇ ਨੇ, ਕਾਲ ਬਾਅਦ ਵਿਚ ਬਣਿਆ। ਇਹ ਕੋਈ ਕਹਿ ਨਹੀਂ ਸਕਦਾ, ਇਹ ਤਾਂ ਅਕਾਲ ਪੁਰਖ ਆਪੇ ਹੀ ਜਾਣਦਾ ਹੈ। ਨਾ ਕੋਈ ਜਾਣਦਾ ਹੈ ਕਿ ਕਿੰਨੀਆਂ ਦੁਨੀਆਂ ਹਨ? ਕਿੰਨੇ ਅਕਾਸ਼ ਹਨ? ਕਿੰਨੇ ਪਤਾਲ ਹਨ? ਉਹ ਜਿਹੜਾ ਮਾਲਕ ਹੈ ਉਹਦੇ ਪ੍ਰਬੰਧ ਹੇਠ ਸਾਧਸੰਗਤ ਜੀ ਆਪਾਂ ਤੁਰੇ ਫਿਰਦੇ ਹਾਂ, ਤੁਰੇ ਫਿਰਦਿਆਂ ਨੂੰ ਕਿੰਨਾਂ ਚਿਰ ਹੋ ਗਿਆ ਤੇ ਕਿਹੋ ਜਿਹੇ ਸਰੀਰ ਧਾਰਨ ਕੀਤੇ ਨੇ। ਜੇ ਆਪਾਂ ਨੂੰ ਨਹੀਂ ਪਤਾ ਤਾਂ ਮਹਾਰਾਜ ਜੀ ਤੋਂ ਪੁੱਛ ਲਓ। ਮਹਾਰਾਜ ਕਹਿੰਦੇ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥* *ਅੰਗ– ੧੭੬*

ਕੀੜੇ ਮਕੌੜੇ ਬਣਦੇ ਰਹੇ ਹਾਂ। ਐਥੇ ਕੀੜਿਆਂ ਨੂੰ ਦੇਖਿਆ ਕਰੋ ਕਿ ਐਹੋ ਜਿਹਾ ਮੈਂ ਵੀ ਬਣਿਆ ਸੀ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਬੈਠੇ ਸੀ, ਵਿਸ਼ਿਸ਼ਟ ਜੀ ਬੈਠੇ ਸੀ, ਸਾਰੇ ਰਿਸ਼ੀ-ਮੁਨੀ ਬੈਠੇ ਸੀ। ਐਸੇ ਤਰ੍ਹਾਂ ਦਾ ਸਤਿਸੰਗ ਲੱਗਿਆ ਹੋਇਆ ਸੀ। ਵਿਸ਼ਿਸ਼ਟ ਜੀ ਕਥਾ ਕਰ ਰਹੇ ਸਨ। ਅਚਾਨਕ ਸ੍ਰੀ ਰਾਮ ਚੰਦਰ ਜੀ ਦੀ ਨਿਗ੍ਹਾ ਇਕ ਕੀੜੇ 'ਤੇ ਪੈ ਗਈ। ਕੀੜੇ ਨੂੰ ਦੇਖ ਆਪ ਤਾੜੀ ਮਾਰ ਕੇ ਉਚੀ-ਉਚੀ ਹੱਸਣ

ਲਗ ਗਏ। ਸਾਰੀ ਸਭਾ ਦਾ ਧਿਆਨ ਓਧਰ ਹੋ ਗਿਆ। ਵਿਸ਼ਿਸ਼ਟ ਜੀ ਨੇ ਕਥਾ ਬੰਦ ਕਰ ਦਿਤੀ। ਕਹਿਣ ਲੱਗੇ, ''ਹੇ ਰਾਮ ਜੀ! ਆਪ ਐਨੇ ਜ਼ੋਰ ਦੀ ਕਿਉਂ ਹੱਸੇ ਓਂ? ਕੋਈ ਮੇਰੇ ਤੋਂ ਗਲਤੀ ਹੋ ਗਈ ਜਾਂ ਸਿਧਾਂਤ 'ਚ ਕੋਈ ਗਲਤੀ ਹੋ ਗਈ?'' ਕਹਿੰਦੇ, ਨਹੀਂ ਗੁਰੂਦੇਵ! ਮੈਂ ਤਾਂ ਇਕ ਕੀੜੇ ਨੂੰ ਦੇਖ ਕੇ ਹੱਸਿਆ ਹਾਂ। ਕਹਿੰਦੇ, ਕੀੜੇ ਨੂੰ ਦੇਖ ਕੇ ਹੱਸਣ ਦਾ ਕਾਰਨ? ਕਹਿੰਦੇ, ਤੁਸੀਂ ਦੇਖ ਲਓ। ਜਦ ਵਿਸ਼ਿਸ਼ਟ ਜੀ ਨੇ ਦੇਖਿਆ, ਕੀ ਦੇਖਦੇ ਨੇ, ਕੀੜੇ ਦੀਆਂ ਮੂਹਰਲੀਆਂ ਦੋ ਲੱਤਾਂ ਹੈਗੀਆਂ, ਪਿਛਲੀਆਂ ਹੈ ਨਹੀਂ, ਉਹ ਕੰਧ 'ਤੇ ਚੜ੍ਹਦਾ ਹੈ ਤੇ ਥੋੜ੍ਹਾ ਜਿਹਾ ਚੜ੍ਹ ਕੇ ਫੇਰ ਗਿਰ ਜਾਂਦਾ ਹੈ। ਫੇਰ ਚੜ੍ਹਦਾ ਹੈ ਫੇਰ ਗਿਰ ਜਾਂਦਾ ਹੈ। ਕਹਿਣ ਲੱਗੇ, ''ਮਹਾਰਾਜ! ਇਹਦੇ 'ਚ ਹੱਸਣ ਦੀ ਤਾਂ ਕੋਈ ਗੱਲ ਨਹੀਂ ਹੈ, ਇਹ ਤਾਂ ਕੁਦਰਤੀ ਹੈ ਕਿ ਕੀੜੇ ਦੀਆਂ ਦੋ ਲੱਤਾਂ ਨਹੀਂ ਹਨ ਤੇ ਇਹ ਗਿਰਦਾ ਹੈ। ਅਸਲੀ ਕਾਰਨ ਦੱਸੋ ਤੇ ਸਾਨੂੰ ਨਿਗ੍ਹਾ ਦੇਵੋ ਤਾਂ ਕਿ ਜਿਹੜੀ ਗੱਲ ਤੁਸੀਂ ਦੱਸ ਰਹੇ ਓਂ, ਅਸੀਂ ਆਪਣੀਆਂ ਅੱਖਾਂ ਨਾਲ ਵੀ ਦੇਖ ਕੇ ਨਿਰਣਾ ਕਰ ਲਈਏ। ਓਸ ਵੇਲੇ ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ, ''ਦੇਖੋ! ਵਿਸ਼ਿਸ਼ਟ ਜੀ! ਆਹ ਕੀੜਾ ਜਿਹੜਾ ਹੈ ਨਾ, ਅੱਜ ਤੋਂ ਪਹਿਲਾਂ 14 ਵਾਰੀ ਇੰਦਰ ਦੇ ਤਖਤ 'ਤੇ ਇੰਦਰ ਬਣ ਚੁੱਕਿਆ ਹੈ ਤੇ ਫੇਰ ਪਦਵੀ ਇਹਦੀ ਗਿਰ ਜਾਂਦੀ ਹੈ, ਮੁੜ ਕੇ ਚਉਰਾਸੀ ਦੇ ਚੱਕਰ 'ਚ ਫੇਰ ਪੈ ਜਾਂਦਾ ਹੈ। ਸੋ ਇਹ ਇਕ ਮਿਸਾਲ ਦੇ ਨਾਲ ਸਾਨੂੰ ਪਤਾ ਲਗਦਾ ਹੈ ਕਿ ਅਸੀਂ ਖਬਰੇ ਕਿੰਨੇ ਕੁ ਗੇੜੇ ਖਾ ਚੁੱਕੇ ਹਾਂ। ਜਦੋਂ ਸਾਡੀ ਵਾਰੀ ਮਨੁੱਖ ਬਣਨ ਦੀ ਆਉਂਦੀ ਹੈ, ਫੇਰ ਕੀ ਹੁੰਦਾ ਹੈ? ਸਾਡੇ ਉਤੇ ਮਾਇਆ ਪੈਂਦੀ ਹੈ। ਸਾਡੇ ਅੰਦਰ ਮਾੜੇ ਭਾਵ ਜਾਗਦੇ ਹਨ - ਵੈਰ ਦੇ, ਵਿਰੋਧ ਦੇ, ਕਾਮ ਦੇ, ਕ੍ਰੋਧ ਦੇ, ਲੋਭ ਦੇ। ਮਹਾਰਾਜ ਜੀ ਕਹਿੰਦੇ ਫੇਰ ਕੀ ਹੁੰਦਾ ਹੈ? ਆਹ ਥੋੜ੍ਹੇ ਜਿਹੇ ਸਮੇਂ 'ਚ ਇਹਦੇ ਵਿਚ ਹੀ ਤੁਹਾਡਾ ਸਮਾਂ ਮੁਕ ਜਾਂਦਾ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੭*

ਫੇਰ ਚੱਕਰ 'ਚ ਪੈ ਜਾਂਦੇ ਹਾਂ। ਮਹਾਰਾਜ ਕਹਿੰਦੇ, ਫੇਰ ਕੀ ਹੁੰਦਾ ਹੈ?

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਅੰਗ - ੧੫੬*

24 ਲੱਖ ਕਿਸਮ ਦੇ ਆਹ ਜਿਹੜੇ ਦਰਖ਼ਤ ਨੇ ਨਾ, ਆਪਾਂ ਤਾਂ ਸੌ-ਦੋ-ਸੌ ਦਰਖਤ ਨੂੰ ਜਾਣਦੇ ਹਾਂ, ਫਸਲਾਂ ਨੂੰ ਜਾਣਦੇ ਹਾਂ, ਸਿਆਣਿਆਂ ਨੇ ਇਹ ਗੱਲ ਕੱਢ ਦਿਤੀ ਕਿ 24 ਲੱਖ ਕਿਸਮ ਦੇ ਦਰਖਤ ਜੜ੍ਹੀਆਂ-ਬੂਟੀਆਂ ਨੇ ਜਿਹਦੇ ਵਿਚੋਂ ਜੀਵ ਆਤਮਾ ਘੁੰਮ ਕੇ ਆਉਂਦੀ ਹੈ। ਚਾਰ ਲੱਖ ਕਿਸਮ ਦੇ ਪਸ਼ੂ ਨੇ -

*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

ਸਾਢੇ ਸੱਤ ਲੱਖ ਕਿਸਮ ਦੇ ਜੀਵ ਜੰਤੂ ਉਹ ਨੇ ਜਿਨ੍ਹਾਂ ਦੀਆਂ ਲੱਤਾਂ ਨਹੀਂ ਹਨ, ਪੇਟ ਦੇ ਭਾਰ ਤੁਰਦੇ ਨੇ - ਗੰਡ-ਗੰਡੋਲੇ, ਸੱਪ ਆਦਿ। ਸਾਢੇ ਸੱਤ ਲੱਖ ਕਿਸਮ ਦੇ ਪੰਛੀ ਨੇ ਜਿਹੜੇ ਫੰਗਾਂ ਨਾਲ ਉਡਦੇ ਨੇ। ਬਾਕੀ ਜਿਹੜੇ ਨੇ ਕੁਛ ਪਾਣੀ 'ਚ ਰਹਿੰਦੇ ਨੇ। ਕੁਛ ਬਾਹਰ ਵੀ ਰਹਿੰਦੇ ਨੇ ਤੇ ਪਾਣੀ 'ਚ ਰਹਿਣ ਵਾਲਿਆਂ ਦੀ 42 ਲੱਖ ਦੀ ਗਿਣਤੀ ਹੈ। ਅੱਧੀ ਦੁਨੀਆਂ ਸਮੁੰਦਰ 'ਚ ਰਹਿੰਦੀ ਹੈ, ਅੱਧੀ ਦੁਨੀਆਂ ਆਪਾਂ ਬਾਹਰ ਫਿਰਦੇ ਹਾਂ। ਇਨ੍ਹਾਂ ਸਾਰਿਆਂ ਦੇ ਵਿਚੋਂ ਮਹਾਰਾਜ ਜੀ ਕਹਿੰਦੇ ਜਦੋਂ ਲੰਘ ਕੇ ਆਉਂਦਾ ਹੈ ਨਾ ਜੀਵ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- ੧੭੬*

ਹਾਥੀ ਬਣ ਗਿਆ, ਮੱਛੀਆਂ ਬਣ ਗਿਆ, ਹਰਨ ਬਣ ਗਿਆ। ਕਿੰਨੀ ਵਾਰੀ ਬਲਦ ਬਣ ਗਿਆ, ਕਿੰਨੀ ਵਾਰੀ ਘੋੜਾ ਬਣ ਗਿਆ। ਕਹਿੰਦੇ ਪੱਥਰ ਬਣ ਕੇ ਵੀ ਸੁੱਤਾ ਰਿਹਾ ਹੈਂ। ਹੁਣ ਕੀ ਹੈ? ਕਹਿੰਦੇ ਤੇਰੀ ਵਾਰੀ ਆ ਗਈ - ਪ੍ਰਭੂ ਨੂੰ ਮਿਲਣ ਦੀ। ਤੂੰ ਮਿਲ ਹੁਣ - ***'ਚਿਰੰਕਾਲ ਇਹ ਦੇਹ ਸੰਜਰੀਆ ॥'***

ਹੁਣ ਜਿਹੜਾ ਤਾਂ ਹੈਗਾ ਸੰਜੀਦਾ ਬੰਦਾ, ਜਿਹਨੂੰ ਤਾਂ ਵਾਹਿਗੁਰੂ ਨੇ ਅਕਲ ਦਿਤੀ ਹੈ, ਵਿਚਾਰ ਦਿਤੀ ਹੈ, ਉਹ ਤਾਂ ਬਚਨ ਸੁਣ ਕੇ ਇਕ ਦਮ ਰੁਕ ਜਾਏਗਾ ਕਿ ਹੈਂ! ਮੈਂ ਕੁੱਤੇ-ਬਿੱਲੇ ਬਣ ਕੇ ਮਨੁੱਖ ਬਣਿਆਂ ਤੇ ਮੇਰਾ ਜਨਮ ਲੰਘ ਜਾਏਗਾ, ਫੇਰ ਮੈਂ ਕੀ ਕਰਾਂਗਾ, ਫੇਰ ਮੇਰੇ ਨਾਲ ਬਣੇਗਾ ਕੀ? ਕੋਈ ਮੈਨੂੰ ਦਸ ਸਕਦਾ ਹੈ?

ਭਗਤ ਤ੍ਰਿਲੋਚਨ ਜੀ ਨੂੰ ਪੁੱਛਿਆ ਕਿ ਮਹਾਰਾਜ! ਜੇ ਸਾਡੇ ਤੋਂ ਮਾਨਸ ਜਨਮ 'ਚ ਨਾ ਕੁਛ ਕਰ

ਹੋਇਆ, ਫੇਰ ਸਾਡਾ ਕੀ ਬਣੇਗਾ? ਉਹ ਕਹਿੰਦੇ, ਜਿਹੋ ਜਿਹੀ ਵਾਸ਼ਨਾ ਹੋਏਗੀ, ਉਹੋ ਜਿਹਾ ਸਰੀਰ ਧਾਰਨ ਹੋਣਾ ਹੈ। ਕਹਿੰਦੇ ਕ੍ਰਿਪਾ ਕਰਕੇ ਕੁਛ ਖੋਲ੍ਹ ਕੇ ਦੱਸੋ? ਕਹਿਣ ਲੱਗੇ, "ਦੇਖੋ! ਆਦਮੀ ਸਾਰੀ ਜ਼ਿੰਦਗੀ ਪੈਸੇ ਨਾਲ ਵਾਹ ਪਾ ਕੇ ਰੱਖਦਾ ਹੈ। ਪੈਸਾ-ਪੈਸਾ-ਪੈਸਾ-ਪੈਸਾ ਹਰ ਵਕਤ ਹੁੰਦਾ ਹੈ। ਉਹਦੀ ਬਿਰਤੀ ਜੇ ਪੈਸੇ ਵਿਚ ਰਹਿ ਗਈ ਨਾ, ਤਾਂ ਉਹਨੇ ਮਰਨ ਤੋਂ ਬਾਦ ਮਨੁੱਖ ਨਹੀਂ ਬਣਨਾ, ਉਹ ਸਿੱਧਾ ਹੀ ਸੱਪ ਬਣੇਗਾ -

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਅੰਗ - ੫੨੬*

ਫੇਰ ਜੇ ਇਸਤ੍ਰੀ ਦਾ ਧਿਆਨ ਧਰਦਾ-ਧਰਦਾ ਮਰ ਗਿਆ, ਕੰਜਰਾਂ ਦੇ ਘਰ ਜਾ ਕੇ ਜਨਮ ਲੈ ਲਏਗਾ। ਜੇ ਬੱਚਿਆਂ ਦਾ ਧਿਆਨ ਹੋਇਆ ਕਿ ਮੇਰੇ ਔਲਾਦ ਨਹੀਂ ਹੋਈ, ਮੇਰੇ ਔਲਾਦ ਨਹੀਂ ਹੋਈ ਤੇ ਆਹ ਮੇਰੀ ਜਾਇਦਾਦ ਸਰੀਕ ਸਾਂਭਦੇ ਨੇ, ਉਹ ਤਾਂ ਮੈਨੂੰ ਘੂਰਦੇ ਵੀ ਰਹੇ ਨੇ, ਗਾਲ੍ਹਾਂ ਵੀ ਕੱਢਦੇ ਰਹੇ ਨੇ। ਪ੍ਰਮੇਸ਼ਰ ਦੇ ਨਾਉਂ ਨਹੀਂ ਲਵਾਉਣੀ ਜਾਂ ਕੋਈ ਅਦਾਰਾ, ਸਕੂਲ ਬਣਾ ਦੇਵੇ, ਕੋਈ ਹਸਪਤਾਲ ਬਣਾ ਦੇਵੇ, ਕਿਸੇ ਸਭਾ, ਸੁਸਾਇਟੀ ਨੂੰ ਦੇ ਦੇਵੇ; ਨਾ! ਆਖਰੀ ਦਮ ਤੱਕ ਉਵੇਂ ਜਿਵੇਂ ਕਰਦਾ ਹੈ। ਜਦ ਮਰਨ ਲਗਦਾ ਹੈ, ਫੇਰ ਧਿਆਨ ਆਉਂਦਾ ਹੈ ਕਿ ਜਿਹੜੇ ਮੈਨੂੰ ਗਾਲ੍ਹਾਂ ਕੱਢਦੇ ਰਹੇ ਨੇ, ਮੈਨੂੰ ਧੱਕੇ ਵੀ ਦਿੰਦੇ ਰਹੇ ਨੇ, ਆਹ ਤਾਂ ਮੇਰੀ ਜਾਇਦਾਦ ਉਨ੍ਹਾਂ ਕੋਲ ਜਾਊ। ਮਰਨ ਤੋਂ ਬਾਦ ਕੀ ਹੁੰਦਾ ਹੈ? ਮਹਾਰਾਜ ਜੀ ਕਹਿੰਦੇ ਨੇ -

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਪ੍ਰੇਤ ਬਣ ਜਾਂਦਾ ਹੈ, ਭੂਤ ਬਣ ਜਾਂਦਾ ਹੈ -

ਇਕ ਐਸੀਓ ਮਿਸਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ, ਹੁਣ ਤਾਂ ਲੋਕ ਭੁੱਲਦੇ ਜਾਂਦੇ, ਬਹੁਤ ਵੱਡੇ ਮਹਾਂਪੁਰਸ਼ ਸੀਗੇ ਉਹ, ਕਰਨੀ ਤੇ ਕਮਾਈ ਵਾਲੇ ਸੀ, ਉਹ ਲਿਖਦੇ ਹਨ ਕਿ ਇਕ ਮਹਾਤਮਾ ਹਜ਼ੂਰ ਸਾਹਿਬ ਨੂੰ ਮੰਡਲੀ ਲੈ ਕੇ ਜਾ ਰਹੇ ਸੀ। ਜਾਂਦੇ-ਜਾਂਦੇ ਸਾਰੀ ਮੰਡਲੀ ਦੇ ਸਮੇਤ ਜੈਪੁਰ ਚਲੇ ਗਏ। ਜੈਪੁਰ ਜਦ ਗਏ ਤਾਂ ਸ਼ਹਿਰ ਦੇ ਬਾਹਰ ਨਾਸਤਕ ਬੁੱਧੀ ਵਾਲੇ ਬੱਚੇ ਬੈਠੇ ਸੀ ਕਿਉਂਕਿ ਆਸਤਕ ਬੁੱਧੀ ਵਾਲੇ ਬੱਚਿਆਂ ਦੀਆਂ ਹੋਰ ਨਿਸ਼ਾਨੀਆਂ ਹੁੰਦੀਆਂ ਹਨ। ਨਾਸਤਕ ਬੁੱਧੀ ਵਾਲੇ ਬੱਚਿਆਂ ਦੇ ਅੰਦਰ ਤਰਕ ਹੁੰਦੀ ਹੈ। ਮਹਾਂਪੁਰਸ਼ਾਂ ਨੂੰ ਦੇਖ ਕੇ ਤਰਕ ਕਰਦੇ ਹਨ। ਦੂਜੇ ਨੇ ਜਿਹੜੇ, ਉਹ ਜੀ ਆਇਆਂ ਕਹਿੰਦੇ ਹਨ। ਜੀ ਆਇਆਂ ਕਹਿਣ ਦੇ ਨਾਲ ਕੀ ਹੁੰਦਾ ਹੈ।

*ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥*
*ਅੰਗ - ੧੩੨੮*

ਜੇ ਕੋਈ ਸਾਧੂਆਂ ਨੂੰ, ਗੁਰਮੁਖਾਂ ਨੂੰ, ਗੁਰਸਿੱਖਾਂ ਨੂੰ ਹੱਥ ਜੋੜ ਕੇ ਫਤਹਿ ਬੁਲਾ ਦੇਵੇ, ਉਹਦਾ ਫਲ ਕੀ ਹੁੰਦਾ ਹੈ? ਉਹ ਇਹ ਹੁੰਦਾ ਹੈ ਕਿ ਉਹਨੂੰ ਜਮਦੂਤ ਲੈਣ ਨਹੀਂ ਆਉਣਗੇ ਕਿਉਂਕਿ ਉਹਨੇ ਐਨਾ ਵੱਡਾ ਪੁੰਨ ਕਰ ਦਿਤਾ। ਸ੍ਰੀ ਗੁਰੂ ਨਾਨਕ ਸਾਹਿਬ ਦਾ ਰਾਜ ਹੈ, ਐਸ ਵੇਲੇ ਸਾਰੇ ਬ੍ਰਹਿਮੰਡਾਂ 'ਚ। ਜਿਹਦਾ ਰਾਜ ਹੈ ਉਹਦਾ ਕਾਨੂੰਨ ਚਲਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਇਹ ਕਹਿੰਦੇ ਨੇ ਕਿ ਜਿਹੜਾ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਸਤਿਕਾਰ ਦੇ ਨਾਲ ਬਿਠਾਉਂਦਾ ਹੈ - ਆਓ ਜੀ ਬੈਠੋ, ਉਹਦਾ ਫਲ ਕਿੰਨਾ ਹੁੰਦਾ ਹੈ? ਉਨ੍ਹਾਂ ਨੂੰ ਜਮਾਂ ਦੀ ਤਲਬ ਨਹੀਂ ਹੁੰਦੀ, ਜਮਦੂਤ ਨਹੀਂ ਆਇਆ ਕਰਦੇ ਉਨ੍ਹਾਂ ਦੇ ਨੇੜੇ, ਜੇ ਕੋਈ ਜੀ, ਕੇਵਲ 'ਜੀ' ਕਹਿ ਕੇ ਬੁਲਾ ਦੇਵੇ।

ਇਕ ਭਗਤ ਹੋਏ ਨੇ ਜਿਨ੍ਹਾਂ ਦਾ ਨਾਮ ਜੱਲ੍ਹਣ ਜੀ ਸੀ - ਗੁਰੂ ਛੇਵੇਂ ਪਾਤਸ਼ਾਹ ਵੇਲੇ। ਲਾਹੌਰ ਰਿਹਾ ਕਰਦੇ ਸੀ ਤੇ ਗੁਰੂ ਮਹਾਰਾਜ ਜਿਸ ਵਕਤ ਬਾਬਾ ਬੁੱਢਾ ਜੀ ਦੇ ਪਾਸ ਜਾਂਦੇ ਨੇ ਤੇ ਉਹ ਸਰੀਰ ਛੱਡਣ ਨੂੰ ਤਿਆਰ ਹੋ ਰਹੇ ਨੇ। ਉਸ ਵੇਲੇ ਜਾਂਦੇ-ਜਾਂਦੇ ਭਗਤ ਜੱਲ੍ਹਣ ਜੀ ਆ ਗਏ, ਆ ਕੇ ਮਹਾਰਾਜ ਜੀ ਦੇ ਦਰਸ਼ਨ ਕਰੇ। ਮਹਾਰਾਜ ਜੀ ਨੇ ਸਹਿਜ-ਸੁਭਾਅ ਇਕ ਬਚਨ ਕਹਿ ਦਿਤਾ, ਕਹਿੰਦੇ ਸੰਤ ਜੀ! ਤੁਸੀਂ ਤਾਂ ਬੜੇ ਅਨੰਦ 'ਚ ਰਹਿਨੇ ਓਂ, ਤੁਸੀਂ ਤਾਂ ਆਪ ਹੀ ਮਹਾਂ ਅਨੰਦ ਦੇ ਮਾਲਕ ਓਂ। ਮਹਾਰਾਜ ਜੀ ਕਹਿਣ ਲੱਗੇ, "ਪਰ ਆਹ ਮੁਗਲ ਸਾਡਾ ਖਹਿੜਾ ਨਹੀਂ ਛੱਡਦੇ, ਮਗਰ ਫੌਜਾਂ ਲਈਂ ਫਿਰਦੇ ਰਹਿੰਦੇ ਹਨ।" ਤਾਂ ਉਸ ਵੇਲੇ ਜੱਲ੍ਹਣ ਜੀ ਕਹਿਣ ਲੱਗੇ, "ਮਹਾਰਾਜ ਜੀ! ਤੁਸੀਂ ਪਾਵੇ ਨਾਲ ਕੁੱਤੀ ਬੰਨ੍ਹ ਲਈ। ਕੁੱਤੇ ਆਈ ਜਾਂਦੇ ਨੇ। ਮਾਇਆ ਰੂਪ ਕੁੱਤੀ ਬੰਨ੍ਹ ਲਈ ਤੁਸੀਂ, ਪਰਵਿਰਤੀ ਕਰ ਲਈ। ਮੈਂ ਨਰਵਿਰਤੀ ਵਿਚ ਹਾਂ ਇਸ ਕਰਕੇ ਸਾਨੂੰ ਕੋਈ ਕੁਛ ਕਹਿੰਦਾ ਨਹੀਂ।" ਮਹਾਰਾਜ ਜੀ ਕਹਿੰਦੇ, "ਉਹ ਤਾਂ ਕੋਈ ਗੱਲ ਨਹੀਂ, ਹੁਣ ਤਾਂ ਬੰਨ੍ਹ ਲਈ, ਜਿਹੜਾ ਕੁੱਤਾ

ਨੇੜੇ ਆਊ, ਓਹਦਾ ਸਿਰ ਹੀ ਭੰਨਾਂਗੇ। ਉਹ ਜਿਹੜਾ ਸੰਤ ਸੀ ਉਹਦੇ ਮਨ 'ਚ ਇਕ ਵਾਰੀ ਖਿਆਲ ਆਇਆ ਕਿ ਮੇਰੀ ਮਾਨਤਾ ਵਧ ਗਈ ਬਹੁਤੀ ਤੇ ਹੋਵੇ ਨਾ, ਮੈਂ ਐਹੋ ਜਿਹੇ ਥਾਂ ਚਲਿਆ ਜਾਵਾਂ ਜਿਥੇ ਕੋਈ ਮੈਨੂੰ ਜਾਣਦਾ ਨਾ ਹੋਵੇ।

*ਬੁੱਲ੍ਹਿਆ ਉਥੇ ਵਸੀਏ ਜਿਥੇ ਸਾਰੇ ਈ ਅੰਨ੍ਹੇ।*
*ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।*

ਉਥੇ ਜਾ ਕੇ ਮਜ਼ਦੂਰੀ ਕਰਨ ਲੱਗ ਗਏ ਤੇ ਆਪਣੇ ਨਾਉਂ ਰੱਖ ਦਿਤਾ। "ਜੱਲ੍ਹਣ ਜੀ।" ਉਥੇ ਮਜ਼ਦੂਰਾਂ ਦੀ ਤਨਖਾਹ ਦੇਣ ਵਾਲਾ ਬਾਬੂ ਬੜਾ ਜ਼ਾਲਮ ਸੀ, ਮਜ਼ਦੂਰੀ ਖਾ ਜਾਂਦਾ ਸੀ, ਪੂਰੇ ਪੈਸੇ ਨਹੀਂ ਸੀ ਦਿੰਦਾ। ਦੋ ਮਹੀਨੇ ਤੋਂ ਬਾਅਦ, ਆਪ ਸਿਮਰਨ ਕਰ ਰਹੇ ਸੀ ਤੇ ਆਪ ਦੀ ਸੁਰਤੀ ਦੁਨੀਆਂ ਨੂੰ ਛੱਡ ਕੇ ਜਦੋਂ ਧਰਮ ਖੰਡ 'ਚ ਗਈ, ਉਥੇ ਰੁਕ ਗਏ ਕਿਉਂਕਿ ਕੰਨਾਂ ਵਿਚ ਆਵਾਜ਼ ਆ ਰਹੀ ਸੀ 'ਮਾਰਤਾ ਓਏ, ਦੁਹਾਈ ਓਏ, ਮੈਨੂੰ ਛੁਡਾ ਦਿਓ ਕੋਈ।" ਉਹ ਬਹੁਤ ਭਿਆਨਕ ਅਵਾਜ਼ ਸੀ - ਦਰਦਨਾਕ। ਜੱਲ੍ਹਣ ਜੀ ਸੂਖਸ਼ਮ ਸਰੀਰ ਦੇ ਨਾਲ ਉਸ ਥਾਂ 'ਤੇ ਪਹੁੰਚ ਜਾਂਦੇ ਨੇ। ਜਾ ਕੇ ਕੀ ਦੇਖਦੇ ਨੇ ਕਿ ਕਿਸੇ ਨੂੰ ਕੁੱਟਿਆ ਜਾ ਰਿਹਾ ਹੈ। ਕਹਿਣ ਲੱਗੇ, "ਤੁਸੀਂ ਕੌਣ ਓਂ ਭਾਈ! ਕਿਉਂ ਕੁੱਟਦੇ ਓਂ?" ਕਹਿੰਦੇ, ਬਾਬਾ ਜੀ! ਅਸੀਂ ਜਮਦੂਤ ਹਾਂ, ਇਹਦੀ ਰੂਹ ਨੂੰ ਲੈ ਕੇ ਜਾ ਰਹੇ ਹਾਂ, ਤੁਹਾਡਾ ਮੁਨਸ਼ੀ ਹੈ ਜਿਹੜਾ ਤੁਹਾਡੇ ਵੀ ਪੈਸੇ ਖਾ ਜਾਂਦਾ ਸੀ। ਕਹਿੰਦੇ ਪ੍ਰੇਮੀਆਂ! ਇਹਨੂੰ ਨਾ ਮਾਰੋ। ਕਹਿੰਦੇ ਕਿਉਂ? ਆਪ ਨੇ ਕਿਹਾ, "ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਸੁਣਿਆ ਨਹੀਂ ਇਕ ਨਿਯਮ, ਭੁੱਲ ਗਏ? ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਹ ਕਿਹਾ ਹੈ ਕਿ -

*ਜੇ ਕੋ ਜੀਉ ਕਹੈ ਓਨਾ ਕਉ*
*ਜਮ ਕੀ ਤਲਬ ਨ ਹੋਈ ॥* *ਅੰਗ - ੧੩੨੮*

ਜੇ ਕੋਈ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਜੀ ਕਹਿ ਕੇ ਬੁਲਾ ਲਵੇ, ਉਹਨੂੰ ਜਮਾਂ ਦੀ ਤਲਬ ਨਹੀਂ ਹੋਇਆ ਕਰਦੀ। ਸੋ ਇਹਨੂੰ ਛੱਡ ਦਿਓ।

ਏਸ ਤਰ੍ਹਾਂ ਦੇ ਨਾਲ ਉਹ ਮਹਾਂਪੁਰਸ਼ ਜਦੋਂ ਉਸ ਥਾਂ ਤੇ ਪਹੁੰਚਦੇ ਨੇ - ਜੈਪੁਰ, ਉਹ ਬੱਚਿਆਂ ਨੇ ਮਸ਼ਕਰੀ ਕਰਕੇ ਕਹਿ ਦਿਤਾ ਕਿ ਆਹ! ਕੋਠੀ ਜਿਹੜੀ ਹੈ, ਸੰਤਾਂ ਵਾਸਤੇ ਹੈ। ਉਹ ਭੂਤਾਂ ਦੀ ਮਾਰੀ ਹੋਈ ਕੋਠੀ ਸੀ ਤੇ ਉਹਦੇ ਵਿਚ ਜਦੋਂ ਮਹਾਤਮਾ ਜਾਂਦੇ ਨੇ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਇਹ ਤਾਂ ਭੂਤਾਂ ਦੀ ਕੋਠੀ ਹੈ। ਉਸ ਵੇਲੇ ਸਾਰੇ ਸਾਧੂਆਂ ਨੂੰ ਬੁਲਾਇਆ, ਬੁਲਾ ਕੇ ਕਹਿਣ ਲੱਗੇ, ਬਈ ਦੇਖੋ ਅੱਜ ਜਿਥੇ ਆਪਾਂ ਆਏ ਹਾਂ, ਐਥੇ ਇਕ ਭਿਆਨਕ ਭੂਤ ਰਹਿੰਦਾ ਹੈ ਤੇ ਅੱਜ ਕੀਰਤਨ ਸੋਹਿਲਾ ਪੜ੍ਹ ਕੇ ਪੈਣਾ ਹੈ, ਰਹਿਰਾਸ ਪੜ੍ਹਨੀ ਹੈ ਤੇ ਸਿਮਰਨ ਕਰਨਾ ਹੈ - ਜਦ ਤੱਕ ਨੀਂਦ ਨਹੀਂ ਆਉਂਦੀ। ਸਾਰੇ ਸਾਧੂ ਸੌਂ ਗਏ ਤੇ ਉਹ ਸੰਤ ਬੈਠੇ ਨੇ। ਕੀ ਦੇਖਦੇ ਨੇ ਕਿ ਇਕ ਬੜਾ ਹੀ ਵਿਕਰਾਲ ਸਰੂਪ ਉਨ੍ਹਾਂ ਦੇ ਕੋਲ ਆ ਜਾਂਦਾ ਹੈ। ਆ ਕੇ ਬੇਨਤੀ ਕਰਨ ਲੱਗਿਆ ਕਿ ਮਹਾਰਾਜ! ਮੇਰੇ 'ਤੇ ਕ੍ਰਿਪਾ ਕਰੋ। ਕਹਿੰਦੇ ਤੂੰ ਕੌਣ ਹੈਂ? ਕਹਿੰਦਾ ਮਹਾਰਾਜ! ਮੈਂ ਇਸ ਕੋਠੀ ਦਾ ਮਾਲਕ ਹਾਂ ਤੇ ਮੈਂ ਬੜੀ ਵੱਡੀ ਭਾਰੀ ਕੋਠੀ ਬਣਾਈ ਹੈ। ਮੈਂ ਜਦ ਮਰ ਗਿਆ ਤਾਂ ਮੈਂ ਪ੍ਰੇਤ ਬਣ ਗਿਆ। ਮੇਰੇ ਜਿਹੜੇ ਵਾਰਿਸ ਸੀ, ਇਕ ਵੱਡਾ ਪਰਿਵਾਰ ਸੀ। ਮੈਂ ਇਕੱਲਾ-ਇਕੱਲਾ ਕਰਕੇ ਸਭ ਮਾਰ ਦਿਤੇ। ਮੇਰੀ ਗਤੀ ਨਹੀਂ ਹੁੰਦੀ, ਮਹਾਰਾਜ! ਮੈਂ ਬੜਾ ਦੁਖੀ ਹਾਂ ਤੇ ਏਸ ਕੋਠੀ 'ਚ ਕੋਈ ਨਹੀਂ ਆਉਂਦਾ। ਉਹ ਬੱਚਿਆਂ ਨੇ ਤੁਹਾਡੇ ਨਾਲ ਮਸਕਰੀ ਕਰੀ ਸੀ ਤੇ ਮੇਰਾ ਜ਼ੋਰ ਨਹੀਂ ਚੱਲਿਆ, ਤੁਸੀਂ ਕੋਈ ਕਲਾਮ ਐਹੋ ਜਿਹੀ ਪੜ੍ਹ ਲਈ ਕਿ ਮੇਰਾ ਬਲ ਨਹੀਂ ਚਲਦਾ। ਮੈਂ ਅੰਦਰੋਂ ਬਾਹਰ ਨਿਕਲ ਗਿਆ ਤੇ ਹੁਣ ਮੇਰੇ 'ਤੇ ਕ੍ਰਿਪਾ ਕਰੋ, ਮੇਰਾ ਦੁਖ ਦੂਰ ਕਰੋ। ਮਹਾਂਪੁਰਸ਼ ਕਹਿਣ ਲੱਗੇ, "ਅਖੰਡਪਾਠ ਕਰਨਾ ਪਏਗਾ।" ਸਾਡੇ ਕੋਲ ਪੈਸਾ ਨਹੀਂ। ਕਹਿੰਦਾ, ਜੀ ਆਹ ਦੇਹਲੀ ਪੁੱਟ ਲਓ। ਪੈਸਾ ਵੀ ਮਿਲ ਜਾਊ।" ਅਖੰਡ ਪਾਠ ਸ਼ੁਰੂ ਹੋ ਗਿਆ। ਸ਼ਰਤ ਇਹ ਰੱਖ ਦਿਤੀ ਕਿ ਜੇ ਤੇਰੀ ਗਤੀ ਹੋ ਗਈ ਨਾ, ਤਾਂ ਤੂੰ ਆਹ ਪ੍ਰਸ਼ਾਦ ਲੈ ਜਾਈਂ, ਅਸੀਂ ਆਲੇ 'ਚ ਰੱਖਾਂਗੇ। ਪਾਠ ਪੂਰਾ ਹੋ ਗਿਆ ਤੇ ਪੂਰਾ ਹੋਣ ਦੇ ਨਾਲ ਪ੍ਰਸ਼ਾਦ ਜਦੋਂ ਉਸ ਨੇ ਨਾ ਚੁੱਕਿਆ, ਮਹਾਤਮਾ ਫੇਰ ਠਹਿਰ ਗਏ। ਰਾਤ ਨੂੰ ਫੇਰ ਆਇਆ, ਪੁੱਛਿਆ, "ਕੀ ਗੱਲ ਤੇਰੀ ਗਤੀ ਨਹੀਂ ਹੋਈ?" ਕਹਿੰਦਾ, "ਮਹਾਰਾਜ! ਪਾਠ ਖੰਡਤ ਹੋ ਗਿਆ। 12 ਤੋਂ 2 ਦੀ ਰੌਲ ਕੀਹਦੀ ਸੀ ਅੱਜ? ਉਸ ਬੰਦੇ ਨੇ ਇਸ਼ਨਾਨ ਨਹੀਂ ਸੀ ਕਰਿਆ, ਉਹ ਪਵਿੱਤਰ ਨਹੀਂ ਸੀ, ਉਹਦੀ ਅਪਵਿੱਤਰਤਾ ਦੇ ਕਾਰਣ ਪਾਠ ਖੰਡਤ ਹੋ ਗਿਆ। ਸੁੱਤਾ ਪਿਆ, ਊਂਘ ਕੇ ਪਾਠ ਕਰਦਾ ਸੀ।" ਉਸ ਵੇਲੇ ਮਹਾਂਪੁਰਸ਼ਾਂ ਨੇ ਬੁਲਾਇਆ, ਉਸ ਨੇ ਗਲਤੀ ਮੰਨੀ। ਫੇਰ ਦੂਜਾ ਪਾਠ ਕਰਾਇਆ ਤੇ ਉਹਦੀ ਗਤੀ ਹੋ ਗਈ।

*'ਚਲਦਾ........।'*

# ਧੁਰ ਕੀ ਬਾਣੀ ਆਈ॥
# ਤਿਨਿ ਸਗਲੀ ਚਿੰਤ ਮਿਟਾਈ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-41)*

ਜਦੋਂ ਇਸ ਤਰ੍ਹਾਂ ਦੇ ਨਿੱਤ ਉਲ੍ਹਾਮੇ ਆਉਂਦੇ ਨੇ, ਆਪ ਜੀ ਨੂੰ ਸੁਲਤਾਨਪੁਰ ਲੋਧੀ, ਜੋ ਲੋਧੀ ਦਾ ਨਵਾਬ ਸੀ, ਉਥੇ ਆਪ ਜੀ ਦੀ ਭੈਣ ਬੇਬੇ ਨਾਨਕੀ ਜੀ ਦੇ ਸਹੁਰੇ ਘਰ ਸਨ। ਭਾਈਆ ਜੈ ਰਾਮ ਜੀ ਕੋਲ ਆਪ ਜੀ ਚਲੇ ਜਾਂਦੇ ਹਨ। ਉਥੇ ਮੋਦੀਖਾਨੇ ਵਿਚ ਆਪ ਜੀ ਕੰਮ ਕਰਨ ਲਗ ਜਾਂਦੇ ਨੇ। ਉਹ ਸਾਰਾ ਮੋਦੀਖਾਨਾ ਆਪ ਜੀ ਤੇਰਾ-ਤੇਰਾ ਕਹਿ ਕੇ ਵੰਡ ਦਿੰਦੇ ਹਨ। ਜਦੋਂ ਆਪ ਵੇਈ ਨਦੀ ਵਿਚ ਅਲੋਪ ਹੋ ਜਾਂਦੇ ਹਨ, ਤਿੰਨ ਦਿਨ ਹੋ ਗਏ। ਰੌਲਾ ਪੈ ਜਾਂਦਾ ਹੈ ਕਿ ਘਾਟਾ ਪੈ ਗਿਆ, ਇਸ ਕਰਕੇ ਉਹਨਾਂ ਉਹ ਅਲੋਪ ਹੋ ਗਏ। ਕੋਈ ਕਹਿੰਦਾ ਹੈ ਕਿ ਉਹ ਡੁੱਬ ਗਏ ਨਦੀ ਵਿਚ। ਪਰ ਬੇਬੇ ਨਾਨਕੀ ਜੀ ਦਾ ਵਿਸ਼ਵਾਸ਼ ਸੀ ਕਿ ਮੇਰਾ ਵੀਰ, ਰੱਬ ਰੂਪ, ਆਪ ਨਿਰੰਕਾਰ ਹੈ, ਇਹ ਤਾਂ ਡੁੱਬਿਆਂ ਨੂੰ ਤਾਰਨ ਆਇਆ ਹੈ। ਤੀਜੇ ਦਿਨ ਆਪ ਜੀ ਵੇਈਂ ਨਦੀ 'ਚੋਂ ਬਾਹਰ ਆਉਂਦੇ ਹਨ ਤੇ ਕੀ ਅਵਾਜ਼ਾ ਦਿੰਦੇ ਹਨ? -

*ਨਾ ਹਮ ਹਿੰਦੂ ਨ ਮੁਸਲਮਾਨ ॥*
*ਅਲਹ ਰਾਮ ਕੇ ਪਿੰਡੁ ਪਰਾਨ ॥* *ਅੰਗ- ੧੧੩੬*

ਇਥੇ ਕੋਈ ਦੂਸਰਾ ਹੈ ਹੀ ਨਹੀਂ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ- ੨੭੨*

ਜਦੋਂ ਹਿਸਾਬ ਕਿਤਾਬ ਮੋਦੀਖਾਨੇ ਦਾ ਹੋਇਆ ਤਾ 760 ਰੁਪਿਆ ਮੁਨਾਫਾ ਨਿਕਲਿਆ। ਲਾਭ ਨੂੰ ਵੀ ਕਿਹਾ ਗੁਰੂ ਬਾਬਾ ਜੀ ਨੇ ਕਿ ਵੰਡ ਦਿਓ ਗਰੀਬਾਂ 'ਚ। ਉਸ ਸਮੇਂ ਮਾਤਾ ਸੁਲੱਖਣੀ ਜੀ ਦੇ ਪਿਤਾ ਆਉਂਦੇ ਹਨ ਤਾਂ ਕਹਿੰਦੇ ਹਨ ਕਿ ਜੇ ਤੂੰ ਇਹ ਵੰਡ ਦੇਵੇਂਗਾ ਤਾਂ ਬੱਚਿਆਂ ਵਾਸਤੇ ਕੀ ਹੈ? ਗੁਰੂ ਪਾਤਸ਼ਾਹ ਜੀ ਦਾ ਇਹ ਬਚਨ ਹੁਣ ਨਵਾਬ ਤਾਂ ਵੰਡਦਾ ਹੈ ਪਰ ਜਦੋਂ ਇਹ ਕਿਹਾ ਕਿ ਬੱਚਿਆਂ ਦਾ ਵੀ ਹੱਕ ਹੈ ਤਾਂ ਅੱਧਾ ਬੱਚਿਆਂ ਨੂੰ ਤੇ ਅੱਧਾ ਸਾਧੂਆਂ ਨੂੰ ਵੰਡ ਦਿਤਾ।

ਫੇਰ ਜਦੋਂ ਆਪ ਮਸਜਿਦ ਵਿਚ ਜਾਂਦੇ ਨੇ ਤਾਂ ਉਥੇ ਦੇ ਕਾਜ਼ੀਆਂ ਨੇ ਕਿਹਾ ਕਿ ਨਾਨਕ! ਸਾਡੇ ਨਾਲ ਪੜ੍ਹ। ਨਮਾਜ਼ ਦੀ ਵੀ ਆਪ ਜੀ ਨੇ ਜਾ ਕੇ ਮਸਜਿਦ 'ਚ ਸਿਖਿਆ ਦਿਤੀ ਕਿ ਨਮਾਜ਼ ਕਿਸ ਤਰ੍ਹਾਂ ਪੜ੍ਹੀ ਜਾਂਦੀ ਹੈ। ਕਿਉਂਕਿ ਨਮਾਜ਼ ਵਿਚ ਜਦੋਂ ਸਾਰੇ ਖੜ੍ਹੇ ਹੁੰਦੇ ਹਨ, ਗੁਰੂ ਬਾਬਾ ਜੀ ਬੈਠੇ ਹਨ। ਬਾਅਦ ਵਿਚ ਨਵਾਬ ਪੁਛਦਾ ਹੈ ਕਿ ਤੁਸੀਂ ਸਾਡੇ ਨਾਲ ਨਮਾਜ਼ ਨਹੀਂ ਪੜ੍ਹੀ? ਆਪ ਨੇ ਕਿਹਾ ਨਵਾਬ ਜੀ! ਨਮਾਜ਼ ਤੁਹਾਡੇ ਨਾਲ ਕੀ ਪੜ੍ਹਦੇ? ਤੁਸੀਂ ਤਾਂ ਘੋੜੇ ਖਰੀਦ ਰਹੇ ਸੀ। ਕਾਜ਼ੀ ਕਹਿੰਦਾ ਮੇਰੇ ਨਾਲ ਪੜ੍ਹ ਲੈਂਦੇ। ਆਪ ਕਹਿਣ ਲੱਗੇ, ਤੂੰ ਤਾਂ ਖੂਹ ਦੀ ਮੌਣ ਨਾ ਹੋਣ ਕਰਕੇ, ਵਛੇਰੀ ਨੂੰ ਗਿਰਨ ਤੋਂ ਹੀ ਧਿਆਨ ਵਿਚ ਮੋੜਦਾ ਰਿਹਾ। ਅਸਲ 'ਚ ਕਹਿੰਦੇ ਨਮਾਜ਼ ਪੜ੍ਹੋ, ਪਾਠ ਕਰੋ, ਪੂਜਾ ਕਰੋ ਅਸਲ ਤੱਤ ਵਸਤੂ ਇਹ ਹੁੰਦੀ ਹੈ ਕਿ ਸਮਝ ਕੇ ਕਰੋ। ਮਨ ਨੂੰ ਇਕਾਗਰ ਕਰਕੇ ਕਰੋ। ਚਾਹੇ ਪੂਜਾ ਕਰਦੇ ਹਾਂ, ਚਾਹੇ ਨਮਾਜ਼ ਪੜ੍ਹਦੇ ਹਾਂ, ਚਾਹੇ ਗੁਰਬਾਣੀ ਪੜ੍ਹਦੇ ਹਾਂ, ਅਸਲ ਵਿਚ ਤੱਤ ਵਸਤੂ ਨਾਮ ਹੈ। ਨਾਮ ਤਕ ਪਹੁੰਚਣ ਦੇ ਇਹ ਸਾਧਨ ਹਨ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* *ਅੰਗ- ੭੯੭*

ਕਿਉਂਕਿ ਨਾਮ ਤਕ ਪਹੁੰਚਾਉਣ ਦੀ ਇਹ ਦਿਸ਼ਾ ਹੈ। ਬਾਕੀ ਜਿਹੜੇ ਕਰਮ ਕਾਂਡ ਹਨ ਇਹ ਤਾ ਫਸਾ ਕੇ ਰਖ ਦਿੰਦੇ ਹਨ। ਅਸਲ ਵਿਚ ਕਰਮ ਨਾਮ ਵਿਚ ਅਸਥਿਤ ਹੋ ਜਾਣਾ, ਉਹ ਸਭ ਤੋਂ ਸ੍ਰੇਸ਼ਟ ਕਰਮ ਹੈ-

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਅੰਗ- ੬੪੨*

ਕਿਉਂਕਿ ਜੇ ਕੇਵਲ ਪਾਠ ਪੜ੍ਹਦੇ ਹਾਂ, ਕਮਾਈ ਨਹੀਂ ਕਰਦੇ -

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ ॥ ੧ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*

*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਅੰਗ- ੬੪੧*

ਪਹਿਲਾਂ ਬੜਾ ਲੰਮਾ ਪੈਂਡਾ ਹੁੰਦਾ - ਵਿਆਕਰਣ ਪੜ੍ਹਦੇ, ਸੰਸਕ੍ਰਿਤ ਪੜ੍ਹਦੇ, ਵੇਦਾਂ ਦਾ ਅਧਿਐਨ ਹੁੰਦਾ। ਅਹੰਭਾਵ ਜਾਗ ਜਾਂਦਾ। ਅੰਤਸ਼ਕਰਣ ਚਾਰ ਦਾ ਜੋੜ ਹੈ, ਮਨ, ਚਿਤ, ਬੁੱਧ ਤੇ ਅਹੰਭਾਵ। ਅੰਤਸ਼ਕਰਣ 'ਤੇ ਮੈਲ ਪੈ ਗਈ, ਮੈਲ ਧੋਤੀ ਜਾਣੀ ਹੈ ਜਿਵੇਂ -

*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ- ੪*

ਇਹ ਜਿਹੜੀ ਮੈਲ ਹੈ, ਹੁਣ ਜਦੋਂ ਨਾਮ ਦੇ ਵਿਚ ਅਸਥਿਤ ਹੋਵੋਂਗੇ, ਨਾਮ ਦੇ ਨਾਲ ਇਹ ਧੋਤੀ ਜਾਣੀ ਹੈ। ਪਰਮ ਆਪੇ ਦੇ ਦਰਸ਼ਨ ਨਹੀਂ ਹੁੰਦੇ ਕਿਉਂਕਿ ਅੰਤਸ਼ਕਰਣ ਮੈਲਾ ਹੋ ਗਿਆ। ਜਿਹੜੇ ਦਰਵਾਜ਼ੇ ਬਾਹਰ ਨੂੰ ਖੁਲ੍ਹੇ ਨੇ - ***'ਨਉ ਦਰਵਾਜੇ ਕਾਇਆ ਕੋਟੁ ਹੈ'*** ਇਨ੍ਹਾਂ ਦੇ ਰਾਹੀਂ ਮੈਲ ਅੰਦਰ ਜਾਂਦੀ ਹੈ। ਅੱਖਾਂ ਪਰਾਏ ਰੂਪ ਨੂੰ ਦੇਖਦੀਆਂ ਮੈਲੀਆਂ ਹੋ ਗਈਆਂ। ਨਿੰਦਿਆ ਸੁਣ-ਸੁਣ ਕੇ ਕੰਨਾਂ ਨੂੰ ਮੈਲ ਲਗ ਗਈ। ਸ਼ਬਦ ਹੈ, ਸਪਰਸ਼ ਹੈ, ਰੂਪ ਹੈ, ਰਸ ਹੈ, ਗੰਧ ਹੈ। ਪੰਜ ਠੱਗ ਨੇ - ਰਾਜ, ਮਾਲ, ਰੂਪ, ਜਾਤ, ਜੋਬਨ।

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*
*ਅੰਗ- ੧੨੮੮*

ਆਸਾ, ਅੰਦੇਸਾ, ਤ੍ਰਿਸ਼ਨਾ ਐਸੀਆਂ ਡੈਣਾਂ ਹਨ ਇਹ ਸਾਰੀਆਂ ਐਸੀਆਂ ਮੈਲਾਂ ਪੈ ਜਾਂਦੀਆਂ ਹਨ ਕਿ ਇਹਨਾਂ ਮੈਲਾਂ ਦੇ ਉਤਾਰਨ ਵਾਸਤੇ ਨਾਮ ਦੇ ਰੰਗ 'ਚ ਰੰਗਿਆਂ ਜਾਣਾ ਜ਼ਰੂਰੀ ਹੈ। ਨਮਾਜ਼ ਪੜ੍ਹਦੇ ਸੀ, ਮਨ ਤਾਂ ਕਿਤੇ ਦੌੜਿਆ ਫਿਰਦਾ ਸੀ।

ਨਵਾਬ ਤੇ ਕਾਜ਼ੀ ਸ਼ਰਧਾ 'ਚ ਆ ਗਏ ਕਿ ਸ੍ਰੀ ਗੁਰੂ ਨਾਨਕ ਜੀ ਤਾਂ ਅੰਦਰ ਦੀਆਂ ਜਾਣਦੇ ਹਨ। ਜਦੋਂ ਵੇਈਂ ਨਦੀ ਵਿਚ ਆਪ ਅਲੋਪ ਹੋ ਗਏ। ਆਪ ਦਰਗਾਹ ਵਿਚ ਜਾਂਦੇ ਹਨ। ਉਥੇ ਇਹ ਸਵਾਲ ਆਉਂਦਾ ਹੈ ਕਿ ਨਾਨਕ ਜੀ! ਤੁਸੀਂ ਉਹ ਕੰਮ ਨਹੀਂ ਸ਼ੁਰੂ ਕੀਤਾ ਜਿਸ ਦੇ ਕਰਨ ਵਾਸਤੇ ਤੁਹਾਨੂੰ ਸੰਸਾਰ ਦੇ ਵਿਚ ਭੇਜਿਆ ਗਿਆ ਹੈ। ਗੁਰੂ ਬਾਬਾ ਜੀ ਕਹਿੰਦੇ ਇਸ ਵਾਸਤੇ ਗੁਰੂ ਧਾਰਨ ਕਰਨਾ ਪੈਂਦਾ ਹੈ, ਸੰਸਾਰ 'ਤੇ ਤਾਂ ਕੋਈ ਗੁਰੂ ਹੈ ਹੀ ਨਹੀਂ -

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥ ਅੰਗ - ੯੩੬*

ਗੁਰੂ ਬਾਬਾ ਜੀ ਦੀ ਪਰੰਪਰਾ ਗੁਰੂ ਚੇਲੇ ਦੀ ਉਹ ਦਰਗਾਹ ਦੇ ਵਿਚ ਪੂਰੀ ਕੀਤੀ ਗਈ। ਪ੍ਰਮੇਸ਼ਰ ਨੇ ਬਚਨ ਕੀਤਾ ਕਿ -

*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥ ਅੰਗ- ੫੯੯*

ਉਹ ਪਾਰਬ੍ਰਹਮ ਪ੍ਰਮੇਸ਼ਰ ਜਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਉਹਨਾਂ ਦੇ ਰਾਹੀਂ ਇਹ ਪ੍ਰਕ੍ਰਿਆ ਪੂਰੀ ਹੋਈ। ਤਾਂ ਹੀ ਗੁਰੂ ਬਾਬਾ ਜੀ ਨੂੰ ਸਭ ਤੋਂ ਵੱਡੇ ਕਿਹਾ ਜਾਂਦਾ ਹੈ -

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ- ੭੫੦*

ਗੁਰ ਪ੍ਰਮੇਸ਼ਰ ਦਾ ਦਰਜਾ ਜੇ ਪ੍ਰਾਪਤ ਹੈ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਹੈ। ਇਸ ਤਰ੍ਹਾਂ ਦੇ ਨਾਲ ਫੇਰ ਮੂਲਮੰਤ੍ਰ ਦਾ ਸਰੂਪ ਦਸਿਆ - '☬' ਕਿਉਂਕਿ ਪਹਿਲਾਂ ਜਿਹੜਾ ਮੰਤਰ ਸੀ - 'ਓਅੰ' ਕਹਿ ਕੇ ਸ਼ੁਰੂ ਕਰਦੇ, ਵਿਚਕਾਰ ਕੋਈ ਹੋਰ ਸ਼ਬਦ ਆ ਜਾਂਦਾ। 'ਨਮਹ' 'ਤੇ ਸਮਾਪਤੀ ਹੁੰਦੀ। ਇਹ ਮੰਤਰ ਸਿੱਧ ਕਰ ਲਏ ਜਾਂਦੇ, ਕਾਰਜ ਦੀ ਸਿੱਧੀ ਹੋ ਜਾਂਦੀ। ਗੁਰੂ ਬਾਬਾ ਜੀ ਨੇ ਬਰੈਕਟ 'ਚ ਰੱਖ ਕੇ 'ਏਕਾ' ਅੱਗੇ ਲਾ ਦਿਤਾ -

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*

ਇਹ ਸਾਰਾ ਸਰੂਪ ਦਸਿਆ ਪ੍ਰਮੇਸ਼ਰ ਦਾ। ਫੇਰ ਕਹਿੰਦੇ 'ਜਪੁ'। ਪ੍ਰਮੇਸ਼ਰ ਨੇ ਕਿਹਾ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਕਿ ਤੁਸੀਂ ਇਸ ਉਪਰ ਆਪਣੀ ਮੋਹਰ ਲਾਓ। ਗੁਰੂ ਬਾਬਾ ਜੀ ਨੇ ਫੇਰ ਉਚਾਰਨ ਕੀਤਾ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਇਹ ਮੂਲਮੰਤ੍ਰ ਬਖਸ਼ਿਸ਼ ਹੋਇਆ। ਗੁਰਮੰਤ੍ਰ ਛੱਤੀ ਯੁੱਗ ਦੀ ਕਮਾਈ ਕਰਕੇ, ਵਾਹਿਗੁਰੂ ਗੁਰਮੰਤ੍ਰ ਉਹ ਬਾਬਾ ਜੀ ਲੈ ਕੇ ਆਏ।

ਅੱਜ ਐਸਾ ਵੀ ਸਮਾਂ ਆ ਗਿਆ ਕਿਉਂਕਿ ਬੇਬੇ ਨਾਨਕੀ ਜੀ ਦੀ ਆਪ ਉਪਰ ਸ਼ਰਧਾ ਬਹੁਤ ਸੀ। ਉਹਨਾਂ ਦੇ ਕੋਈ ਉਲਾਦ ਨਹੀਂ ਸੀ। ਉਹਨਾਂ ਨੇ ਗੁਰੂ ਬਾਬਾ ਜੀ ਨੂੰ ਕਹਿ ਕੇ ਇਹ ਬੱਚੇ ਪ੍ਰਾਪਤ ਕੀਤੇ। ਬਾਬਾ ਸ੍ਰੀ ਚੰਦ ਜੀ, ਬਾਬਾ ਲਖਮੀ ਦਾਸ ਜੀ। ਜਦੋਂ ਬਾਬਾ ਸ੍ਰੀ ਚੰਦ ਜੀ ਦੀ ਸੱਤ ਸਾਲ ਦੀ

ਉਮਰ ਸੀ, ਐਸੇ ਸਮੇਂ 'ਤੇ ਆਪ ਜੀ ਉਦਾਸੀ ਧਾਰਨ ਕਰਦੇ ਹਨ –

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥* *ਅੰਗ- ੯੫੨*

ਕਿਉਂਕਿ ਇਹ ਜਿਹੜਾ ਗ੍ਰਹਿਸਤ ਹੈ ਇਹਦੇ ਵਿਚ ਪਕੜ ਨਹੀਂ ਹੋਣੀ ਚਾਹੀਦੀ। ਅਪਕੜ ਹੋ ਕੇ ਰਹੇ, ਸਭ ਕੁਛ ਕਰਦਾ ਹੋਇਆ। ਆਪਣੀਆਂ ਜਿੰਮੇਵਾਰੀਆਂ ਤਾਂ ਨਿਭਾਵੇ ਪਰ ਫਸੇ ਨਾ। ਗੁਰੂ ਬਾਬਾ ਜੀ ਨੇ ਉਦਾਸੀ ਧਾਰਨ ਕੀਤੀ। ਚਾਰ ਉਦਾਸੀਆਂ, ਚਾਰ ਦਿਸ਼ਾਵਾਂ ਵਲ ਆਪ ਜੀ ਨੇ ਧਾਰਨ ਕੀਤੀਆਂ। ਹੁਣ ਐਸਾ ਹੀ ਮੰਤ੍ਰ ਨਾਮ ਬਾਣੀ ਦਾ ਹੌਕਾ ਸਾਰੇ ਸੰਸਾਰ ਵਿਚ ਦਿਤਾ। ਇਹ ਮੰਤਰ ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੈ –

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ- ੨੭੪*

'ਵਾਹਿਗੁਰੂ' ਬਹੁਤ ਸੁਖੈਨ ਮੰਤਰ ਹੈ। ਪਹਿਲਾਂ ਉਮਰਾਂ ਬਹੁਤ ਲੰਮੀਆਂ ਹੁੰਦੀਆਂ ਸੀ। ਕਲਜੁਗ ਵਿਚ ਉਮਰਾਂ ਬਹੁਤ ਛੋਟੀਆਂ ਹੋ ਗਈਆਂ। ਆਚਾਰ, ਵਿਚਾਰ, ਵਿਹਾਰ ਦੇ ਵਿਚ ਗਿਰਾਵਟ ਆ ਗਈ। ਉਸ ਸਮੇਂ ਗੁਰੂ ਬਾਬਾ ਜੀ ਇਹ ਮੰਤਰ ਲੈ ਕੇ ਆਏ।

*ਕਲਜੁਗ ਨਾਨਕ ਨਾਮੁ ਸੁਖਾਲਾ।*

ਬਹੁਤਾ ਹੀ ਸੌਖਾ ਮੰਤਰ ਹੈ। ਮੰਤਰ ਬੋਲ ਕੇ ਹੀ ਦਿਤੇ ਜਾਂਦੇ ਹਨ। ਇਹ ਮੰਤਰ ਪ੍ਰੈਕਟੀਕਲ ਰੂਪ ਦੇ ਵਿਚ ਗੁਰੂ ਦਿੰਦੇ ਨੇ। ਪੰਜ ਪਿਆਰੇ ਇਕੱਠੇ ਹੁੰਦੇ ਹਨ, ਮਾਇਆ ਦੇ ਪਿਆਰੇ ਨਹੀਂ, ਗੁਰੂ ਦੇ ਪਿਆਰੇ। ਉਹ ਪਿਆਰੇ ਪ੍ਰੈਕਟੀਕਲ ਰੂਪ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮੰਤ੍ਰ ਦਿੰਦੇ ਹਨ। ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਚਲਿਆ ਆਉਂਦਾ ਹੈ, ਸਾਰਿਆਂ ਨੇ ਹੀ ਇਹ ਮੰਤਰ ਜਪਿਆ। ਪਰ ਅਸੀਂ ਪਰੰਪਰਾ ਅਨੁਸਾਰ ਪਹਿਲਾਂ ਤਾਂ ਅਸੀਂ ਗੁਰੂ ਧਾਰਨ ਨਹੀਂ ਕਰਦੇ। ਜੇ ਗੁਰੂ ਧਾਰਨ ਕਰ ਲਿਆ, ਚਾਬੀ ਮਿਲ ਗਈ –

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ- ੯੫੪*

ਸ਼ਬਦ ਦੀ ਚਾਬੀ ਦੀ ਵਰਤੋਂ ਕਰਦੇ। ਕਿਉਂਕਿ–

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ- ੧੨੪*

ਇਹ ਬਜਰ ਕਪਾਟ ਸ਼ਬਦ ਦੀ ਕੁੰਜੀ ਤੋਂ ਬਗੈਰ ਖੁਲ੍ਹਣੇ ਨਹੀਂ। ਜਦੋਂ ਗੁਰਮੰਤ੍ਰ, ਮੂਲਮੰਤਰ ਲੈ ਹੀ ਲਿਆ ਪਰ ਇਹ ਚਾਬੀ ਦੀ ਵਰਤੋਂ ਨਹੀਂ ਕਰਦੇ। ਵਰਤੋਂ ਕਿਉਂ ਨਹੀਂ ਹੁੰਦੀ, ਵਰਤੋਂ ਦੀ ਜੁਗਤ ਨਹੀਂ ਪਤਾ। ਸਤਿਸੰਗ ਨਹੀਂ ਕਰਦੇ, ਸਤਿਸੰਗ ਕਰਨ ਤੋਂ ਬਾਅਦ ਅੰਤਰੰਗ ਸਾਧਨ ਨਹੀਂ ਕਰਦੇ। ਕਿਉਂਕਿ ਸਮਾਂ ਐਸਾ ਆ ਗਿਆ –

*ਅੰਧੀ ਅੰਧੇ ਖੂਹੇ ਠੇਲੇ॥* *ਭਾਈ ਗੁਰਦਾਸ ਜੀ*

ਜਜ਼ਬਾਤੀ ਬਾਤਾਂ ਹਨ, ਰੌਚਕ ਹਨ, ਦਿਲ ਲੁਭਾਉਣ ਵਾਲੀਆਂ ਗੱਲਾਂ ਹਨ, ਇਹ ਜਿਹੜੀ ਨਾਮ ਦੀ ਗੱਲ ਹੈ ਇਹ ਸੁਣਨੀ ਵੀ ਔਖੀ, ਕਰਨੀ ਵੀ ਔਖੀ ਹੈ ਕਿਉਂਕਿ ਅਨਅਧਿਕਾਰੀ ਜਾਣ ਕੇ ਮਹਾਂਪੁਰਸ਼ ਦਸਦੇ ਨੇ। ਪਰ ਇਹ ਤਾਂ ਧੰਨ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ, ਜਿਨ੍ਹਾਂ ਨੇ ਸੱਤਵੇਂ ਸਮਾਗਮ ਦੇ ਉਤੇ ਇਹ ਕ੍ਰਿਪਾ ਕੀਤੀ। ਬੈਖਰੀ ਬਾਣੀ 'ਚ ਬੋਲ ਕੇ ਕਰਦੇ ਹਾਂ, ਮਧਮਾ 'ਚ ਬੁੱਲ੍ਹ ਹਿਲਦੇ ਨੇ ਪਰ ਅਵਾਜ਼ ਬਾਹਰ ਨਹੀਂ ਆਉਂਦੀ। ਪਰਾ ਬਾਣੀ ਵਿਚ ਹਿਰਦੇ ਦੀ ਬਾਣੀ –

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* *ਅੰਗ- ੧੨੫੬*

ਫੇਰ ਅੱਗੇ ਪਰਾ ਬਾਣੀ ਹੈ। ਚਾਰ ਖਾਣੀਆਂ ਹਨ–ਅੰਡਜ, ਜੇਰਜ, ਉਤਭੁਜ, ਸੇਤਜ; ਜਿੰਨੀਆਂ ਉਤਭੁਜ ਧਰਤੀ ਤੋਂ ਉਤਪੰਨ ਹੋਈਆਂ, ਜੇਰ ਤੋਂ ਅੰਡਿਆਂ ਤੋਂ ਉਤਪੰਨ ਹੋਈਆਂ, ਪਸੀਨੇ ਵਗੈਰਾ ਤੋਂ। ਜਿਹੜੀ ਬਨਸਪਤੀ ਹੈ ਇਹ ਧਰਤੀ ਤੋਂ ਉਤਪੰਨ ਹੁੰਦੀ ਹੈ। ਇਸੇ ਤਰ੍ਹਾਂ ਧਰਤੀ ਬਾਣੀ ਹੈ, ਬੀਜ ਹੈ ਨਾਮ –

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਅੰਗ- ੫੯੫*

ਸਤਿਪੁਰਸ਼ ਅਵਸਥਾ ਮੁਤਾਬਿਕ ਇਹ ਦਸ ਦਿੰਦੇ ਹਨ। 'ਆਤਮ ਮਾਰਗ' ਮੈਗਜ਼ੀਨ ਕਿਉਂ ਕਿਹਾ ਜਾਂਦਾ ਹੈ ਕਿ ਘਰਾਂ 'ਚ ਲਵਾਓ ਕਿਉਂਕਿ ਇਹਦੇ ਵਿਚ ਜੁਗਤ ਹੈ। ਅੱਜ ਪਤਾ ਨਹੀਂ ਲਗਦਾ, ਖੰਡਨ ਮੰਡਨ ਹੋ ਰਿਹਾ ਹੈ। ਮਹਾਂਪੁਰਸ਼ਾਂ ਨੂੰ ਇਕ ਵਾਰ ਬਾਹਰੋਂ ਟੈਲੀਫੋਨ ਆਇਆ, ਇਕ ਪ੍ਰੇਮੀ ਕਹਿਣ ਲੱਗਿਆ ਕਿ ਮੇਰੀ ਇਸ ਤਰ੍ਹਾਂ ਦੀ ਅਵਸਥਾ ਸੀ, ਸਵਾਸ–ਗਿਰਾਸ ਇਹ ਮੰਤਰ ਚਲ ਰਿਹਾ ਸੀ, ਪਰ ਹੁਣ ਪਤਾ ਨਹੀਂ ਕੀ ਹੋ ਗਿਆ। ਚਲ ਹੀ ਨਹੀਂ ਰਿਹਾ?

ਮਹਾਂਪੁਰਸ਼ ਕਹਿਣ ਲੱਗੇ, ਪਿਆਰਿਆ! ਤੈਨੂੰ

ਕੁਸੰਗ ਮਿਲ ਗਿਆ। ਕਹਿੰਦਾ, ਜੀ ਮੈਂ ਤਾਂ ਕਿਤੇ ਗਿਆ ਹੀ ਨਹੀਂ ਕੁਸੰਗ ਵਿਚ। ਕਹਿੰਦੇ, ਕਿੱਥੇ ਗਿਆ ਸੀ? ਕਹਿੰਦਾ, ਗੁਰਦੁਆਰੇ। ਕਹਿੰਦੇ, ਉਥੇ ਐਸੀ ਕਥਾ ਸੁਣੀ ਜਿਹੜਾ ਹਰ ਗੱਲ ਦੇ ਉਤੇ ਆਪਣੀ ਵਿਦਵਤਾ ਦਰਸਾਉਣ ਵਾਲਾ ਖੰਡਨ ਮੰਡਨ ਦੀ ਗੱਲ ਕਰ ਰਿਹਾ ਸੀ, ਕਰਦਾ ਵੀ ਸੀ ਦਲੀਲ ਦੇ ਕੇ। ਕਹਿੰਦੇ, ਭਾਈ! ਓਹੀ ਕੁਸੰਗ ਮਿਲ ਗਈ।

ਕਲਜੁਗ ਦਾ ਸਮਾਂ ਹੈ, ਕਲਜੁਗ ਕਹਿੰਦਾ ਮੈਂ ਉਥੇ ਪ੍ਰਵੇਸ਼ ਕਰ ਜਾਣਾ ਹੈ, ਜਿਥੇ ਵੱਡੇ-ਵੱਡੇ ਅਚਾਰੀਆ ਹੋਣਗੇ, ਉਹਨਾਂ ਦੇ ਉਤੇ ਮੈਂ ਹਾਵੀ ਹੋ ਜਾਣਾ ਹੈ। ਬੜਾ ਮਾੜਾ ਸਮਾਂ ਆ ਗਿਆ। ਐਸੇ ਸਮੇਂ 'ਤੇ ਗੱਲ ਕਰਨੀ ਵੀ ਔਖੀ ਹੈ। ਕਿਉਂਕਿ ਜ਼ੋਰ ਹੈ ਮੀਡੀਏ ਦਾ।

ਮਹਾਂਪੁਰਸ਼ਾਂ ਨੇ ਇਸ ਮੀਡੀਏ ਦੀ ਵਰਤੋਂ ਕੀਤੀ। ਦੀਵਾਨਾਂ ਦੀਆਂ ਵੀਡੀਓ ਬਣਾਈਆਂ। ਉਸ ਸਮੇਂ ਤਾਂ ਸ਼ੋਸ਼ਲ ਮੀਡੀਆ ਐਨਾ ਚਲਿਆ ਨਹੀਂ ਸੀ। ਇੰਟਰਨੈੱਟ ਆ ਗਿਆ ਸੀ। ਇੰਟਰਨੈੱਟ ਤੇ ਸਾਰਾ ਪਾਇਆ। ਫੇਰ ਮੈਗਜ਼ੀਨ ਪ੍ਰਿੰਟ ਮੀਡੀਆ ਸ਼ੁਰੂ ਕੀਤਾ ਕਿਉਂਕਿ ਇਹਦੇ ਰਾਹੀਂ ਜੋ ਅੱਖਰ ਹਨ। ਅੱਖਰੀ ਗਿਆਨ ਲਿਖਤ ਵਿਚ ਲਿਆ ਦਿਤਾ। ਇਸ ਨੂੰ ਜਦੋਂ ਅਸੀਂ ਪੜ੍ਹਦੇ ਹਾਂ, ਪੜ੍ਹ ਕੇ ਕਮਾਈ ਕਰਦੇ ਹਾਂ, ਫੇਰ ਉਸ ਵਿਚਾਰ ਦਾ ਪਤਾ ਲਗ ਜਾਂਦਾ ਹੈ ਕਿ ਨਾਮ ਜਪਣ ਦੀਆਂ ਮੰਜ਼ਿਲਾਂ ਕਿਵੇਂ ਹਨ। ਅੱਗੇ ਮੰਜ਼ਿਲਾਂ ਕਿੰਨੀਆਂ ਨੇ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਸੁਰਤਿ ਤੇ ਸਬਦਿ ਦਾ ਮਾਰਗ ਲੈ ਕੇ ਆਏ -

*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥* *ਅੰਗ- ੯੩੮*

ਉਸ ਨੂੰ ਸਤਿਸੰਗ ਕਿਹਾ ਜਿਥੇ ਨਾਮ ਦੀ ਵਿਆਖਿਆ ਹੋਵੇ -

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥* *ਅੰਗ- ੨੬੫*

ਸੋ ਇਹ ਸਭ ਕੁਝ ਮਹਾਂਪੁਰਸ਼ਾਂ ਤੋਂ ਸੁਣਿਆ ਹੋਇਆ ਹੈ। ਇਹ ਬਾਤਾਂ ਇਹ ਬਾਤ ਅਗੰਮ ਕੀ ਹੈ। ਜਿਨ੍ਹਾਂ ਦੀਆਂ ਕਮਾਈਆਂ ਹੋਈਆਂ ਬਾਤਾਂ ਹਨ। ਫੇਰ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਵੀ ਗੁਰਮੁਖ ਗਾਡੀ ਰਾਹ ਜੋ ਉਹਨਾਂ ਨੇ ਚਲਾਇਆ, ਉਸ ਰਾਹ 'ਤੇ ਚੱਲੀਏ।

ਅੱਜ ਸਵਾਲ ਖੜ੍ਹਾ ਹੈ ਸਾਡੇ ਸਾਮ੍ਹਣੇ ਕਿ ਅਸੀਂ ਦੁਖੀ ਕਿਉਂ ਹਾਂ। ਸਾਡੇ ਅੰਦਰ ਖੁਸ਼ੀ ਖੇੜਾ ਕਿਉਂ ਨਹੀਂ। ਫੇਰ ਅਸੀਂ ਰੋਗੀ ਕਿਉਂ ਹਾਂ। ਘਾਟ ਸਾਡੇ ਵਿਚ ਹੈ -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*
*ਅੰਗ- ੧੩੭੨*

ਗਲਤੀ ਕਿੱਥੇ ਹੈ? ਉਹ ਆਪਾਂ ਆਪਣੀ ਪਹਿਚਾਣੀਏ।

*ਵਾਹਿਗੁਰੂ ਜੀ ਕਾ ਖ਼ਾਲਸਾ,*
*ਵਾਹਿਗੁਰੂ ਜੀ ਕੀ ਫ਼ਤਹਿ।*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

### *ਏਹੁ ਮਾਇਆ ਰੰਗੁ ਕਸੁੰਭ*

"ਏਹੁ ਮਾਇਆ ਰੰਗੁ ਕਸੁੰਭ" ਤੋਂ ਭਾਵ ਹੈ ਕਿ ਮਾਇਆ ਦਾ ਰੰਗ ਕਸੁੰਭੜੇ ਦੇ ਫੁੱਲ ਵਰਗ ਸੋਹਣਾ, ਸ਼ੋਖ, ਚਮਕੀਲਾ ਹੁੰਦਾ ਹੈ ਪਰ ਨਾਲ ਹੀ ਸਪੱਸ਼ਟ ਕੀਤਾ ਹੈ, "ਖਿਨ ਮਹਿ ਲਹਿ ਜਾਵਣਾ ॥" ਅਰਥਾਤ ਕਸੁੰਭੇ ਦਾ ਰੰਗ ਭਾਵੇਂ ਸੋਹਣਾ ਤੇ ਚਮਕੀਲਾ ਹੈ ਪਰ ਕੱਚਾ ਹੈ, ਕੁਝ ਛਿਣਾਂ ਵਿਚ ਹੀ ਉਤਰ ਜਾਂਦਾ ਹੈ। ਇਹੋ ਹਾਲ ਮਾਇਆ ਦਾ ਹੈ। ਸੰਸਾਰ ਵਿਚ ਪਸਰ ਰਹੀ ਵੰਨ ਸੁਵੰਨੀ ਮਾਇਆ ਦੀ ਚਮਕ ਦਮਕ, ਕਸੁੰਭੇ ਦੇ ਫੁੱਲ ਵਾਂਗੂੰ, ਥੋੜ-ਚਿਰੀ, ਕੱਚੀ ਅਤੇ ਧੋਖੇ ਵਾਲੀ ਹੈ। ਬਾਹਰੀ ਦਿਖ ਅਤੇ ਖਿੱਚ ਪ੍ਰਭਾਵਸ਼ਾਲੀ ਹੈ ਪਰ ਅਸਲੀਅਤ ਉਹ ਨਹੀਂ ਜੋ ਦਿਸਦੀ ਹੈ। ਜੋ ਦਿਸੇ ਕੁਝ ਹੋਰ, ਹੋਵੇ ਕੁਝ ਹੋਰ, ਉਹ ਛਲ, ਕਪਟ ਅਤੇ ਧੋਖਾ ਹੈ। ਜੋ ਮਨੁੱਖ ਅੰਦਰੋਂ ਹੋਰ, ਬਾਹਰੋਂ ਹੋਰ ਹੋਵੇ, ਬਾਬਾ ਫਰੀਦ ਉਸ ਨੂੰ ਕੱਚਾ ਮਨੁੱਖ ਕਹਿੰਦੇ ਹਨ -

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥*
*ਅੰਗ - ੪੮੮*

ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ -

*ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ ॥*
*ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ॥*
*ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ॥*
*ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ॥*
*ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ ॥*
*ਅੰਗ - ੬੪੫*

ਇਸ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਮਾਇਆ ਦੇ ਪੰਜ ਲੱਛਣ ਦਸੇ ਹਨ -

ਪਹਿਲਾ - ਜਿਵੇਂ ਕਸੁੰਭੇ ਦੇ ਫੁੱਲ ਦਾ ਰੰਗ ਰੂਪ ਬਹੁਤ ਚਮਕੀਲਾ ਤੇ ਭੜਕੀਲਾ ਹੁੰਦਾ ਹੈ, ਤਿਵੇਂ ਮਾਇਆ ਦਾ ਸੰਸਾਰ ਬੜੇ ਠਾਠ ਬਾਠ ਵਾਲਾ, ਚਮਕ-ਦਮਕ ਵਾਲਾ ਅਤੇ ਖਿੱਚ ਭਰਿਆ ਹੁੰਦਾ ਹੈ।

ਦੂਜਾ - ਪਰ ਇਹ ਚਮਕ ਦਮਕ, ਰਾਜੇ ਰਾਣਿਆਂ ਦੀ ਮਾਇਕ ਸ਼ਾਨ ਸ਼ੋਕਤ, ਠਾਠ ਬਾਠ, ਸਥਿਰ ਰਹਿਣ ਵਾਲੀ ਵਸਤੂ ਨਹੀਂ, ਚਾਰ ਦਿਨ ਦੀ ਚਾਂਦਨੀ ਹੈ।

ਤੀਜਾ - ਮਾਇਆ ਦੀ ਛਬੀ ਨਾਲ ਨਿਭਣ ਵਾਲੀ ਵਸਤੂ ਨਹੀਂ, ਇਥੇ ਸੰਸਾਰ ਵਿਚ ਹੀ ਰਹਿ ਜਾਣੀ ਹੈ।

ਚੌਥਾ - ਮਾਇਆ ਨਾਲ ਨਹੀਂ ਨਿਭਦੀ ਪਰ ਮਾਇਕ ਪ੍ਰਾਪਤੀਆਂ ਲਈ ਕੀਤੇ ਚੰਗੇ ਮਾੜੇ ਕੰਮ ਸੰਸਕਾਰ ਰੂਪ ਵਿਚ ਜੀਵ ਆਤਮਾ ਦਾ ਹਿੱਸਾ ਬਣ ਕੇ ਨਾਲ ਨਿਭਦੇ ਹਨ।

ਪੰਜਵਾਂ - ਜਦੋਂ ਇਹ ਗਿਆਨ ਹੋ ਜਾਂਦਾ ਹੈ ਕਿ ਜਿਸ ਮਾਇਆ ਕਾਰਨ ਵੈਰ ਵਿਰੋਧ ਅਤੇ ਬੁਰੇ ਕੰਮ ਕੀਤੇ, ਪਾਪ ਕਮਾਏ, ਛਲ ਫਰੇਬ ਧੋਖੇ ਕੀਤੇ, ਉਹ ਮਾਇਆ ਤੁਰਨ ਲਗਿਆਂ ਏਥੇ ਹੀ ਰਹਿ ਗਈ ਤੇ ਵਿਪਰੀਤ ਇਸ ਦੇ ਇਸ ਦੀ ਪ੍ਰਾਪਤੀ ਲਈ ਕੀਤੇ ਛਲ ਫਰੇਬ ਨਾਲ ਹੋ ਤੁਰੇ, ਤਾਂ ਮਨੁੱਖ ਨੂੰ ਆਪਣੀ ਕਰਨੀ ਤੇ ਡਾਹਢਾ ਪਛਤਾਵਾ ਲਗਦਾ ਹੈ। ਮੌਤ ਬੜੀ ਭਿਆਨਕ ਲਗਦੀ ਹੈ। ਮਨੁੱਖ ਪਸ਼ਚਾਤਾਪ ਕਰਦਾ ਹੈ ਕਿ ਉਸ ਤੋਂ ਭੁੱਲ ਹੋ ਗਈ, ਅਮੋਲਕ ਜੀਵਨ ਕੌਡੀਆਂ ਬਦਲੇ ਗਵਾ ਲਿਆ। ਜਿਸ ਮਾਇਆ ਕਾਰਨ ਏਨੇ ਸਾਧਨ ਜੁਟਾਏ, ਉਹ ਛਿਨ ਵਿਚ ਸਾਥ ਛੱਡ ਗਈ। ਪਰ ਹੁਣ ਖੁੰਝਿਆ ਸਮਾਂ ਤੇ ਅਵਸਰ ਕਿਵੇਂ ਹੱਥ ਆਵੇ?

ਇਸ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਹ ਜੀਵਨ ਮਾਇਕ ਪ੍ਰਾਪਤੀਆਂ ਲਈ ਨਹੀਂ, ਸਗੋਂ ਗੋਬਿੰਦ ਮਿਲਣ ਦੀ ਬਰੀਆ ਹੈ, ਇਹ ਸੁਨਹਿਰੀ ਮੌਕਾ। ਪੰਜਵੇਂ ਸਤਿਗੁਰੂ ਜੀ ਦਾ ਫੁਰਮਾਨ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ - ੧੨*

ਮਾਇਆ ਦੇ ਰੰਗ ਤਮਾਸ਼ਿਆਂ ਵਿਚ ਰੁਝੇ ਰਹਿਣਾ ਕੀਮਤੀ ਜੀਵਨ ਨੂੰ ਬਰਬਾਦ ਕਰਨਾ ਹੈ। ਆਉ, ਮਾਇਆ ਦੇ ਮਾਇਕ ਜਾਲ ਨੂੰ ਥੋੜ੍ਹੇ ਹੋਰ ਵਿਸਥਾਰ

ਵਿਚ ਸਮਝਣ ਦਾ ਯਤਨ ਕਰੀਏ। ਮਾਇਆ ਕੀ ਹੈ? ਬੜਾ ਗੰਭੀਰ ਪ੍ਰਸ਼ਨ ਹੈ। ਸੰਸਕ੍ਰਿਤ ਵਿਚ ਮਾਇਆ ਤੋਂ ਭਾਵ ਹੈ - ਕਪਟ, ਛਲ, ਦੰਭ, ਭੁਲੇਖਾ, ਭਰਮ, ਅਵਿਦਿਆ। ਹਉਮੈ ਅਧੀਨ ਮਨ ਅਤੇ ਗਿਆਨ ਇੰਦ੍ਰੀਆਂ ਦਾ ਰਚਿਆ ਸੰਸਾਰ, ਮਾਲ, ਧਨ ਦੌਲਤ, ਲੋਭ ਅਤੇ ਹਉਮੈ ਤੋਂ ਸਿਰਜੀ ਦ੍ਵੈਤ ਦੀ ਸਾਰੀ ਖੇਡ। ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਇਕ ਪ੍ਰਸ਼ਨ ਇਹ ਪੁੱਛਿਆ ਸੀ ਕਿ ਇਹ ਮਾਇਕ ਜਗਤ ਕਿਵੇਂ ਪੈਦਾ ਹੁੰਦਾ ਹੈ ਅਤੇ ਇਸ ਤੋਂ ਉਪਤੰਨ ਹੋਏ ਦੁਖਾਂ ਦਾ ਵਿਨਾਸ਼ ਕਿਵੇਂ ਹੁੰਦਾ ਹੈ?

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥* ਅੰਗ - ੯੪੬

ਉੱਤਰ ਵਿਚ ਗੁਰੂ ਬਾਬੇ ਜੀ ਨੇ ਦਸਿਆ ਕਿ ਇਹ ਸੰਸਾਰ ਮਨੁੱਖ ਦੀ ਹਉਮੈ ਦੀ ਉਪਜ ਹੈ ਅਤੇ ਨਾਮ ਦੇ ਭੁੱਲ ਜਾਣ ਨਾਲ ਮਨੁੱਖ ਦੁਖੀ ਹੁੰਦਾ ਹੈ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥* ਅੰਗ - ੯੪੬

ਅਰਥਾਤ - ਬ੍ਰਹਿਮੰਡ ਕੇਵਲ ਬ੍ਰਹਮ ਪਸਾਰਾ ਹੀ ਹੈ। ਬ੍ਰਹਮ ਤੋਂ ਬਿਨਾਂ ਹੋਰ ਕੁਝ ਨਹੀਂ ਅਤੇ ਮਾਇਕ ਜਗਤ ਦੀ ਉਤਪਤੀ ਤੇ ਪਾਸਾਰ ਹਉ ਭਾਵ ਵਿਚ ਮਨ ਤੇ ਪ੍ਰਕ੍ਰਿਤੀ ਦੀ ਖੇਡ ਹੈ। ਹਉਂ ਨਿਜ ਚੇਤਨਾ ਨੂੰ ਪੈਦਾ ਕਰਦਾ ਹੈ ਜਿਸ ਰਾਹੀਂ ਜਗਤ ਦਾ ਗਿਆਨ ਹੁੰਦਾ ਹੈ। ਜਗਤ ਦਾ ਸਾਰਾ ਤਾਣਾ ਬਾਣਾ, ਦੇਸ਼ ਕਾਲ ਦੀ ਵੰਡ ਹਉਂ ਦੀ ਕਿਰਤ ਹੈ। ਦੇਸ਼ ਕਾਲ ਦੀ ਵੰਡ ਵਿਚ ਅੰਤਰੀਵ ਸਤਿ ਦੀ ਏਕਤਾ ਗਵਾਚ ਜਾਂਦੀ ਹੈ ਅਤੇ ਸੰਸਾਰ ਇਕ ਬ੍ਰਹਮ ਦੀ ਥਾਂ ਅਨੇਕ ਭਾਸਦਾ ਹੈ ਤੇ ਮਨੁੱਖ ਮਾਇਆ ਦੇ ਤਿੰਨਾਂ ਗੁਣਾਂ, ਰਜੋ, ਸਤੋ, ਤਮੋ ਵਿਚ ਘਿਰ ਕੇ ਰਹਿ ਜਾਂਦਾ ਹੈ ਅਤੇ ਇਸ ਭਰਮ ਜਾਲ ਵਿਚ ਹੀ ਉਸ ਦੀ ਆਯੂ ਬਤੀਤ ਹੋ ਜਾਂਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਬਾਣੀ 'ਅਨੰਦ ਸਾਹਿਬ' ਵਿਚ ਫੁਰਮਾਉਂਦੇ ਹਨ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
ਅੰਗ - ੯੨੦

ਇਸੇ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ 'ਮਾਇਆ' ਦੇ ਪ੍ਰਭਾਵ ਨੂੰ 'ਅੱਗ' ਦੇ ਪ੍ਰਭਾਵ ਨਾਲ ਤੁਲਾਨਾਉਂਦੇ ਕਹਿੰਦੇ ਹਨ ਕਿ ਮਾਇਆ ਵੀ ਇਕ ਅਗਨੀ ਨਿਆਈਂ ਹੈ ਜਿਸ ਦੀ ਲਪੇਟ ਤੋਂ ਕੋਈ ਨਹੀਂ ਬਚ ਸਕਦਾ। ਪਰ ਇਸ ਦੀ ਹੋਂਦ ਤੇ ਹਸਤੀ ਸੁਤੰਤਰ ਤੇ ਸਦੀਵ ਨਹੀਂ, ਜਿਵੇਂ ਕਈ ਮਤ-ਮਤਾਂਤਰਾਂ ਦਾ ਵਿਚਾਰ ਹੈ। ਇਸ ਦੀ ਕਿਰਤ ਵੀ ਅਕਾਲ ਪੁਰਖ ਦੀ ਖੇਡ ਹੈ। ਜਗਤ ਤਮਾਸ਼ੇ ਦੇ ਪ੍ਰਮੁੱਖ ਰੂਪ ਹਨ। ਮਨੁੱਖ ਜਾਂ ਤਾਂ ਮਾਇਆ ਦੇ ਪ੍ਰਭਾਵ ਵਿਚ ਸੰਸਾਰ ਖੇਡ ਵਿਚ ਰੁਚਿਤ ਰਹਿੰਦਾ ਹੈ ਤੇ ਇਸ ਦੀ ਪ੍ਰਾਪਤੀ ਤੇ ਸੰਭਾਲ ਦੇ ਦੁਖ-ਸੁਖ ਅਤੇ ਭੋਗਾਂ ਵਿਚ ਗ਼ਲਤਾਨ ਰਹਿੰਦਾ ਹੈ ਜਾਂ ਫਿਰ ਅਨੁਭਵੀ ਪੁਰਸ਼ਾਂ ਤੋਂ ਗਿਆਨ ਹਾਸਿਲ ਕਰ ਕੇ ਆਪਣੀ ਲਿਵ ਪਰਮ ਪ੍ਰਮਾਤਮਾ ਵਿਚ ਜੋੜ ਕੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ। ਜੀਵ ਪ੍ਰਭੂ ਦੇ ਹੁਕਮ ਵਿਚ ਹੀ ਇਸ ਸੰਸਾਰ ਵਿਚ ਜਨਮ ਲੈਂਦਾ ਹੈ ਅਤੇ ਹਉਮੈ ਦੀ ਇਹ ਖੇਡ ਜਨਮ ਤੋਂ ਹੀ ਆਰੰਭ ਹੋ ਜਾਂਦੀ ਹੈ। ਮਾਇਆ ਦਾ ਰਾਜ ਉਦੋਂ ਹੀ ਵਿਆਪਕ ਹੁੰਦਾ ਹੈ ਜਦੋਂ ਮਨੁੱਖ ਦੀ ਲਿਵ ਪ੍ਰਭੂ ਨਾਲੋਂ ਟੁੱਟੀ ਹੁੰਦੀ ਹੈ। ਪ੍ਰਭੂ ਲਿਵ ਦਾ ਟੁੱਟਣਾ ਤੇ ਮਾਇਆ ਅਗਨ ਦਾ ਵਿਆਪਕ ਹੋਣਾ ਇਕੋ ਸਮੇਂ ਵਾਪਰਦੀਆਂ ਘਟਨਾਵਾਂ ਹਨ। ਸ੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ -

*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ॥* ਅੰਗ - ੯੨੧

ਮਾਇਆ ਦਾ ਸਥੂਲ ਰੂਪ ਤਾਂ ਦਿਸਦਾ ਨਹੀਂ ਪਰ ਇਸ ਦਾ ਪ੍ਰਭਾਵ ਬੜਾ ਪ੍ਰਤੱਖ ਹੈ। ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਉਹ ਸਭ ਕੁਝ ਮਾਇਆ ਹੈ ਜਿਸ ਦੇ ਪਿਆਰ ਵਿਚ ਪ੍ਰਮਾਤਮਾ ਭੁੱਲ ਜਾਵੇ ਅਤੇ ਉਸ ਦੀ ਥਾਂ ਸੰਸਾਰਕ ਵਸਤੂਆਂ ਨਾਲ ਮੋਹ ਪੈਦਾ ਹੋ ਜਾਵੇ ਅਤੇ 'ਮੇਰ ਤੇਰ' ਦਾ ਦ੍ਵੈਤ ਭਾਵ ਉਤਪੰਨ ਹੋਵੇ -

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥* ਅੰਗ - ੯੨੧

ਮਾਇਆ ਦੀ ਆਕਰਸ਼ਣ ਸ਼ਕਤੀ ਦੀ ਤੁਲਨਾ ਇਕ ਮਨਮੋਹਣੀ ਇਸਤ੍ਰੀ ਨਾਲ ਵੀ ਕੀਤੀ ਗਈ ਹੈ ਜਿਸ ਦੇ ਭਰਮ ਜਾਲ ਵਿਚ ਮਨੁੱਖ ਦਾ ਫਸ ਜਾਣਾ ਕੋਈ ਗ਼ੈਰ ਕੁਦਰਤੀ ਗੱਲ ਨਹੀਂ ਕਿਉਂਕਿ ਇਸ ਦੇ ਕਰਤਾ ਪ੍ਰਮਾਤਮਾ ਨੇ ਇਸ ਵਿਚ ਲੋਕਾਂ ਦੇ ਮਨ ਨੂੰ ਮੋਹਣ ਵਾਲੀ ਆਕਰਸ਼ਣ ਸ਼ਕਤੀ ਭਰ ਦਿਤੀ ਹੈ। ਇਸ ਮਨਮੋਹਣੀ ਮਾਇਆ ਪਾਸ ਇਕ ਠਗ ਬੂਟੀ ਹੈ ਜਿਸ ਨਾਲ ਉਸ ਨੇ ਸਾਰੇ ਸੰਸਾਰ ਨੂੰ ਭਰਮਾ ਕੇ ਮਾਇਆ ਜਾਲ ਵਿਚ ਫਸਾਇਆ ਹੋਇਆ ਹੈ। ਕੋਈ ਮਰ ਜੀਵੜਾ ਸੰਤ ਪੁਰਸ਼ ਹੀ ਇਸ ਭਰਮ ਜਾਲ ਤੋਂ ਮੁਕਤਿ ਹੁੰਦਾ ਹੈ -

*ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥*
*ਮਾਇਆ ਤ ਮੋਹਣੀ ਤਿਨੈ ਕੀਤੀ*

*ਜਿਨਿ ਠਗਉਲੀ ਪਾਈਆ॥*
*ਕੁਰਬਾਣੁ ਕੀਤਾ ਤਿਸੈ ਵਿਟਹੁ*
*ਜਿਨਿ ਮੋਹੁ ਮੀਠਾ ਲਾਇਆ ॥ ਅੰਗ - ੯੧੮*

ਮਾਇਆ ਸਬੰਧੀ - ਐਸਾ ਹੀ ਫੁਰਮਾਨ ਪੰਜਵੇਂ ਸਤਿਗੁਰੂ ਦਾ ਹੈ -

*ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥*
*ਐਸੀ ਠਗਉਰੀ ਪਾਇ ਭੁਲਾਵੈ*
*ਮਨਿ ਸਭ ਕੈ ਲਾਗੈ ਮੀਠੀ ॥ ਅੰਗ - ੬੭੩*

ਗੁਰਬਾਨੀ ਵਿਚ ਮਾਇਆ ਦੇ ਭਰਮ ਜਾਲ ਸਬੰਧੀ ਕਈ ਉਦਾਹਰਣ ਪ੍ਰਾਪਤ ਹਨ। ਭਗਤ ਰਵਿਦਾਸ ਜੀ ਇਕ ਸ਼ਬਦ ਵਿਚ ਦਸਦੇ ਹਨ ਕਿ ਮਾਇਆ ਦੇ ਭਰਮ ਕਾਰਨ ਜੋ ਸਾਨੂੰ ਦਿਸਦਾ ਹੈ, ਅਸਲ ਵਿਚ ਉਹ ਉਸ ਤਰ੍ਹਾਂ ਹੁੰਦਾ ਨਹੀਂ। ਜਿਵੇਂ ਰਾਜ ਸਿੰਘਾਸਨ 'ਤੇ ਬੈਠਾ ਇਕ ਰਾਜਾ ਸੁਪਨੇ ਵਿਚ ਆਪਣੇ ਆਪ ਨੂੰ ਭਿਖਾਰੀ ਰੂਪ ਵਿਚ ਪਾ ਕੇ ਬੜਾ ਦੁਖੀ ਹੁੰਦਾ ਹੈ। ਪਰ ਸੁਪਨਾ ਅਸਲੀਅਤ ਨਹੀਂ। ਉਸ ਦਾ ਦੁਖ ਉਸ ਦੀ ਆਪਣੀ ਕਲਪਨਾ ਹੈ। ਇਹੋ ਦਸ਼ਾ ਸਾਡੀ ਹੈ। ਅਸੀਂ ਹਨ੍ਹੇਰੇ ਵਿਚ ਰੱਸੀ ਨੂੰ ਸੱਪ ਸਮਝ ਕੇ ਦੁਖੀ ਹੁੰਦੇ ਹਾਂ। ਭਗਤ ਜੀ ਲਿਖਦੇ ਹਨ-

*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥*
*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥ ਅੰਗ - ੬੫੭*

ਪਰ ਜਿੰਨਾਂ ਚਿਰ ਸੁਪਨਾ ਬਣਿਆ ਰਹਿੰਦਾ ਹੈ, ਸੁਪਨੇ ਦੀ ਦੁਨੀਆਂ ਵੀ ਅਸਲ ਜਾਪਦੀ ਹੈ। ਅਸਲੀਅਤ ਦਾ ਗਿਆਨ ਜਾਗ ਖੁੱਲ੍ਹਣ 'ਤੇ ਹੁੰਦਾ ਹੈ। ਨੌਵੀਂ ਪਾਤਸ਼ਾਹੀ ਨੇ ਆਪਣੇ ਸ਼ਬਦਾਂ ਵਿਚ ਮਾਇਕ ਸੰਸਾਰ ਨੂੰ ਮ੍ਰਿਗ ਤ੍ਰਿਸ਼ਨਾ ਵਾਂਗ ਝੂਠਾ, ਰੇਤ ਦੀ ਕੰਧ ਵਾਂਗ ਛੇਤੀ ਕਿਰ ਜਾਣ ਵਾਲਾ, ਬੱਦਲ ਦੀ ਛਾਂ ਵਾਂਗ ਛਾਈਂ ਮਾਈਂ ਹੋ ਜਾਣ ਵਾਲਾ ਅਤੇ ਧੂਏਂ ਦੇ ਪਹਾੜ ਵਾਂਗ ਮਿਥਿਆ ਦਸਿਆ ਹੈ। ਆਪ ਜੀ ਦੇ ਫੁਰਮਾਨ ਹਨ -

*ਮ੍ਰਿਗ ਤ੍ਰਿਸਨਾ ਜਿਉ ਝੂਠੋ*
*ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥ ਅੰਗ - ੨੧੯*

*ਜੋ ਦੀਸੈ ਸੋ ਸਗਲ ਬਿਨਾਸੈ*
*ਜਿਉ ਬਾਦਰ ਕੀ ਛਾਈ ॥ ਅੰਗ - ੨੧੯*
*ਰੇ ਨਰ ਇਹ ਸਾਚੀ ਜੀਅ ਧਾਰਿ ॥*
*ਸਗਲ ਜਗਤੁ ਹੈ ਜੈਸੇ ਸੁਪਨਾ*
*ਬਿਨਸਤ ਲਗਤ ਨ ਬਾਰ ॥ ੧ ॥ ਰਹਾਉ ॥*
*ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ*
*॥ ਤੈਸੇ ਹੀ ਇਹ ਸੁਖ ਮਾਇਆ ਕੇ*
*ਉਰਝਿਓ ਕਹਾ ਗਵਾਰ ॥ ਅੰਗ - ੬੩੩*

ਮਾਇਆ ਦਾ ਸੰਸਾਰ ਸਥਿਰ ਨਹੀਂ, ਚਲਾਇਮਾਨ ਹੈ ਪਰ ਇਸ ਦਾ ਇਹ ਭਾਵ ਨਹੀਂ ਕਿ ਸੰਸਾਰ ਤਿਆਗ ਕੇ ਮਨੁੱਖ ਸੰਨਿਆਸੀ ਯੋਗੀ ਜਾਂ ਉਦਾਸੀ ਬਣ ਜਾਵੇ।

*ਸੁਪਨ ਰੀ ਸੰਸਾਰੁ ॥ ਮਿਥਨੀ ਬਿਸਥਾਰੁ ॥ ਅੰਗ - ੧੨੨੯*

ਸੁਪਨੇ ਦਾ ਕੋਈ ਵਜੂਦ ਨਹੀਂ ਹੁੰਦਾ। ਇਵੇਂ ਹੀ ਇਹ ਸੰਸਾਰ ਸਦਾ ਸਤਿ ਨਹੀਂ ਹੈ। ਗੁਰੂ ਜੀ ਇਸ ਵਿਚਾਰ ਨੂੰ ਨਹੀਂ ਮੰਨੇ ਕਿ ਸੰਸਾਰ ਮਿਥਿਆ ਹੈ, ਇਸ ਲਈ ਇਸ ਨੂੰ ਤਿਆਗ ਦੇਣਾ ਹੀ ਉਚਿਤ ਹੈ। ਗੁਰੂ ਜੀ ਦਾ ਉਪਦੇਸ਼ ਹੈ ਕਿ ਸੰਸਾਰ ਸਤਿ ਦੇ ਸਾਪੇਖ ਅਸਤਿ ਹੈ, ਇਸ ਲਈ ਸਤਿ ਤਿਆਗ ਕੇ ਅਸਤਿ ਨਾਲ ਮੋਹ ਨਹੀਂ ਪਾਉਣਾ ਚਾਹੀਦਾ। ਅਸਲੀਅਤ ਨੂੰ ਪਿਆਰ ਕਰਨਾ ਚਾਹੀਦਾ ਹੈ। ਲਿਵ ਅਤੇ ਧਿਆਨ ਨੂੰ ਮਾਇਆ ਵਿਚ ਨਹੀਂ, ਵਾਹਿਗੁਰੂ ਵਿਚ ਜੋੜਨਾ ਚਾਹੀਦਾ ਹੈ। ਮਾਲਕ ਨੂੰ ਛੱਡ ਕੇ ਦਾਸੀ ਦੀ ਸੇਵਾ ਨਹੀਂ ਕਰਨੀ ਚਾਹੀਦੀ। ਪਾਣੀ ਰਿੜਕਣ ਨਾਲ ਕੁਝ ਪੱਲੇ ਨਹੀਂ ਪੈਂਦਾ -

*ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥*
*ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥*
*ਅੰਗ - ੨੨੯*

ਇਹ ਧਰਤੀ ਨੇਕੀ ਅਤੇ ਸਿਮਰਨ ਕਰਨ ਲਈ ਸਾਜੀ ਗਈ ਹੈ। ***"ਹਰਿ ਸਿਮਰਨਿ ਧਾਰੀ ਸਭ ਧਰਨਾ ॥ "*** ਇਹ ਧਰਤੀ ਧਰਮ ਕਮਾਉਣ, ਨਾਮ ਜਪਣ ਲਈ ਸਤਿਪੁਰਖਾਂ, ਸੰਤਾਂ, ਸਾਧੂਆਂ ਦਾ ਸਥਾਨ ਹੈ ***'ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ (ਅੰਗ-*** *੨੨੪)* ਕੇਵਲ ਨਾਮ ਦੀ ਸੋਭਾ ਹੀ ਸੱਚੀ ਸੋਭਾ ਹੈ ਜੋ ਨਾਲ ਨਿਭਦੀ ਹੈ ਅਤੇ ਲੋਕ ਪ੍ਰਲੋਕ ਵਿਚ ਸਹਾਈ ਹੁੰਦੀ ਹੈ -

*ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ*
*॥ ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ*
*ਜਾਦੀ ਬਿਲਮੁ ਨ ਹੋਇ ॥ ਅੰਗ - ੪੨੯*

ਇਸ ਚਾਰ ਦਿਨ ਰਹਿਣ ਵਾਲੀ ਝੂਠੀ ਮਾਇਆ ਪ੍ਰਤੀ ਹੀ ਗੁਰੂ ਰਾਮਦਾਸ ਜੀ ਦਾ ਇਹ ਫੁਰਮਾਨ ਹੈ-

*ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ॥*
*ਅੰਗ - ੬੪੫*

# ਸ਼ਹੀਦ ਬਾਬਾ ਦੀਪ ਸਿੰਘ ਜੀ

*ਡਾ. ਰੂਪ ਸਿੰਘ*

ਧਰਮ ਪ੍ਰਮੁੱਖ ਰੂਪ ਵਿਚ ਜੀਵਨ-ਜਾਚ ਹੈ। ਜੋ ਮਨੁੱਖ ਧਰਮ ਨੂੰ ਆਪਣੇ ਜੀਵਨ ਵਿਚ ਜਿਉਂਦੇ ਹਨ, ਉਨ੍ਹਾਂ ਦੇ ਜੀਵਨ ਅੰਦਰ ਇਕ ਰੂਪਾਂਤਰਕਾਰੀ ਤਬਦੀਲੀ ਆਉਂਦੀ ਹੈ, ਜਿਸ ਤਬਦੀਲੀ ਨਾਲ ਉਹ ਪਰਾਭੌਤਿਕ ਸੰਸਾਰ ਵਿਚ ਸੱਚ ਦੇ ਰੂਬਰੂ ਹੁੰਦੇ ਹਨ, ਜਿਸ ਦੇ ਫਲਸਰੂਪ ਉਨ੍ਹਾਂ ਦੇ ਅੰਦਰ ਵਿਸ਼ਾਲਤਾ ਅਤੇ ਬ੍ਰਹਿਮੰਡੀ ਚੇਤੰਨਤਾ ਪੈਦਾ ਹੁੰਦੀ ਹੈ। ਉਹ ਸਦੀਵੀ ਸੱਚ ਦੇ ਆਧਾਰ 'ਤੇ ਹੀ ਸਥੂਲ ਸੰਸਾਰ ਨੂੰ ਦੇਖਣ ਦਾ ਜਤਨ ਕਰਦੇ ਹਨ। ਉਹ ਸਦੀਵੀ ਸੱਚ ਲਈ ਆਪਣੇ ਰਹਿਬਰਾਂ ਦੁਆਰਾ ਨਿਰਧਾਰਤ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਇਨ੍ਹਾਂ ਨੂੰ ਤੋੜਨ ਵਾਲਿਆਂ ਵਿਰੁੱਧ ਡੱਟ ਜਾਂਦੇ ਹਨ। ਸੱਚ 'ਤੇ ਪਹਿਰਾ ਦਿੰਦੇ ਹਨ ਅਤੇ ਇਸ ਦੀ ਬਹਾਲੀ ਅਤੇ ਬਰਕਰਾਰੀ ਲਈ ਆਪਣੇ ਜੀਵਨ ਦੀ ਕੁਰਬਾਨੀ ਦੇ ਦਿੰਦੇ ਹਨ। ਅਜਿਹੇ ਯੋਧੇ ਅਤੇ ਸੂਰਬੀਰ ਸਮੇਂ-ਸਮੇਂ ਸੰਸਾਰ ਅੰਦਰ ਪੈਦਾ ਹੁੰਦੇ ਰਹਿੰਦੇ ਹਨ। ਇਨ੍ਹਾਂ ਹੀ ਮਹਾਂਬਲੀਆਂ ਵਿਚੋਂ ਇਕ ਸਨ ਬਾਬਾ ਦੀਪ ਸਿੰਘ ਜੀ, ਜਿਨ੍ਹਾਂ ਨੂੰ ਸ਼ਹੀਦ ਨਾਮ ਨਾਲ ਸਤਿਕਾਰਿਆ ਅਤੇ ਜਾਣਿਆ ਜਾਂਦਾ ਹੈ।

ਬਾਬਾ ਦੀਪ ਸਿੰਘ ਜੀ ਦਾ ਜਨਮ ਪਿੰਡ ਪਹੁਵਿੰਡ ਜ਼ਿਲਾ ਸ੍ਰੀ ਅੰਮ੍ਰਿਤਸਰ (ਪਹਿਲਾਂ ਲਾਹੌਰ) ਵਿਚ ਮਾਤਾ ਜੀਵਨੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਘਰ ਹੋਇਆ। ਬਾਬਾ ਜੀ ਦੀ ਜਨਮ ਮਿਤੀ ਬਾਰੇ ਇਤਿਹਾਸਕਾਰ ਚੁੱਪ ਹਨ। ਕੋਈ ਭਰੋਸੇਯੋਗ ਤਾਰੀਖ-ਸਾਲ ਨਾ ਮਿਲਣ ਕਰਕੇ ਇਹ ਸਮਾਂ ਮਿਥਿਆ ਨਹੀਂ ਗਿਆ। ਬਾਬਾ ਜੀ ਦੀ ਸ਼ਹੀਦੀ ਮਾਰਚ 1757 ਈ: ਵਿਚ ਹੋਈ। ਇਸ ਸਮੇਂ ਉਨ੍ਹਾਂ ਦੀ ਉਮਰ 70-75 ਸਾਲ ਦੇ ਲਗ-ਭੱਗ ਦੱਸੀ ਜਾਂਦੀ ਹੈ। ਜਾਪਦਾ ਹੈ ਕਿ ਉਨ੍ਹਾਂ ਦਾ ਜਨਮ 1680 ਈ: ਦੇ ਲਾਗੇ-ਚਾਗੇ ਹੀ ਹੋਇਆ ਹੋਵੇ। ਇਹ ਤੱਥ ਭਾਵੇਂ ਬਹੁਤ ਜ਼ਿਆਦਾ ਮਹੱਤਵਪੂਰਨ ਨਹੀਂ ਹੈ ਪਰ ਖੋਜ ਦਾ ਮੁਥਾਜ ਜ਼ਰੂਰ ਹੈ। ਬਾਬਾ ਦੀਪ ਸਿੰਘ ਜੀ ਦਾ ਬਚਪਨ ਪਿੰਡ ਵਿਚ ਹੀ ਗੁਜ਼ਰਿਆ ਅਤੇ ਥੋੜ੍ਹੀ ਸੁਰਤ ਸੰਭਾਲਣ ਉਪਰੰਤ ਬਾਬਾ ਜੀ ਸ੍ਰੀ ਆਨੰਦਪੁਰ ਸਾਹਿਬ ਚਲੇ ਗਏ, ਜਿਥੇ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ-ਪਾਨ ਕੀਤਾ। ਆਪ ਹਮੇਸ਼ਾ ਬਾਣੀ ਦੇ ਪਾਠ, ਭਜਨ-ਬੰਦਗੀ ਵਿਚ ਮਸਤ ਰਹਿੰਦੇ ਸਨ। ਆਪ ਗੁਰੂ ਜੀ ਦੇ ਨਜ਼ਦੀਕੀਆਂ ਵਿਚੋਂ ਸਨ। ਆਪ ਸਡੌਲ ਸਰੀਰ ਅਤੇ ਦ੍ਰਿੜ੍ਹ ਇਰਾਦੇ ਵਾਲੇ ਭਜਨੀਕ ਅਤੇ ਧਾਰਮਿਕ ਬਿਰਤੀ ਵਾਲੇ ਪੁਰਸ਼ ਸਨ। ਆਪ ਇਕ ਵਿਦਵਾਨ ਅਤੇ ਯੋਧੇ ਸਨ। ਆਪ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਲੜੀਆਂ ਗਈਆਂ ਜੰਗਾਂ ਵਿਚ ਕਾਫੀ ਯੋਗਦਾਨ ਪਾਇਆ।

ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਵਿਚ ਆ ਗਏ। ਜੇਕਰ ਇਹ ਤੱਥ ਸਹੀ ਹੈ ਕਿ ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਜੀ ਇਕੱਲੇ ਹੀ ਨਿਕਲੇ ਸਨ ਤਾਂ ਉਸ ਤੋਂ ਸਾਬਤ ਹੁੰਦਾ ਹੈ ਕਿ ਬਾਬਾ ਦੀਪ ਸਿੰਘ ਜੀ ਉਸ ਸਮੇਂ ਸੰਭਵ ਹੈ ਤਲਵੰਡੀ ਸਾਬੋ ਹੀ ਗੁਰਦੁਆਰੇ ਦੀ ਸੇਵਾ-ਸੰਭਾਲ ਕਰ ਰਹੇ ਹੋਣ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਥੇ ਆਏ ਤਾਂ ਸਿੱਖਾਂ ਨੇ ਲੰਮੇ-ਸਮੇਂ ਤਕ ਲੜਾਈ ਪਿਛੋਂ ਇਥੇ ਥੋੜ੍ਹੇ ਸਮੇਂ ਲਈ ਮਿਲੀ ਰਾਹਤ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਗੁਰਬਾਣੀ ਦੇ ਅਰਥ ਪੜ੍ਹਾਏ ਜਾਣ। ਇਸ ਉਦੇਸ਼ ਲਈ ਗੁਰੂ ਜੀ ਨੇ ਪਰੰਪਰਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਧੀਰਮਲੀਆਂ ਤੋਂ ਲਿਆਉਣ ਲਈ ਸਿੱਖਾਂ ਨੂੰ ਭੇਜਿਆ।

ਉਥੋਂ ਜਵਾਬ ਮਿਲਣ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਨੂੰ ਲਗਾ ਕੇ ਗੁਰੂ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ ਅਤੇ ਸਿੱਖਾਂ ਨੂੰ ਅਰਥਾਂ ਸਮੇਤ ਪੜ੍ਹਾਇਆ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਟਕਸਾਲ ਆਰੰਭ ਹੋਈ ਜੋ ਅੱਜ ਦਮਦਮੀ ਟਕਸਾਲ ਦੇ ਨਾਮ ਨਾਲ ਜਾਣੀ ਜਾਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਦੱਖਣ ਵਲ ਜਾਣ ਲੱਗੇ ਤਾਂ ਉਨ੍ਹਾਂ ਬਾਬਾ ਦੀਪ ਸਿੰਘ ਜੀ ਨੂੰ ਤਲਵੰਡੀ ਸਾਬੋ ਰਹਿ ਕੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਅਤੇ ਗੁਰਬਾਣੀ ਪੜ੍ਹਨ-ਪੜ੍ਹਾਉਣ ਅਤੇ ਲਿਖਵਾਉਣ ਦੀ ਸੇਵਾ ਸੌਂਪੀ। ਬਾਬਾ ਦੀਪ ਸਿੰਘ ਜੀ ਨੇ ਇਹ ਸੇਵਾ ਬਹੁਤ ਸ਼ਰਧਾ ਅਤੇ ਪ੍ਰੇਮ ਨਾਲ ਨਿਭਾਈ। ਆਪ ਖੁਦ ਗੁਰਬਾਣੀ ਦੇ ਅਭਿਆਸੀ ਅਤੇ ਰਸੀਏ ਹੋਣ ਕਰਕੇ ਵਿਸ਼ੇਸ਼ ਦਿਲਚਸਪੀ ਨਾਲ ਇਹ ਕਾਰਜ ਕਰਦੇ ਅਤੇ ਸਥਾਨਕ ਸੰਗਤਾਂ ਨੂੰ ਸਿੱਖੀ ਤੋਂ ਜਾਣੂੰ ਕਰਾਉਂਦੇ। ਕਿਹਾ ਜਾਂਦਾ ਹੈ ਕਿ ਇਸੇ ਸਮੇਂ

ਦੌਰਾਨ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਦਾ ਹੱਥੀਂ ਉਤਾਰਾ ਕੀਤਾ।

ਪਰੰਪਰਾ ਅਨੁਸਾਰ ਜਦੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਪੰਜਾਬ ਆਏ ਤਾਂ ਬਾਬਾ ਦੀਪ ਸਿੰਘ ਜੀ ਨੇ ਉਨ੍ਹਾਂ ਦੀਆਂ ਜੰਗਾਂ ਵਿਚ ਹਿੱਸਾ ਲਿਆ ਅਤੇ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਬਾਬਾ ਜੀ ਪੱਕੇ ਤੌਰ 'ਤੇ ਤਲਵੰਡੀ ਸਾਬ੍ਹੋ ਆ ਟਿਕੇ ਅਤੇ ਫਿਰ ਗੁਰਬਾਣੀ ਪ੍ਰਚਾਰ ਦਾ ਕਾਰਜ ਆਰੰਭ ਕਰ ਦਿਤਾ।

1748 ਈ: ਵਿਚ ਸਿੱਖਾਂ ਦੇ 65 ਛੋਟੇ-ਛੋਟੇ ਜੱਥਿਆਂ ਨੂੰ 12 ਵੱਡੇ ਜਥਿਆਂ ਵਿਚ ਸੰਗਠਤ ਕਰ ਦਿਤਾ ਗਿਆ, ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਂਦਾ ਸੀ ਅਤੇ ਬਾਬਾ ਦੀਪ ਸਿੰਘ ਜੀ ਨੂੰ ਸ਼ਹੀਦਾਂ ਦੀ ਮਿਸਲ ਦਾ ਜਥੇਦਾਰ ਥਾਪਿਆ ਗਿਆ। ਇਨ੍ਹਾਂ ਮਿਸਲਾਂ ਨੇ ਦੁਆਬੇ ਨੂੰ ਪੰਜਾਂ ਹਿੱਸਿਆਂ ਵਿਚ ਵੰਡ ਲਿਆ ਅਤੇ ਉਥੇ ਰਾਖੀ ਪ੍ਰਣਾਲੀ ਲਾਗੂ ਕਰ ਦਿਤੀ। ਬਾਬਾ ਜੀ ਨੇ ਕਰੋੜ ਸਿੰਘ ਨਾਲ ਮਿਲ ਕੇ ਸਤਲੁਜ ਦੇ ਦੱਖਣੀ ਕਿਨਾਰੇ ਰਾਖੀ ਕੀਤੀ। ਇਸ ਪ੍ਰਣਾਲੀ ਅਧੀਨ ਮਿਸਲਾਂ ਦੇ ਜਥੇਦਾਰ ਰਾਖੀ ਵਾਲੇ ਪਿੰਡਾਂ ਦੀ ਜਾਨ-ਮਾਲ ਦੀ ਰੱਖਿਆ ਕਰਦੇ ਸਨ ਅਤੇ ਇਸ ਦੇ ਇਵਜ਼ਾਨੇ ਵਜੋਂ ਪਿੰਡਾਂ ਵਾਲੇ ਇਨ੍ਹਾਂ ਨੂੰ ਸਰਕਾਰੀ ਵਾਰਸ਼ਿਕ ਕਰ ਦਾ ਪੰਜਵਾਂ ਹਿੱਸਾ ਦਿੰਦੇ ਸਨ। ਇਸ ਤਰ੍ਹਾਂ ਕੁਝ ਦੇਰ ਪਿਛੋਂ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬ੍ਹੋ ਟਿਕ ਗਏ ਅਤੇ ਸਿੱਖੀ ਪ੍ਰਚਾਰ ਦਾ ਕੰਮ ਕਰਦੇ ਰਹੇ।

ਅਹਿਮਦ ਸ਼ਾਹ ਦੁਰਾਨੀ ਜੋ ਸਿੱਖਾਂ ਦੇ ਸਖ਼ਤ ਵਿਰੁੱਧ ਸੀ ਅਤੇ ਸਿੱਖਾਂ ਨੂੰ ਖਤਮ ਕਰਨ ਉਤੇ ਤੁਲਿਆ ਹੋਇਆ ਸੀ ਆਪਣੇ 1757 ਈ: ਦੇ ਹਿੰਦੁਸਤਾਨ ਦੇ ਹਮਲੇ ਵੇਲੇ ਦਿੱਲੀ ਜਾਂਦਾ ਹੋਇਆ ਕੁਝ ਦੇਰ ਲਈ ਲਾਹੌਰ ਠਹਿਰਿਆ। ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ, ਪਵਿੱਤਰ ਇਮਾਰਤਾਂ ਨੂੰ ਢਾਹ ਦਿਤਾ ਅਤੇ ਸਰੋਵਰ ਨੂੰ ਕੂੜੇ-ਕਰਕਟ ਨਾਲ ਭਰ ਦਿਤਾ। ਇਸ ਦਾ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਪਤਾ ਲੱਗਾ ਤਾਂ ਗੁਰਧਾਮਾਂ ਦੀ ਹੋਈ ਬੇਅਦਬੀ ਨਾ ਸਹਾਰਦਿਆਂ ਹੋਇਆਂ ਬਦਲਾ ਲੈਣ ਲਈ ਤਲਵੰਡੀ ਸਾਬ੍ਹੋ ਦੇ ਲਾਗਲੇ ਪਿੰਡ ਜੱਗਾ, ਬਹਿਮਣ, ਸਾਹਨਵਾਲਾ, ਪੰਜੋਕੇ, ਗੁਰੂ ਚੌਤਰਾ, ਫੂਲ, ਮਹਿਰਾਜ, ਦਰਾਜ, ਭੂੰਚੋ, ਗੋਬਿੰਦਪੁਰਾ, ਕੋਟ ਅਤੇ ਲੱਖੀ ਜੰਗਲ ਆਦਿ ਤੋਂ ਸਿੰਘਾਂ ਨੂੰ ਜੱਥੇ ਵਿਚ ਭਰਤੀ ਕਰਨਾ ਸ਼ੁਰੂ ਕਰ ਦਿਤਾ ਅਤੇ ਹਜ਼ਾਰ ਕੁ ਸਿੰਘਾਂ ਦੀ ਗਿਣਤੀ ਨਾਲ ਤਲਵੰਡੀ ਤੋਂ ਪੈਦਲ ਤੁਰਦੇ-ਤੁਰਦੇ ਤਰਨ ਤਾਰਨ ਪਹੁੰਚ ਗਏ। ਉਥੇ ਉਨ੍ਹਾਂ ਦੀ ਗਿਣਤੀ ਪੰਜ ਹਜ਼ਾਰ ਦੇ ਲਗਭੱਗ ਹੋ ਗਈ। ਸਿੱਖਾਂ ਨੇ ਆਪਣੇ ਗੁਟਾਂ 'ਤੇ ਸ਼ਗਨਾਂ ਦੇ ਗਾਨੇ ਬੰਨ੍ਹੇ ਹੋਏ ਸਨ ਅਤੇ ਆਪਣੇ ਕਪੜਿਆਂ ਉਤੇ ਕੇਸਰ ਛਿੜਕਿਆ ਹੋਇਆ ਸੀ। ਜਹਾਨ ਖਾਨ, ਜੋ ਅੰਮ੍ਰਿਤਸਰ ਦਾ ਇੰਚਾਰਜ ਸੀ, ਨੂੰ ਖੁਫੀਆ ਏਜੰਸੀਆਂ ਤੋਂ ਪਤਾ ਲੱਗਾ ਕਿ ਸਿੱਖ ਉਨ੍ਹਾਂ 'ਤੇ ਹਮਲਾ ਕਰਨ ਲਈ ਆ ਰਹੇ ਹਨ। ਇਹ ਖਬਰ ਸੁਣ ਕੇ ਜਹਾਨ ਖਾਨ ਨੇ ਆਪਣੇ ਸਹਾਇਕ ਅਤਾਈ ਖ਼ਾਨ ਨੂੰ ਸਿੱਖਾਂ ਉਤੇ ਹਮਲਾ ਕਰਨ ਦੇ ਆਦੇਸ਼ ਦਿਤੇ। ਜਹਾਨ ਖਾਨ ਦੋ ਹਜ਼ਾਰ ਘੋੜ ਸਵਾਰ ਫੌਜ ਲੈ ਕੇ ਪਹਿਲਾਂ ਹੀ ਸ਼ਹਿਰੋਂ ਅੱਠ ਕਿਲੋਮੀਟਰ ਦੂਰ ਗੋਹਲਵੜ ਸਥਾਨ 'ਤੇ ਪਹੁੰਚ ਗਿਆ, ਜਿਥੇ ਉਸ ਦੀ ਸਿੱਖਾਂ ਨਾਲ ਮਾਰਚ 1757 ਨੂੰ ਟੱਕਰ ਹੋਈ। ਅਫਗਾਨ ਸਿੰਘਾਂ ਦਾ ਟਾਕਰਾ ਨਾ ਕਰ ਸਕੇ ਅਤੇ ਭੱਜ ਨਿਕਲੇ। ਸਿੱਖਾਂ ਦੇ ਇਸ ਬਹਾਦਰੀ ਵਾਲੇ ਕਾਰਨਾਮੇ ਬਾਰੇ ਆਪਣੀ ਪੁਸਤਕ ਤਹਿਮਸਨਾਮਾ ਵਿਚ ਮਸਕੀਨ ਜੀ ਲਿਖਦੇ ਹਨ ਸਿੱਖਾਂ ਨੂੰ ਪਤਾ ਲੱਗ ਗਿਆ ਅਤੇ ਚਾਰੇ ਪਾਸਿਆਂ ਤੋਂ ਸਾਡੇ ਉਪਰ ਹੱਲਾ ਬੋਲ ਦਿਤਾ। ਲੜਾਈ ਸ਼ੁਰੂ ਹੋ ਗਈ ਅਤੇ ਦੋਵੇਂ ਇਕ ਦੂਜੇ ਉਤੇ ਫਾਇਰ ਕਰਨ ਲੱਗੇ। ਸਿੱਖਾਂ ਨੇ ਸਾਨੂੰ ਨੇੜਿਓਂ ਘੇਰ ਲਿਆ ਅਤੇ ਹਰ ਪਾਸਿਓਂ ਲੜਾਈ ਤੇਜ਼ ਕਰ ਦਿਤੀ ਅਤੇ ਸਾਨੂੰ ਇੰਨਾ ਬੇਹੌਂਸਲਾ ਕਰ ਦਿਤਾ ਅਤੇ ਸਾਡੇ ਕਈ ਆਦਮੀ ਘਬਰਾਹਟ ਵਿਚ ਭੱਜ ਗਏ, ਜਿਨ੍ਹਾਂ ਨੂੰ ਜਹਾਨ ਖਾਨ ਡਰਾ-ਧਮਕਾ ਕੇ ਫਿਰ ਵਾਪਸ ਲੈ ਕੇ ਆਇਆ। ਸ੍ਰੀ ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਦਾ ਬਦਲਾ ਲੈਣ ਲਈ ਸਿੱਖ ਗੁੱਸੇ ਨਾਲ ਭਰੇ ਹੋਏ ਜਾਨਾਂ ਹੂਲ ਕੇ ਲੜੇ ਅਤੇ ਅਫਗਾਨਾਂ ਦੇ ਛੱਕੇ ਛੁਡਾ ਦਿਤੇ। ਇਤਨੇ ਨੂੰ ਜਹਾਨ ਖਾਨ ਦਾ ਸਹਾਇਕ ਅਤਾਈ ਖਾਨ ਆਪਣੀ ਫੌਜ ਲੈ ਕੇ ਆ ਗਿਆ, ਜਿਸ ਨਾਲ ਸਿੱਖਾਂ ਦਾ ਪਲੜਾ ਉਲਟਾ ਹੋ ਗਿਆ। ਸਿੰਘ ਇਕ-ਇਕ ਕਰਕੇ ਸ਼ਹੀਦ ਹੁੰਦੇ ਗਏ। ਇਥੇ ਹੀ ਘਮਸਾਨ ਦੀ ਲੜਾਈ ਵਿਚ ਬਾਬਾ ਦੀਪ ਸਿੰਘ ਜੀ ਨੇ ਸੂਰਬੀਰਤਾ ਨਾਲ ਜੰਗੀ ਜੌਹਰ ਦਿਖਾਏ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਆਪਣਾ ਸੀਸ ਭੇਟ ਕੀਤਾ ਅਤੇ ਸ਼ਹੀਦ ਹੋ ਗਏ। ਪਰੰਪਰਾ ਅਨੁਸਾਰ ਬਾਬਾ ਦੀਪ ਸਿੰਘ ਜੀ ਦਾ ਸੀਸ ਕੱਟਿਆ ਗਿਆ। ਬਾਬਾ ਜੀ ਸੀਸ ਨੂੰ ਆਪਣੇ ਖੱਬੇ ਹੱਥ ਦੀ ਹਥੇਲੀ 'ਤੇ ਟਿਕਾ ਕੇ ਲੜਦੇ ਗਏ ਅਤੇ ਪ੍ਰਕਰਮਾ ਵਿਚ ਆਪਣਾ ਸੀਸ ਭੇਟ ਕੀਤਾ ਅਤੇ ਸ਼ਹੀਦ ਹੋ ਗਏ।

ਬਾਬਾ ਜੀ ਨਾਲ ਉਹਨਾਂ ਦੇ ਚਾਰ ਜਥੇਦਾਰ ਰਾਮ ਸਿੰਘ, ਸੱਜਣ ਸਿੰਘ, ਬਹਾਦਰ ਸਿੰਘ ਅਤੇ ਹੀਰਾ

*(ਬਾਕੀ ਪੰਨਾ 62 'ਤੇ)*

# ਭਗਤ ਨਾਮਦੇਵ ਜੀ
# ਜਨਮ, ਬਚਪਨ ਤੇ ਆਰੰਭਿਕ ਜੀਵਨ

*ਗਿਆਨੀ ਪ੍ਰਤਾਪ ਸਿੰਘ*

ਬੁੱਧ ਧਰਮ ਦੇ ਘਟਾਅ ਤੋਂ ਬਾਅਦ ਤੇ ਮੁਸਲਮਾਨ ਬਾਦਸ਼ਾਹਾਂ ਦੇ ਹਮਲਿਆਂ ਨਾਲ ਹਿੰਦੁਸਤਾਨ ਵਿਚ ਭਗਤੀ ਦੀ ਜੋ ਲਹਿਰ ਜਾਰੀ ਹੋਈ, ਇਹ ਦਰਅਸਲ ਦੱਖਣ 'ਚੋਂ ਉੱਠੀ। ਭਗਤੀ ਦਾ ਇਹ ਸੋਮਾ ਹੌਲੀ-ਹੌਲੀ ਉਤਰੀ ਭਾਰਤ ਵਲ ਵਧਿਆ। ਰਾਜਨੀਤਿਕ ਪਰਿਵਰਤਨ ਦੇ ਕਾਰਨ ਸੁੰਨ ਪਏ ਹੋਏ ਜਨਤਾ ਦੇ ਹਿਰਦਿਆਂ ਵਿਚ ਇਸ ਨੂੰ ਪੂਰੀ ਥਾਂ ਮਿਲੀ। ਰਾਮਾਨੁਜ ਨੇ (ਸੰਮਤ 1073 ਵਿਚ) ਜਿਸ ਭਗਤੀ ਦਾ ਨਿਰੂਪਣ ਕੀਤਾ ਸੀ, ਉਸ ਵਲ ਜਨਤਾ ਆਕਰਸ਼ਿਤ ਹੋਈ। ਗੁਜਰਾਤ ਪ੍ਰਾਂਤ ਵਿਚ ਮਾਧਵਾਚਾਰਯ ਨੇ (1254-1333 ਵਿਚ) ਜੋ ਅਦਵੈਤਵਾਦੀ ਵੈਸ਼ਨਵ ਸੰਪਰਦਾਇ ਚਲਾਈ, ਉਸ ਵਲ ਬਹੁਤ ਸਾਰੇ ਲੋਕ ਝੁਕ ਗਏ। ਭਗਤੀ ਮਾਰਗ ਵਿਚ ਸਮਾਨਤਾ ਸੀ, ਇਸ ਲਈ ਮਹਾਂਰਾਸ਼ਟਰ ਵਿਚ ਤੇਰ੍ਹਵੀਂ ਸਦੀ ਵਿਚ ਭਗਤੀ ਮਾਰਗ ਦਾ ਜ਼ੋਰ ਹੋ ਗਿਆ। ਇਸ ਪ੍ਰਾਂਤ ਵਿਚ ਜੋ ਸੰਤ ਪੈਦਾ ਹੋਏ, ਉਹ ਖ਼ਾਸ ਤੌਰ 'ਤੇ ਕਹਿਣ-ਮਾਤਰ ਅਖੌਤੀ ਨੀਵੀਆਂ ਜਾਤਾਂ ਵਿਚੋਂ ਸਨ। ਉਨ੍ਹਾਂ ਵਿਚੋਂ ਸ੍ਰੀ ਨਾਮਦੇਵ, ਗਿਆਨੇਸ਼ਵਰ, ਮੁਕਤਾ ਬਾਈ, ਏਕ ਨਾਥ, ਜਨਾਰਧਨ, ਤ੍ਰਿੰਬਕ ਸਵਾਮੀ, ਮੁਦਗਲ ਆਦਿਕ ਦੇ ਨਾਂ ਖ਼ਾਸ ਵਰਣਨਯੋਗ ਹਨ। ਮਹਾਂਰਾਸ਼ਟਰ ਵਿਚ ਧਰਮ ਪ੍ਰਚਾਰ, ਸਮਾਜਿਕ ਸੁਧਾਰ ਤੇ ਰਾਜਨੀਤਿਕ ਜਾਗ੍ਰਤੀ ਦਾ ਕੰਮ ਸੰਤ ਮੰਡਲ ਨੇ ਕੀਤਾ।

ਸ੍ਰੀ ਨਾਮਦੇਵ ਜੀ ਮਹਾਂਰਾਸ਼ਟਰ ਦੇ ਪ੍ਰਸਿੱਧ ਭਗਤ ਹੋਏ ਹਨ। ਆਪ ਦਾ ਜਨਮ ਐਤਵਾਰ, ਕੱਤਕ ਸੁਦੀ 11 ਸੰਮਤ 1327 ਬਿਕ੍ਰਮੀ ਮੁਤਾਬਿਕ 1210 ਈ: ਨੂੰ ਪਿੰਡ ਨਰਸੀ ਬਾਮਨੀ, ਜ਼ਿਲ੍ਹਾ ਸਤਾਰਾ (ਬੰਬਈ) ਵਿਖੇ ਦਾਮਸ਼ੇਟੀ ਛੀਪੇ ਦੇ ਘਰ ਹੋਇਆ। ਆਪ ਦੀ ਮਾਤਾ ਦਾ ਨਾਮ ਗੋਨਾ ਬਾਈ ਸੀ, ਜੋ ਇਕ ਦਰਜ਼ੀ ਦੀ ਪੁੱਤਰੀ ਸੀ। ਇਨ੍ਹਾਂ ਦਾ ਪਿੰਡ ਕਲਿਆਨ ਸੀ। ਨਾਮਦੇਵ ਜੀ ਦੇ ਮਾਤਾ ਪਿਤਾ ਭਗਤੀ ਭਾਵ ਵਾਲੇ ਸਨ।

ਸ੍ਰੀ ਨਾਮਦੇਵ ਜੀ ਦੇ ਸਬੰਧ ਵਿਚ ਇਕ ਸਾਖੀ ਇਹ ਵੀ ਹੈ ਕਿ ਦਾਮਸ਼ੇਟੀ ਤੇ ਗੋਨਾ ਬਾਈ ਦੇ ਕੋਈ ਸੰਤਾਨ ਨਹੀਂ ਸੀ। ਇਹ ਦੋਵੇਂ ਜੀਅ ਵਿਠੋਬਾ ਦੇਵ ਦੀ ਪੂਜਾ ਕਰਦੇ ਸਨ। ਇਕ ਦਿਨ ਭੀਮਾ ਨਦੀ ਤੋਂ ਇਸ਼ਨਾਨ ਕਰ ਕੇ ਵਾਪਸ ਆ ਰਹੇ ਸਨ ਕਿ ਇਨ੍ਹਾਂ ਨੂੰ ਬਾਰ੍ਹਾਂ ਵਰ੍ਹਿਆਂ ਦਾ ਇਕ ਬੇਟਾ ਮਿਲਿਆ, ਇਹ ਨਾਮਦੇਵ ਜੀ ਸਨ।

ਨਗਰ ਦੇ ਬਾਹਰ ਵਿਠੋਬਾ ਦਾ ਮੰਦਰ ਸੀ। ਉਥੇ ਦਾਮਸ਼ੇਟੀ ਨਿੱਤਪੂਜਾ ਕਰਨ ਜਾਇਆ ਕਰਦੇ ਸਨ। ਜਿਹੀ ਕੋਕੋ, ਤਿਹੇ ਬੱਚੇ' ਦੀ ਅਖੌਤ ਅਨੁਸਾਰ ਮਾਤਾ ਪਿਤਾ ਦੇ ਸ਼ੁਭ ਸੰਸਕਾਰਾਂ ਦਾ ਪ੍ਰਭਾਵ ਸ੍ਰੀ ਨਾਮਦੇਵ ਜੀ 'ਤੇ ਪਿਆ। ਉਹ ਬਚਪਨ ਤੋਂ ਹੀ ਰੱਬ ਦੀ ਭਗਤੀ ਵੱਲ ਲੱਗ ਪਏ। ਪੰਜ ਵਰ੍ਹੇ ਦੀ ਉਮਰ ਵਿਚ ਆਪ ਨੂੰ ਸਕੂਲੇ ਪੜ੍ਹਨ ਪਾਇਆ ਗਿਆ, ਪਰ ਇਨ੍ਹਾਂ ਨੇ ਪੜ੍ਹਾਈ ਵੱਲ ਕੋਈ ਖਾਸ ਧਿਆਨ ਨਾ ਦਿਤਾ। ਜੇ ਕਦੀ ਸਕੂਲ ਦਾ ਉਸਤਾਦ ਬਾਹਰ ਜਾਂਦਾ ਤਾਂ ਨਾਮਦੇਵ ਜੀ ਇਸ ਮੌਕੇ ਨੂੰ ਦੁਰਲੱਭ ਸਮਝ ਕੇ ਦੂਜੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਰੱਬ ਦੀ ਭਗਤੀ ਵਲ ਲਗ ਜਾਂਦੇ। ਆਪ ਸੁਰ-ਤਾਲ ਨਾਲ ਈਸ਼ਵਰ ਦੇ ਗੀਤ ਗਾਉਂਦੇ ਤੇ ਸਾਥੀਆਂ ਨੂੰ ਭੀ ਗਾਉਣ ਦੀ ਪ੍ਰੇਰਣਾ ਕਰਦੇ।

ਜਦ ਰਤਾ ਵਡੀ ਉਮਰ ਦੇ ਹੋਏ ਤਾਂ ਸ੍ਰੀ ਨਾਮਦੇਵ ਜੀ ਦੀ ਸ਼ਾਦੀ ਗੋਬਿੰਦ ਸ਼ੇਟੀ ਦੀ ਲੜਕੀ ਰਾਜਾ ਬਾਈ ਨਾਲ ਹੋਈ। ਆਪ ਦੇ ਮਾਤਾ ਪਿਤਾ ਨੇ ਜਤਨ ਕੀਤਾ ਕਿ ਟੱਬਰਦਾਰ ਹੋਣ ਦੇ ਨਾਲ ਹੀ ਵਿਹਾਰ ਦੀ ਉੱਨਤੀ ਵਲ ਖ਼ਾਸ ਧਿਆਨ ਦੇਣ ਪਰ ਉਨ੍ਹਾਂ ਨੂੰ ਇਸ ਗੱਲ ਵਿਚ ਸਫਲਤਾ ਨਾ ਹੋਈ। ਇਕ ਵੇਰ ਪਿਤਾ ਨੇ ਕੁਝ ਰੁਪਏ ਕਿਸੇ ਸ਼ਾਹੂਕਾਰ ਪਾਸੋਂ ਲੈ ਕੇ ਵਪਾਰ ਕਰਨ ਲਈ ਦਿਤੇ। ਆਪ ਨੇ ਉਹ ਰੁਪਏ ਫਕੀਰਾਂ ਨੂੰ ਖੁਆ ਦਿਤੇ। ਮਾਤਾ-ਪਿਤਾ ਨੂੰ ਆਪ ਦੇ ਇਸ ਵਤੀਰੇ ਤੋਂ ਬੜੀ ਨਿਰਾਸਤਾ ਹੋਈ। ਜਿਸ ਮੰਦਰ ਵਿਚ ਨਾਮਦੇਵ ਜੀ ਪੂਜਾ-ਪਾਠ ਕਰਨ ਜਾਂਦੇ ਸਨ, ਉਥੋਂ ਦੇ ਪੁਜਾਰੀਆਂ ਨੇ ਵੀ ਆਪ ਨੂੰ ਸਮਝਾਉਣ ਦਾ ਜਤਨ ਕੀਤਾ ਪਰ ਉਨ੍ਹਾਂ ਦੀ ਵੀ ਕੋਈ ਪੇਸ਼ ਨਾ ਗਈ।

ਇਕ ਦਿਨ ਨਾਮਦੇਵ ਜੀ ਦਾ ਪਿਤਾ ਕਿਸੇ ਖ਼ਾਸ ਕੰਮ ਲਈ ਬਾਹਰ ਚਲਿਆ ਤਾਂ ਉਸ ਨੇ ਆਪ ਨੂੰ ਬੁਲਾ ਕੇ ਕਿਹਾ, ਮੈਂ ਕਿਸੇ ਕੰਮ ਲਈ ਬਾਹਰ ਚਲਿਆ ਹਾਂ, ਤੂੰ ਪਿੱਛੋਂ ਮੇਰੀ ਥਾਵੇਂ ਮੰਦਰ ਵਿਚ ਜਾ ਕੇ ਠਾਕੁਰ ਦੀ ਪੂਜਾ-ਸੇਵਾ ਕਰੀਂ। ਠਾਕੁਰ ਨੂੰ ਭੋਗ ਲਵਾਏ ਬਿਨਾ ਆਪ ਅੰਨ ਜਲ ਨਾ ਗ੍ਰਹਿਣ ਕਰੀਂ। ਨਾਮਦੇਵ ਜੀ ਨੇ ਉੱਤਰ ਦਿਤਾ, "ਪਿਤਾ ਜੀ! ਆਪ ਚਿੰਤਾ ਨਾ ਕਰੋ, ਮੈਂ ਬੜੇ ਪ੍ਰੇਮ ਨਾਲ ਠਾਕੁਰ

ਜੀ ਦੀ ਪੂਜਾ-ਸੇਵਾ ਕਰਾਂਗਾ।" ਪਿਤਾ ਬੜੀ ਸਾਧਾਰਨ ਜਿਹੀ ਗੱਲ ਕਹਿ ਕੇ ਚਲਾ ਗਿਆ। ਦੂਜੇ ਦਿਨ ਸਵੇਰੇ ਨਾਮਦੇਵ ਜੀ ਨੇ ਇਸ਼ਨਾਨ ਕਰਕੇ ਗਊ ਦਾ ਦੁੱਧ ਚੋਇਆ ਤੇ ਬੜੇ ਪ੍ਰੇਮ ਨਾਲ ਉਹ ਦੁੱਧ ਲੈ ਕੇ ਠਾਕੁਰ ਨੂੰ ਭੋਗ ਲਵਾਉਣ ਲਈ ਮੰਦਰ ਵਿਚ ਪੁੱਜੇ। ਦੁੱਧ ਮੂਰਤ ਦੇ ਸਾਮ੍ਹਣੇ ਰੱਖ ਕੇ ਭਜਨ-ਸਿਮਰਨ ਵਿਚ ਜੁੱਟ ਗਏ। ਢੇਰ ਚਿਰ ਹੋ ਗਿਆ ਪਰ ਮੂਰਤੀ ਨੇ ਦੁੱਧ ਨਾ ਪੀਤਾ। ਨਾਮਦੇਵ ਨੂੰ ਸ਼ੱਕ ਪਿਆ ਕਿ ਠਾਕੁਰ ਮੇਰੇ ਪਿਤਾ ਜੀ ਦਾ ਦੁੱਧ ਤਾਂ ਪੀ ਲੈਂਦੇ ਹਨ ਪਰ ਮੇਰੇ ਵਿਚ ਕੁਝ ਕਸੂਰ ਹੈ, ਇਸ ਲਈ ਮੇਰਾ ਦੁੱਧ ਨਹੀਂ ਪੀਂਦੇ। ਭੋਲੇ-ਭਾਅ ਆਪ ਨੇ ਮੂਰਤੀ ਅੱਗੇ ਬੜੇ ਤਰਲੇ ਕੀਤੇ ਪਰ ਨਤੀਜਾ ਕੋਈ ਨਾ ਨਿਕਲਿਆ। ਭੋਲੇ ਨਾਮਦੇਵ ਨੂੰ ਕੀ ਪਤਾ ਸੀ ਕਿ ਜੜ੍ਹ ਪ੍ਰਿਤਮਾ ਕਦੀ ਦੁੱਧ ਨਹੀਂ ਪੀਂਦੇ। ਉਸ ਨੇ ਪਿਤਾ ਦੇ ਬਚਨ ਮੰਨ ਕੇ ਸਿਰ-ਧੜ ਦੀ ਬਾਜ਼ੀ ਲਾ ਦਿਤੀ। ਨਾਮਦੇਵ ਜੀ ਨੇ ਦਿਲ ਵਿਚ ਪ੍ਰਣ ਕਰ ਲਿਆ ਕਿ ਜਦ ਤੀਕ ਠਾਕੁਰ ਦੁੱਧ ਨਹੀਂ ਪੀਂਦੇ, ਉਦੋਂ ਤੀਕ ਮੈਂ ਵੀ ਕੁਝ ਨਹੀਂ ਖਾਣਾ ਪੀਣਾ। ਮਨੁੱਖ ਦਾ ਦ੍ਰਿੜ੍ਹ ਸੰਕਲਪ ਤੇ ਅਟੱਲ ਵਿਸ਼ਵਾਸ਼ ਕਈ ਵੇਰ ਅਣਹੋਣੀ ਗੱਲ ਨੂੰ ਹੋਣੀ ਕਰ ਦਿੰਦਾ ਹੈ। ਭਗਤ ਮਾਲ ਤੇ ਹੋਰ ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ ਕਿ ਨਾਮਦੇਵ ਜੀ ਦੀ ਪ੍ਰੇਮ-ਭਗਤੀ ਨੂੰ ਦੇਖ ਕੇ ਮੂਰਤੀ ਨੇ ਉਹ ਦੁੱਧ ਪੀ ਲਿਆ। ਭਾਈ ਗੁਰਦਾਸ ਜੀ ਲਿਖਦੇ ਹਨ-

*ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।*
*ਠਾਕੁਰ ਦੀ ਸੇਵਾ ਕਰੀਂ ਦੁੱਧ ਪੀਆਵਣੁ ਕਹਿ ਸਮਝਾਇਆ।*
*ਨਾਮਦੇਉ ਇਸਨਾਨੁ ਕਰਿ*
*ਕਪਲ ਗਾਇ ਦੁਹਿਕੈ ਲੈ ਆਇਆ।*
*ਠਾਕੁਰ ਨੋ ਨ੍ਹਾਵਾਲਿਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।*
*ਹਥਿ ਜੋੜਿ ਬਿਨਤੀ ਕਰੈ*
*ਦੂਧੁ ਪੀਅਹੁ ਜੀ ਗੋਬਿੰਦ ਰਾਇਆ।*
*ਨਿਹਚਉ ਕਰਿ ਆਰਾਧਿਆ*
*ਹੋਇ ਦਇਆਲੁ ਦਰਸੁ ਦਿਖਲਾਇਆ।*

*ਭਰੀ ਕਟੋਰੀ ਨਾਮਦੇਵਿ ਲੈ ਠਾਕਰ ਨੋ ਦੂਧ ਪੀਆਇਆ।*
*ਗਾਇ ਮੁਈ ਜੀਵਾਲੀਓਨੁ ਨਾਮਦੇਉ ਦਾ ਛਪਰ ਛਾਇਆ।*
*ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।*
*ਭਗਤ ਜਨਾ ਦਾ ਕਰੇ ਕਰਾਇਆ॥* ਵਾਰ ੧੦/੧੧

ਸ੍ਰੀ ਨਾਮਦੇਵ ਜੀ ਇਸ ਘਟਨਾ ਬਾਰੇ ਆਪ ਫੁਰਮਾਉਂਦੇ ਹਨ -

*ਦੂਧੁ ਕਟੋਰੈ ਗਡਵੈ ਪਾਨੀ ॥*
*ਕਪਲ ਗਾਇ ਨਾਮੈ ਦੁਹਿ ਆਨੀ ॥ ੧ ॥*
*ਦੂਧੁ ਪੀਉ ਗੋਬਿੰਦੇ ਰਾਇ ॥*
*ਦੂਧੁ ਪੀਉ ਮੇਰੋ ਮਨੁ ਪਤੀਆਇ ॥*
*ਨਾਹੀ ਤ ਘਰ ਕੋ ਬਾਪੁ ਰਿਸਾਇ ॥ ੧ ॥ ਰਹਾਉ ॥*
*ਸੋੁਇਨ ਕਟੋਰੀ ਅੰਮ੍ਰਿਤ ਭਰੀ ॥*
*ਲੈ ਨਾਮੈ ਹਰਿ ਆਗੈ ਧਰੀ ॥ ੨ ॥*
*ਏਕੁ ਭਗਤੁ ਮੇਰੇ ਹਿਰਦੇ ਬਸੈ ॥*
*ਨਾਮੇ ਦੇਖਿ ਨਰਾਇਨੁ ਹਸੈ ॥ ੩ ॥*
*ਦੂਧੁ ਪੀਆਇ ਭਗਤੁ ਘਰਿ ਗਇਆ ॥*
*ਨਾਮੇ ਹਰਿ ਕਾ ਦਰਸਨੁ ਭਇਆ ॥* ਅੰਗ - ੧੧੬੩

ਅਸੀਂ ਇਸ ਘਟਨਾ ਦਾ ਭਾਵ ਇਹ ਸਮਝਦੇ ਹਾਂ ਕਿ ਮੂਰਤੀ ਨੂੰ ਦੁੱਧ ਪਿਲਾਣ ਦੇ ਭੋਲੇ ਭਾਅ ਨੇ ਹੀ ਨਾਮਦੇਵ ਜੀ ਦੇ ਅੰਤਰੀਵ-ਆਤਮੇ ਸਰਬ ਵਿਆਪਕ ਈਸ਼ਵਰ ਦੇ ਗਿਆਨ ਦਾ ਪ੍ਰਕਾਸ਼ ਕੀਤਾ। ਉਨ੍ਹਾਂ ਨੇ ਇਕ ਜੜ੍ਹ ਮੂਰਤੀ ਵਿਚ ਜੋ ਈਸ਼ਵਰ-ਭਾਵਨਾ ਕਲਪਤ ਕੀਤੀ ਹੋਈ ਸੀ, ਉਹ ਨਸ਼ਟ ਹੋ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚ ਆਉਂਦਾ ਹੈ -

*ਦੂਧੁ ਪੀਆਇ ਭਗਤੁ ਘਰਿ ਗਇਆ ॥*
*ਨਾਮੇ ਹਰਿ ਕਾ ਦਰਸਨੁ ਭਇਆ ॥* ਅੰਗ - ੧੧੬੪

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ 'ਹਰਿ-ਦਰਸ਼ਨ' ਮੂਰਤੀ ਦੇ ਦਰਸ਼ਨ ਨਾਲੋਂ ਕੋਈ ਵੱਖਰੀ ਚੀਜ਼ ਸੀ। ਮੂਰਤੀ ਦੇ ਦਰਸ਼ਨ ਤਾਂ ਰੋਜ਼ ਕਰਦੇ ਹੀ ਸਨ, ਇਸ ਲਈ ਉਸ ਵਿਚ ਈਸ਼ਵਰ ਦੀ ਭਾਵਨਾ ਕਲਪਤ ਕਰ ਕੇ ਦੁਧ ਪਿਆਲਣ ਬੈਠੇ ਸਨ। ਜੇ ਇਹ ਕਿਹਾ ਜਾਵੇ ਕਿ ਮੂਰਤੀ ਵਿਚੋਂ ਹੀ ਹਰਿ ਦਰਸ਼ਨ ਹੋਏ ਤਾਂ ਇਹ ਗੱਲ ਨਾਮਦੇਵ ਜੀ ਦੀ ਬਾਣੀ ਵਿਚ ਕਥਨ ਕੀਤੇ ਗਏ ਨਿਸਚਿਆਂ ਦੇ ਉਲਟ ਹੈ। ਆਪ ਫੁਰਮਾਉਂਦੇ ਹਨ -

*ਏਕੈ ਪਾਥਰ ਕੀਜੈ ਭਾਉ ॥*
*ਦੂਜੈ ਪਾਥਰ ਧਰੀਐ ਪਾਉ ॥*
*ਜੇ ਓਹੁ ਦੇਉ ਤ ਓਹੁ ਭੀ ਦੇਵਾ ॥*
*ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥* ਅੰਗ - ੫੨੫

ਭਾਵ, ਇਕ ਪੱਥਰ ਨੂੰ ਰੱਬ ਦੀ ਮੂਰਤੀ ਸਮਝ ਕੇ ਉਸ ਨਾਲ ਪ੍ਰੇਮ ਕਰਦੇ ਹਾਂ ਤੇ ਦੂਜੇ ਪੱਥਰ 'ਤੇ ਪੈਰ ਰਖਦੇ ਹਾਂ। ਜੇ ਇਕ ਪੱਥਰ ਦੇਵਤਾ ਹੈ ਤਾਂ ਦੂਜਾ ਕਿਉਂ ਨਹੀਂ? ਇਸ ਲਈ ਨਾਮਦੇਵ ਨਿਰਾਕਾਰ ਈਸ਼ਵਰ ਦੀ ਸੇਵਾ ਵਿਚ ਲੱਗਾ ਹੈ।

ਸ੍ਰੀ ਨਾਮਦੇਵ ਜੀ ਦੇ ਜੀਵਨ ਵਿਚ ਲਿਖਿਆ ਹੈ ਕਿ ਇਕ ਪਿੰਡ ਵਿਚ ਨਾਗ ਨਾਥ ਦਾ ਮੰਦਰ ਸੀ, ਉਸ ਵਿਚ ਇਕ ਤਤ੍ਵੇਤਾ ਸਾਧੂ 'ਵਿਸ਼ੋਭਾ ਖੇਚਰ' ਰਹਿੰਦਾ ਸੀ। ਆਪ ਨੇ ਉਸ ਦੀ ਮਹਿਮਾ ਸੁਣੀ ਹੋਈ ਸੀ, ਇਸ ਲਈ ਉਸ ਦਾ ਦਰਸ਼ਨ ਕਰਨ ਗਏ।

ਜਾ ਕੇ ਕੀ ਦੇਖਿਆ ਕਿ ਨਾਥ ਦੇ ਮੰਦਰ ਵਿਚ

ਇਕ ਡਰਾਉਣੀ ਸ਼ਕਲ ਵਾਲਾ ਤੇ ਮਲੀਨ ਮਨੁੱਖ ਸ਼ਿਵ ਦੀ ਮੂਰਤੀ ਉਪਰ ਪੈਰ ਰੱਖ ਕੇ ਬੈਠਾ ਹੈ।

ਇਹ ਵੇਖ ਕੇ ਆਪ ਬੜੇ ਹੈਰਾਨ ਹੋਏ ਤੇ ਉਸ ਪਾਸੋਂ ਪੁੱਛਣ ਲੱਗੇ -

ਨਾਮਦੇਵ - ਤੂੰ ਮੂਰਤੀ ਉਪਰ ਪੈਰ ਕਿਉਂ ਰੱਖੇ ਹਨ?

ਸਾਧੂ - ਕਿਥੇ ਰੱਖਾਂ?

ਨਾਮਦੇਵ - ਹੋਰ ਕੋਈ ਥਾਂ ਪੈਰ ਰੱਖਣ ਲਈ ਨਹੀਂ?

ਸਾਧੂ - ਜਿਥੇ ਰੱਬ ਨਹੀਂ, ਤੂੰ ਉਥੇ ਮੇਰੇ ਪੈਰ ਰੱਖ ਦੇ।

ਅੰਤ ਵਿਚ ਨਾਮਦੇਵ ਜੀ ਨੂੰ ਪਤਾ ਲੱਗਾ ਕਿ ਇਹ ਤਾਂ ਤਤ੍ਵੇਤਾ ਸਾਧੂ ਵਿਸ਼ੋਭਾ ਖੇਚਰ ਹੇ। ਆਪ ਨੇ ਉਸ ਨੂੰ ਚਰਨ ਸੇਵਕ ਬਣਾਉਣ ਦੀ ਪ੍ਰਾਰਥਨਾ ਕੀਤੀ। ਵਿਸ਼ੋਭਾ ਖੇਚਰ ਨੇ ਆਪ ਦੇ ਪ੍ਰੇਮ ਨੂੰ ਦੇਖ ਗੁਰ-ਦੀਖਿਆ ਦਿਤੀ।

ਸ੍ਰੀ ਨਾਮਦੇਵ ਕੁਝ ਮਹੀਨੇ ਉਸ ਪਾਸ ਟਿਕੇ ਤੇ ਗਿਆਨ ਗੋਸ਼ਟ ਕਰ ਕੇ ਆਤਮਕ ਸਿਖਿਆ ਲੈਂਦੇ ਰਹੇ।

ਇਕ ਵੇਰ ਸ੍ਰੀ ਨਾਮਦੇਵ ਜੀ ਇਕ ਮੰਦਰ ਵਿਚ ਗਏ। ਉਥੇ ਦੇਖਿਆ ਕਿ ਇਕ ਪੁਜਾਰੀ ਠਾਕੁਰ ਨੂੰ ਭੋਗ ਲਵਾਂਦਾ ਹੈ ਤੇ ਲਾਗੇ ਇਕ ਗਰੀਬ ਇਸਤ੍ਰੀ ਦੀ ਗੋਦ ਵਿਚ ਉਸ ਦਾ ਭੁੱਖਾ ਬੱਚਾ ਤੜਫਦਾ ਹੈ। ਆਪ ਨੇ ਉਸ ਪਾਸੋਂ ਪੁੱਛਿਆ, "ਬੱਚਾ ਕੀ ਚਾਹੁੰਦਾ ਹੈ?" ਇਸਤ੍ਰੀ ਨੇ ਕਿਹਾ, "ਭੁੱਖਾ ਹੋਣ ਕਰਕੇ ਕੁਝ ਖਾਣ ਲਈ ਮੰਗਦਾ ਹੈ।" ਇਹ ਸੁਣ ਕੇ ਨਾਮਦੇਵ ਜੀ ਬੜੇ ਦੁਖੀ ਹੋਏ, ਇਸ ਲਈ ਕਿ ਮੰਦਰ ਦਾ ਪੁਜਾਰੀ ਇਕ ਜੜ੍ਹ ਮੂਰਤੀ ਨੂੰ ਭੋਗ ਲਵਾਉਣ ਵਿਚ ਤਾਂ ਪੁੰਨ ਸਮਝਦਾ ਸੀ, ਪਰ ਸਾਮ੍ਹਣੇ ਇਕ ਭੁੱਖ ਨਾਲ ਤੜਪ ਰਹੇ ਮਨੁੱਖ ਦੇ ਬੱਚੇ ਨੂੰ ਪ੍ਰਸ਼ਾਦ ਦੇਣ ਤੋਂ ਝਿਜਕਦਾ ਸੀ।

ਇਹ ਨਜ਼ਾਰਾ ਦੇਖ ਕੇ ਆਪ ਪਾਸੋਂ ਰਿਹਾ ਨਾ ਗਿਆ। ਜਦ ਮੰਦਰ ਵਿਚ ਦਾਖਲ ਹੋਣ ਲੱਗੇ ਤਾਂ ਕੁਝ ਅਭਿਮਾਨੀ ਪੰਡਤਾਂ ਨੇ ਆਪ ਨੂੰ ਸ਼ੂਦਰ ਸਮਝ ਕੇ ਘਿਰਣਾ ਕੀਤੀ। ਉਨ੍ਹਾਂ ਨੇ ਰੌਲਾ ਪਾ ਦਿਤਾ ਕਿ ਇਕ ਸ਼ੂਦਰ ਨੇ ਸਾਡਾ ਮੰਦਰ ਅਪਵਿੱਤਰ ਕਰ ਦਿਤਾ ਹੈ, ਇਹ ਸੁਣ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ ਤੇ ਨਾਮਦੇਵ ਜੀ ਨੂੰ ਧੱਕੇ ਮਾਰ ਕੇ ਮੰਦਰੋਂ ਬਾਹਰ ਕੱਢਣ ਦਾ ਯਤਨ ਕੀਤਾ।

ਨਾਮਦੇਵ ਜੀ ਪੁੰਡਰਪੁਰ ਵਿਖੇ ਵਿਠਲ ਦੇ ਮੰਦਰ ਦੇ ਦਰਸ਼ਨ ਕਰਨ ਗਏ। ਇਹ ਟਿਕਾਣਾ 'ਪੁੰਡਾਰਕ' ਨਾਮੇ ਇਕ ਕ੍ਰਿਸ਼ਨ ਭਗਤ ਦੀ ਯਾਦਗਾਰ ਸੀ। ਇਸ ਸਬੰਧੀ ਇਹ ਕਥਾ ਪ੍ਰਸਿੱਧ ਹੈ ਕਿ ਕ੍ਰਿਸ਼ਨ ਜੀ ਇਕ ਵੇਰ ਪੁੰਡਾਰਕ ਨੂੰ ਦਵਾਰਕਾ ਵਿਖੇ ਮਿਲਣ ਆਏ, ਅੱਗੇ ਉਹ ਮਾਂ ਪਿਉ ਦੀ ਸੇਵਾ ਵਿਚ ਲੱਗਾ ਹੋਇਆ ਸੀ। ਉਸ ਨੇ ਕ੍ਰਿਸ਼ਨ ਜੀ ਨੂੰ ਬੈਠਣ ਲਈ ਇਕ ਇੱਟ ਪੇਸ਼ ਕੀਤੀ ਤੇ ਆਪ ਕੰਮ ਵਿਚ ਰੁੱਝਾ ਰਿਹਾ। ਕ੍ਰਿਸ਼ਨ ਜੀ ਇੱਟ ਉਪਰ ਬੈਠ ਤਾਂ ਗਏ, ਪਰ ਪੁੰਡਾਰਕ ਨੂੰ ਸੇਵਾ ਵਿਚ ਰੁੱਝਿਆਂ ਦੇਖ ਕੇ ਬਹੁਤਾ ਚਿਰ ਨਾ ਠਹਿਰੇ ਤੇ ਚਲਦੇ ਬਣੇ। ਇਸ ਯਾਦਗਾਰ ਵਿਚ ਜੋ ਮੂਰਤੀ ਬਣਾਈ ਗਈ, ਉਸ ਵਿਚ ਕ੍ਰਿਸ਼ਨ ਜੀ ਨੂੰ ਇਕ ਇੱਟ ਉਪਰ ਬੈਠੇ ਦਰਸਾਇਆ ਗਿਆ ਹੈ ਤੇ ਇਸੇ ਦਾ ਨਾਮ 'ਵਿਠਲ' ਕਰਕੇ ਪ੍ਰਸਿੱਧ ਹੈ। ਪੁੰਡਾਰਕ ਦੇ ਨਾਮ ਉਪਰ ਹੀ ਪੁੰਡਰਪੁਰ ਪ੍ਰਸਿੱਧ ਹੈ।

'ਚਲਦਾ.............।'

---

*(ਪੰਨਾ 59 ਦੀ ਬਾਕੀ)*

ਸਿੰਘ ਵੀ ਸ਼ਹੀਦ ਹੋ ਗਏ ਉਸ ਤੋਂ ਇਲਾਵਾ, ਨਿਹਾਲ ਸਿੰਘ, ਦਿਆਲ ਸਿੰਘ, ਸੰਤ ਸਿੰਘ ਅਤੇ ਕੌਰ ਸਿੰਘ ਵਰਗੇ ਨਾਮਵਰ ਯੋਧੇ ਵੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦੀ ਬਹਾਲੀ ਲਈ ਯੁੱਧ ਵਿਚ ਜੂਝਦੇ ਹੋਏ ਮੈਦਾਨੇ-ਜੰਗ ਅੰਦਰ ਖੰਡਾ ਖੜਕਾਉਂਦੇ ਹੋਏ ਸ਼ਹੀਦੀਆਂ ਪਾ ਗਏ।

ਬਾਬਾ ਦੀਪ ਸਿੰਘ ਜੀ ਦੀ ਦੇਹ ਦਾ ਅੰਤਮ-ਸੰਸਕਾਰ ਗੁਰਦੁਆਰਾ ਰਾਮਸਰ ਦੇ ਪੂਰਬ ਵੱਲ ਚਾਟੀਵਿੰਡ ਦੇ ਦਰਵਾਜ਼ੇ ਦੇ ਬਾਹਰ ਕੀਤਾ ਗਿਆ, ਜਿਥੇ ਅੱਜ-ਕਲ੍ਹ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਹੈ। ਪਰਕਰਮਾ ਜਿਥੇ ਬਾਬਾ ਦੀਪ ਸਿੰਘ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਬਾਬਾ ਦੀਪ ਸਿੰਘ ਦਾ ਖੰਡਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਸਤਰਾਂ ਵਿਚ ਸਾਂਭਿਆ ਪਿਆ ਹੈ। ਬਾਬਾ ਦੀਪ ਸਿੰਘ ਤੋਂ ਪਿਛੋਂ ਸ਼ਹੀਦਾਂ ਦੀ ਮਿਸਲ ਦਾ ਜਥੇਦਾਰ ਕਰਮ ਸਿੰਘ ਨੂੰ ਥਾਪਿਆ ਗਿਆ।

## ਰਤਵਾੜਾ ਸਾਹਿਬ ਵਿਖੇ ਮਿਤੀ 30-31 ਅਕਤੂਬਰ, 1-2 ਨਵੰਬਰ 2024 ਨੂੰ ਹੋ ਰਹੇ ਸਮਾਗਮ ਦੌਰਾਨ ਸਵਾਰੀਆਂ ਲਈ ਵੱਖ-ਵੱਖ ਇਲਾਕਿਆਂ ਦੇ ਜਿੰਮੇਵਾਰ ਪ੍ਰੇਮੀਆਂ ਦੇ ਨਾਮ ਅਤੇ ਸੰਪਰਕ ਨੰਬਰ

1. **ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) -** ਮਹਾਂਪੁਰਸ਼ਾਂ ਦੇ ਨਿਵਾਸ ਅਸਥਾਨ, ਕੋਠੀ ਨੰ: 781, ਫੇਸ 3 ਬੀ 1 ਤੋਂ ਜ਼ਿੰਮੇਵਾਰ - ਭਾਈ ਜਰਨੈਲ ਸਿੰਘ - 89687-22855
2. **ਬਡ ਮਾਜਰਾ-ਬਲੌਂਗੀ -** ਬੀਬੀ ਸੁਰਿੰਦਰ ਕੌਰ, 80549-05097
3. **ਗੁਰਦੁਆਰਾ ਸਿੰਘ ਸ਼ਹੀਦਾਂ ਸਾਹਿਬ (ਸੋਹਾਣਾ) ਮੋਹਾਲੀ -**
   ਭਾਈ ਗੁਰਜੀਤ ਸਿੰਘ - 97779-40244
4. **ਸੂੰਕ/ਪੜਛ -** ਭਾਈ ਮਲਕੀਤ ਸਿੰਘ - 97819-67375,
   ਭਾਈ ਹਰਜਿੰਦਰ ਸਿੰਘ ਸਰਪੰਚ - 99140-89100
5. **ਤੋਗਾਂ/ਧਨਾਸ -** ਭਾਈ ਸੁਖਵਿੰਦਰ ਸਿੰਘ, ਤੋਗਾਂ - 99151-47405
6. **ਖਰੜ -** ਬੀਬੀ ਬਲਜਿੰਦਰ ਕੌਰ - 99155-82146
7. **ਚਮਕੌਰ ਸਾਹਿਬ -** ਭਾਈ ਮਨਜੀਤ ਸਿੰਘ - 7810000048
8. **ਜ਼ੀਰਕਪੁਰ/ਪੰਚਕੁਲਾ -** ਭਾਈ ਗੁਰਦੇਵ ਸਿੰਘ ਜ਼ੀਰਕਪੁਰ - 98555-25214,
   ਭਾਈ ਬਲਵੀਰ ਸਿੰਘ ਢਕੌਲੀ - 97818-08825
9. **ਡੇਰਾਬਸੀ -** ਭਾਈ ਜਸਵਿੰਦਰ ਸਿੰਘ, ਮਹਿਮਦਪੁਰ - 99148-11681,
   ਭਾਈ ਰਣਜੀਤ ਸਿੰਘ ਮਹਿਮਦਪੁਰ - 97816-32909
10. **ਰਾਜਪੁਰਾ -** ਭਾਈ ਸੁਰਿੰਦਰ ਸਿੰਘ - 9211000054, ਭਾਈ ਭਰਪੂਰ ਸਿੰਘ - 94633-27041
